ਅਣਖੀ ਮਸਤਾਨੇ

ਸ਼ਹੀਦੀ ਸਾਕਾ

ਮਲੇਰ ਕੋਟਲਾ

ਸੰਤ ਬਿਸ਼ਨ ਸਿੰਘ ਹਿਸਟੋਰੀਅਨ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਭੇਟਾ ਰਾਸ਼ੀ -

ਆਦਰਸ਼ੀ ਸਮਤਾਵੇ

ਨ੍ਰਿਰੰਕਾਰੀ ਸਾਕਾ - ਸੰਤ ਕੇਸਰ

(ਸੰਤ ਬਿਸ਼ਨ ਸਿੰਘ ਨਿਰੰਕਾਰੀਆਂ

ਮਿ: ੨੦ ਵੀ ਸਦੀ

ਯਾਦ

ਇਹ ਅਣਖੀ ਮਸਤਾਨੇ
ਮਾਤਾ ਆਸ ਕੌਰ ਤੇ ਪਿਤਾ
ਗਿਆਨੀ ਕਾਹਲਾ ਸਿੰਘ ਜੀ ਸੁਰਗਵਾਸੀਆਂ ਨੂੰ
ਜਿਨ੍ਹਾਂ ਦੇ ਦੁਧ ਤੇ ਖ਼ੂਨ ਸਦਕਾ
ਮੇਰੇ ਅੰਦਰ
ਸ਼ਹੀਦਾਂ ਦੀ ਗਾਥਾ
ਨੇ
ਜਨਮ ਲੀਤਾ।

ਬਿ: ੨੦੨੯ ਮਾਘ

ਸੰਖਿਆ ੧੦੦੦

[illegible] ਰੁਪਏ

[illegible] ਪ੍ਰੀਤਮ ਸਿੰਘ 'ਗੰਭੀਰ'
[illegible] ਚੌਕ ਬਾਬਾ ਭੌੜੀ ਵਾਲਾ,
ਅੰਮ੍ਰਿਤਸਰ।

੧ ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਚਲੀ ਕੋਟਲੇ ਗਲ ਮਸਤਾਨਿਆਂ ਦੀ,
ਮਨ ਨੂੰ ਮਾਰ ਕੇ ਜਿਹੜੇ ਮੁਰੀਦ ਹੋ ਗਏ।
ਸੂਰਜ ਬਣ ਕੇ ਚੜ੍ਹੇ ਆਕਾਸ਼ ਉਤੇ,
ਪਰ-ਉਪਕਾਰ ਦੇ ਖਾਤਰ ਸ਼ਹੀਦ ਹੋ ਗਏ।

ਅਣਖੀ ਮਸਤਾਨੇ

ਭਾਵ

ਸ਼ਹੀਦੀ ਸਾਕਾ ਮਲੇਰ ਕੋਟਲਾ

ਅੰਗਰੇਜ ਰਾਜ ਦੇ ਜਬਰ ਅਗੇ ਨਾ ਨਿਵਣ ਵਾਲੇ, ਤੋਪਾਂ [illegible] ਦੇ ਸਾਹਮਣੇ ਹਸ ੨ ਕੇ ਸ਼ਹੀਦੀਆਂ ਪ੍ਰਾਪਤ ਕਰਨ ਵਾਲਿਆਂ ਜੋਧਿਆਂ ਬੀਰਾਂ ਦੀ ਗਾਥਾ ਜੋ ਕਿ ਮਹਾਨ ਨਾਮਧਾਰੀ ਹਿਸਟੋਰੀਅਨ, ਸੰਤ ਬਿਸ਼ਨ ਸਿੰਘ ਜੀ ਨੇ ਬੜੀ ਦਰਦ ਭਰੀ ਤੇ ਬੀਰ ਰਸ [illegible] ਪ੍ਰਦਾਨ ਕੀਤੀ ਹੈ, ਜਿਸ ਨਾਲ ਉਤਸ਼ਾਹ ਤੇ ਉਪਕਾਰ ਦੀ [illegible] ਜਾਹਿਰ ਰਹੇਗੀ।

★

ਪ੍ਰਕਾਸ਼ਕ —

ਵੈਦ ਰਾਜ ਗਿਆਨੀ ਬੂਟਾ [illegible]

ਪਿੰਡ ਦਮਦਮਾ, ਜਿਲ੍ਹਾ ਹਿਸਾਰ [illegible]

ਲੇਖਕ ਨੂੰ ਉਤਸ਼ਾਹਿਤ ਕਰਨ ਵਾਲੇ



ਸਵਰਗਵਾਸੀ ਸੰਤ ਇੰਦਰ ਸਿੰਘ ਚਕਰਵਰਤੀ ਕੋਹਿਨੂਰ ਹੀਰੇ ਨੇ ਲੇਖਕ ਨੂੰ ਨੂੰ ੧੯੯੫ ਬਿਕਰਮ ਨੂੰ ਕੋਟਲੇ ਵਿਚ ਹੋਏ ਸਿੰਘਾਂ ਸ਼ਹੀਦਾਂ ਦੇ ਜਜ਼ਬਾਤਾਂ ਅਤੇ ਮਾਤਾ, ਪਿਤਾ, ਗੋਤ, ਉਮਰ; ਸ਼ਹੀਦੀ ਪਾਉਣ ਵੇਲੇ ਦੇ ਹਾਲਾਤ ਲਿਖਣ ਵਾਸਤੇ ਹਰ ਪਿੰਡ ਦੇ ਸ਼ਹੀਦ ਦੀ ਜਨਮ ਭੂਮੀ ਦੇ ਪਿੰਡਾਂ ਵਿਚ ਭੇਜਿਆ ਸੀ।

ਲੇਖਕ– ਰਬੋਂ ਅਤੇ ਮਲੌਦ ਦਾ ਕਿਲ੍ਹਾ ਤੇ ਮਲੇਰ ਕੋਟਲੇ ਬੂਚੜਾਂ ਦੇ ਕਤਲ ਕਰੋਨ ਵਾਲਿਆਂ ਦਾ ਕੂਚ ਬਜ਼ਾਰ ਤੇ ਕਤਵਾਲੀ ਵੇਖਕੇ ਬਰਸਾਤੀ ਨਦੀ ਦਾ ਥਲ ਜਿਥੇ ਅਜ ਕਲ ਮੋਤੀ ਬਜਾਰ ਹੈ ਮੁਸਲਮਾਨ ਤੇ ਹਿੰਦੂ ਜਨਤਾ ਪਠਾਣੀ ਫੌਜਾਂ ਦਾ ਸਿੰਘਾਂ ਦੇ ਨਾਲ ਆਹਮੋ ਸਾਹਮਣੇ ਜੰਗ ਵਾਲੀ ਥਾਂ ਤਕੀ। ਜਮਾਲ ਪੁਰ ਪਿੰਡ ਦੇ ਮੌਲਵੀ ਮਖਣ ਖਾਂ ਤੋਂ ਅੱਖੀਂ ਡਿਠੇ ਸ਼ਹੀਦਾਂ ਸਿੰਘਾਂ ਦਾ ਹਾਲ ਪ੍ਰਾਪਤ ਕੀਤਾ। ਨਥੂ ਖਾਂ ਕੰਬੋ ਕੋਟਲੇ ਦੇ ਕਚੇ ਕੋਟ ਵਿਚ ਜਾ ਮਿਲਿਆ ਉਹ ਉਹ ਉਸ ਵੇਲੇ ੨੪ ਸਾਲ ਦਾ ਸੀ ਉਸਨੇ ਦੋਏ ਦਿਨ ਸਿੰਘ ਸ਼ਹੀਦ ਹੁੰਦੇ ਡਿਠੇ ਜੋ ਆਪੇ ਆਪ ਹੀ ਤੋਪਾਂ ਸਾਹਮਣੇ ਖੜਕੇ ਨਾਹਰੇ ਮਾਰਦੇ ਸਨ।

ਦੌਲਤ ਖਾਂ ਠਾਣੇਦਾਰ ਕੋਟਲੇ ਮਲੇਰ ਦਾ ਜੋ ਉਸ ਸਮੇਂ ਡਿਉਟੀ ਤੇ ਸੀ ਉਸਨੇ ਬਹੁਤ ਸਾਰੇ ਸ਼ਹੀਦਾਂ ਦੇ ਚਮਤਕਾਰ ਸੁਣਾਏ। ਦਾਸ ਨੇ ਸਾਰੇ ਨੋਟ ਕਰ ਲਏ ਭੂਦਨ ਦਾ ਥੇਹ ਕੋਟਲੇ ਤੋਂ ਸਤ ਮੀਲ ਹੈ ਜਿਥੇ [illegible] ਸਿੰਘ ਦੇ ਹਥੋਂ ਫੌਜੀ ਅਫਸਰ ਦੀ ਮੌਤ ਹੋਈ ਲੇਖਕ ਨੇ ਕੂਕਿਆਂ ਦੇ [illegible] ਦੌੜ ਆਈ ਮਸਤੂਆਣਾ ਦਲ ਰਤ ਪਿੰਡ ਦੇ

ਖੂਹ ਤੇ ਜਾ ਡੇਰਾ ਕੀਤਾ ਉਸ ਥਾਂ ਨੂੰ ਤਕਕੇ ਸੇਨ ਮੁਨਸ਼ੀ ਰਾਮ ਦੇ ਅੱਖੀਂ ਡਿਠੇ ਹਾਲ ਬੜੇ ਦਰਦ ਭਰੇ ਸੁਣ ਸੁਣੇ। ਉਸ ਦੀ ਵਹੀ ਦੇ ਪੰਨਿਆਂ ਤੋਂ ਸ਼ਹੀਦਾਂ ਦੇ ਸਬੰਧਤ ਲਿਖੇ ਗਏ ਹਾਲਾਤ ਪ੍ਰਾਪਤ ਕੀਤੇ ਫਰਵਾਹੀ ਨਗਰ ਭਾਈ ਗੁਰਮੁਖ ਸਿੰਘ ਨੰਬਰਦਾਰ ਦਾ ਘਰ ਤਕਿਆ ਜਿਸਨੂੰ ਰਿਆਸਤੀ ਅਹਿਲਕਾਰਾਂ ਨੇ ਢਾਹਕੇ ਸਾਫ ਕੀਤਾ ਸੀ। ਅਤੇ ਸ਼ੇਰ ਪੁਰ ਦੇ ਕਿਲੇ ਵਿਚ ਜਾਕੇ ਉਥੋਂ ਦੇ ਬਜ਼ੁਰਗਾਂ ਤੋਂ ਮਸਤਾਨਿਆਂ ਦੇ ਮਤਲਕ ਹਾਲ ਕੁਝ ਪ੍ਰਾਪਤ ਹੋਏ ਇਥੋਂ ਹੀ ਸਿੰਘ ਗਡਿਆਂ ਤੇ ਚਾੜਕੇ ਮਲੇਰ ਕੋਟਲੇ ਦੇ ਕਲਰ ਵਿਚ ਲਿਆਂਦੇ ਗਏ ਸਨ।

ਦੂਸਰੀ ਯਾਤਰਾ

ਮੈਂ ਆਪਣੇ ਮਿਤ੍ਰ ਗਿਆਨੀ ਕਾਹਲਾ ਸਿੰਘ ਜੀ ਦੀ ਲਿਖਤਾਂ ਨੂੰ ਵਾਚਿਆ ਸੰਤ ਨਿਧਾਨ ਸਿੰਘ ਜੀ ਆਲਮ ਦਾ ਜੁਗ ਪਲਟਾਊ ਸਤਿਗੁਰੂ ਪੜਿਆ। ਸਰਦਾਰ ਨਾਹਰ ਸਿੰਘ ਜੀ ਦਾ ਪ੍ਰਕਾਸ਼ਕ ਨਾਮਧਾਰੀ ਇਤਿਹਾਸ ਵਿਚਾਰਿਆ ਸੰਤ ਇੰਦਰ ਸਿੰਘ ਜੀ ਦੇ ਲੇਖ ਦੇ ਬਸੰਤ ਅੰਕ ਮਾਲਵਿੰਦਰ ਦੀ ਹੋਂਦ ਤਕਕੇ ਅਣਖੀ ਮਸਤਾਨੇ ਦੀ ਕਥਾ ਲਿਖਣ ਦੀ ਵਿਉਂਤ ਆਰੰਭ ਹੋ ਗਈ।

ਪਹਿਲੇ ਪਹਿਲ

ਅਜਾਦੀ ਦੀ ਲਹਿਰ ਵਿਚ ਨਾਮਧਾਰੀ ਜੋਧਿਆਂ ਦਾ ਇਤਿਹਾਸ ਪ੍ਰਕਾਸ਼ਤ ਕਰਾਉਨ ਵਾਲੇ ਸੇਠ ਤਰਲੋਕ ਸਿੰਘ ਜੀ ਨਾਮਧਾਰੀ ਪੰਥ ਦੇ ਮਹਾਂਦਾਨੀ ਦੇ ਸਹਿਯੋਗ ਦੇਣ ਤੇ ਸਾਕਾ ਅੰਮ੍ਰਿਤਸਰ ਤੇ ਕੂਕਾ ਸਿੰਘ ਅੰਗਰੇਜ ਰਾਜ ਪੰਥ ਦੇ ਸਾਹਮਣੇ ਆ ਗਏ ਬਾਗੀ ਕੂਕਾ ਪ੍ਰਕਾਸ਼ਤ ਕਰਨ ਵਾਸਤੇ ਭਾਈ ਭਗਤ ਸਿੰਘ ਜੀ ਤੇ ਭਾਈ ਝਲਵੰਤ ਸਿੰਘ ਜੀ ਬਰਮਿੰਗਮ ਨੇ ਸਹਾਇਤਾ ਕੀਤੀ। ਇਨਕਲਾਬੀ ਕੂਕਾ ਪ੍ਰਕਾਸ਼ਤ ਕਰਾਉਣ ਵਾਲੇ ਪੰਡਤ ਮੁਨਸ਼ਾ ਸਿੰਘ ਜੀ ਕੌਮੀ ਸੇਵਾ ਭੇਟੀ ਸਾਹਿਬ ਨੇ ਸਹਿਯੋਗ ਦਿਤਾ।

ਸਾਕਾ ਰਾਇ ਕੋਟ ਦਾ ਛਾਪਣ ਵਾਸਤੇ [illegible]

ਦਮਦਮਾ ਨੇ ਸਹਾਇਤਾ ਕੀਤੀ। ਮਲੇਰ ਕੋਟਲੇ ਦਾ ਸ਼ਹੀਦੀ ਸਾਕਾ ਛਪਾਉਣ ਵਾਸਤੇ ਸੰਤ ਸੋਹਣ ਸਿੰਘ ਜੀ ਗੋਬਿੰਦਪੁਰੀ ਜੋ ਅਜਕਲ ਫਲੌਰ ਮਿਲ ਦੇ ਮਾਲਕ ਨੇ ਉਹਨਾਂ ਨੇ ਇਕ ਮਹਾਂਦਾਨੀ ਸਿਖ ਦਾ ਦਰਸ਼ਨ ਕਰਵਾਇਆ। ਇਹ ਹਨ ਭਾਈ ਗੁਰਮੁਖ ਸਿੰਘ ਜੀ ਅਕਾਲੀ ਐਂਡ ਸਨਜ ਲੁਧਿਆਣਾ ਵਰਕਸ਼ਾਪ ਬੜੇ ਖੁਲੇ ਦਿਲ ਨਾਲ ਇਸ ਨੂੰ ਪ੍ਰਕਾਸ਼ਤ ਕਰਨ ਵਾਸਤੇ ਮਾਇਆ ਦਿਤੀ।

੧, ਸੰਤ ਪ੍ਰੀਤਮ ਸਿੰਘ ਜੀ ਫਲੇੜਾ।

੨. ਸੰਤ ਤਾਰਾ ਸਿੰਘ ਜੀ ਟਿਬੀ ਜ਼ਿਲਾ ਗੰਗਾ ਨਗਰ।

੩. ਸਰਦਾਰ ਚਤਰ ਸਿੰਘ ਜੰਗ ਸਿੰਘ ਜੀ ਤਲਵਾੜਾ ਖੁਰਦ ਜ਼ਿਲਾ ਹਿਸਾਰ।

੪. ਸਰਦਾਰ ਪ੍ਰਤਾਪ ਸਿੰਘ ਜੀ ਮਹਿਰਾਜ।

੫. ਸ: ਤਾਰਾ ਸਿੰਘ ਜੀ ਲੋਹੀਆਂ ਵਾਲੇ ਜਿਲਾ ਅੰਮ੍ਰਿਤਸਰ ਜੋ ਕਿ ਢਾਣੀ ਤਾਰਾ ਸਿੰਘ ਟਿੱਬੀ [illegible] ਹੋਏ।

੬. ਸੰਤ ਇੰਦਰ ਜੀ ਮਮਤਾਨਾ ਚੱਕ ਪਿੰਡ ਰਿਆਸਤ ਕੋਟਲਾ ਸ: ਗੁਰਬਚਨ ਸਿੰਘ ਜੀ ਮਹਿਰਾਣਾ ਅੜਵੰਗੀ ਪ੍ਰਵਾਰ ਜ਼ਿ[illegible]ਅੰਮ੍ਰਿਤ-ਸਰ [illegible] ਨੇ ਸਹਿਯੋਗ ਦਿਤਾ। ਅਮਰ ਸ਼ਹੀਦਾਂ ਦਾ ਯਾਦਗਾਰ ਪ੍ਰਚਾਰਨ ਦੇ ਦਾਸ ਧੰਨਵਾਦੀ ਹੈ।

ਸੰਤ ਬਿਸ਼ਨ ਸਿੰਘ ਹਿਸਟੋਰੀਅਨ ੨੦੨੯ ਮਾਘ ੧

ਲੇਖਕ ਵਲੋਂ ਕੁਝ ਅੱਖਰ

੧੯੫੭ ਦੀ ਅਜਾਦੀ ਜੰਗ ਦੀ ਅਸਫਲਤਾ ਤੋਂ ਬਾਅਦ ਭਾਰਤ ਉਤੇ ਅੰਗਰੇਜ਼ ਰਾਜ ਹੋ ਗਿਆ ਪਟਿਆਲਾ ਰਾਜਾ ਨੇ ਪੰਜਾਬ ਦੇ ਸਿਖ ਰਾਜ ਦਾ ਸੋਹਿਲਾ ਪੜ੍ਹ ਦਿਤਾ ਅੰਗਰੇਜ਼ ਦੀ ਮਦਦ ਕਰ ਕੇ ਪੰਜਾਬ ਦੇ ਉਤੇ ਵੀ ਫਰੰਗੀਆਂ ਦਾ ਕਬਜਾ ਕਰਾ ਦਿਤਾ। ਜਦ ਕਿ ਛੱਤੀ ਰਿਆਸਤਾਂ ਉਤੋ ਅੰਗਰੇਜੀ ਝੰਡੇ ਲਹਿਰਾਏ ਗਏ ਸਿਖ ਰਾਜ ਦੇ ਵੈਰੀ [illegible] ਸਿਖ ਦਰਬਾਰ ਦੇ ਹਾਮੀਆਂ ਤੇ ਰਜ ਰਜ ' ਪਕ ਨੇ ਕੁਕਿ [illegible]

ਕੇ ਜੁਲਮ ਕਰਵਾਏ ਦੇਸ਼ ਗਦਾਰ ਸਿਖ ਸਰਦਾਰ ਜਗੀਰਦਾਰ ਅੁਤੇ ਨਵਾਬ, ਗੁਰਧਾਮਾਂ ਤੇ ਤਖਤਾਂ ਦੇ ਮਾਲਕ, ਗੱਦੀਦਾਰ ਡੇਰਿਆਂ ਦੇ ਮਹੰਤ ਅਕਾਲ ਤਖਤ ਅੰਮ੍ਰਿਤਸਰ, ਅਨੰਦਪੁਰ, ਮੁਕਤਸਰ ਦਮਦਮਾ ਨਿਹੰਗ ਤੇ ਸਿਖ ਪੁਜਾਰੀ ਦੋ ਵੇਲੇ ਤਖਤਾਂ ਉਤੇ ਅੰਗਰੇਜ਼ ਰਾਜ ਦੇ ਸਹੀ ਸਲਾਮਤ ਸੋਹਿਲੇ ਗਾਉਣ ਤੇ ਅਰਦਾਸੇ ਕਰਨ ਕਰਨ ਲਗ ਪਏ। ਪੰਡਤਾਂ ਨੇ ਨਵੇਂ ਸਲੋਕਾਂ ਨਾਲ ਕਥਾ ਦਾ ਨਿਆਰਾ ਢੰਗ ਕਢਿਆ ਮਲਕਾਂ ਤੇ ਅੰਗਰੇਜ ਨੂੰ ਮਾਤਾ ਸੀਤਾ ਦੇ ਬਰਦਾਨੀ ਦਸਿਆ ਮੁਸਲਮਾਨ, ਮੌਲਵੀ ਕੁਰਾਨ ਸ਼ਰੀਫ ਦੇ ਹਾਫਜ,ਹਦੀਸਾਂ ਦੇ ਮਿਹਨਿਆਂ ਨਾਲ ਅੰਗਰੇਜਾਂ ਨੂੰ ਖੁਦਾ ਦਾ ਖਲੀਫਾ ਤਸੱਵਰ ਕੀਤਾ ਭਾਈ ਕਰਤਾਰ ਸਿੰਘ ਜੀ ਹੈਡ ਗਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਲਿਖਦੇ ਹਨ ਕਿ

"ਭਾਰਤ ਵਰਸ਼ ਦੇ ਵਿਚ ਕਰਤਾਰ ਸਿੰਘ,
ਬਣਿਆ ਰਹੇ ਅੰਗਰੇਜ ਦਾ ਸਦਾ ਛਾਇਆ।"

ਆਮ ਸਿੰਘ ਸਭਾ ਦੇ ਗੁਰਦਵਾਰਿਆਂ ਵਿਚ ਇਸ ਸਤ੍ਰ ਪ੍ਰਸਿਧ ਸੀ ਕਿ— ਦਿਨ ਦਿਨ ਰਾਜ ਸਵਾਇਆ ਟੋਪੀ ਵਾਲੇ ਦਾ। ਗੁਲਾਮ ਹੋਇਆ ਹੋਇਆ ਅੰਗਰੇਜਾਂ ਦੇ ਸੋਹਿਲੇ ਗਾਉਣ ਲਗ ਪਿਆ, ਅਣਖੀ ਸਿਖ ਅੰਗਰੇਜ ਦੇ ਜੀ ਹਜੂਰ ਬਣ ਗਏ ਸਿਖ ਧਰਮ ਦੀ ਥਿਊਰੀ ਨਿਰਭੈ ਵਾਲੀ ਬਦਲ ਕੇ ਗੁਲਾਮੀ ਕਬੂਲ ਕਰ ਲਈ। ਹਿੰਦ ਲਾਟ ਅੰਗਰੇਜ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਚਾਰੂ ਚੰਨ ਲੌਣ ਲਈ ਗੁਰੂ ਰਾਮਦਾਸ ਦੀ ਪਵਿਤਰ ਨਗਰੀ ਅੰਮ੍ਰਿਤਸਰ ਵਿਚ ਗਊਆਂ ਦੇ ਕਤਲ ਕਰਨ ਵਾਸਤੇ ਬੁਚੜ ਖਾਨਾ ਕਰ ਦਿਤਾ। ਤੁਰਕ ਬੁਚੜ ਗਊ ਦਾ ਮਾਸ ਟੋਕਰਿਆਂ ਵਿਚ ਪਾ ਕੇ ਬਜ਼ਾਰਾਂ ਅਤੇ ਗਲੀਆਂ ਵਿਚ ਵੇਚਣ ਲਗੇ। ਅੰਮ੍ਰਿਤਸਰ ਸਰੋਵਰ ਪਾਸ ਗਊ ਮਾਸ ਵੇਚਣ ਦੀਆਂ ਦੁਕਾਨਾਂ ਦੇ ਲਾਇਸੰਸ ਦੇ ਦਿਤੇ। ਦਰਬਾਰ ਸਾਹਿਬ ਦੀ ਤੇ ਸਰੋਵਰ ਦੀ ਬੇਅਦਬੀ ਨੂੰ ਵੇਖ ਕੇ ਅਣਖੀ ਨਾਮਧਾਰੀ ਸਿੰਘਾਂ ਨੇ ਅੰਗਰੇਜਾਂ ਦਾ ਕਾਨੂੰਨ ਖਤਮ ਕਰਨ ਲਈ ਬੁਚੜ ਮਾਰ ਦਿਤੇ। ਹਰ ਅੰਗਰੇਜ ਅਫਸਰਾਂ ਦੀ ਤਫਤੀਸ਼ ਨੇ ੧੨ ਦੋਸ਼ੀ ਸ਼ਹਿਰ ਦੇ [illegible]

ਫਾਂਸੀ ਦੀ ਸਜ਼ਾ ਸੁਣਾ ਦਿਤੀ। ਕੂਕੇ ਸਿੰਘਾਂ ਨੇ ਇਨ੍ਹਾਂ ਨੂੰ ਇਹ ਨਿਰਦੋਸ਼ ਬੰਦੇ ਛੁਡਾ ਕੇ ਆਪਣੇ ਕਤਲ ਦਾ ਸਬੂਤ ਦਿੰਦੇ ਰਾਮ ਬਾਗ ਫਾਂਸੀ ਤੇ ਚੜ੍ਹ ਗਏ। ਅੰਗਰੇਜ਼ਾਂ ਦੇ ਕਾਨੂੰਨ ਤੋੜਨ ਵਾਸਤੇ ਰਾਇ ਕੋਟ ਦੇ ਗਊ ਕਾਤਲ ਭੀ ਕੂਕਿਆਂ ਨੇ ਪਾਰ ਕਰ ਦਿਤੇ। ਮੁਕਬਰ ਤੇ ਦੇਸ਼ ਗਦਾਰਾਂ ਦੀ ਸਾਜਿਸ਼ ਨਾਲ ਪਿਥੋ ਦੇ ਤਿੰਨ ਸਿੰਘ ਰਾਇ ਕੋਟ ਅੰਦਰ ਫਾਂਸੀ ਚਾੜ੍ਹ ਦਿਤੇ। ਬਾਬਾ ਸੂਬਾ ਗਿਆਨੀ ਸਿੰਘ ਜੀ ਤੇ ਸਰਦਾਰ ਰਤਨ ਸਿੰਘ ਜੀ ਦੋਵੇਂ ਨਿਰਦੋਸ਼ ਸਨ। ਰਾਇ ਕੋਟ ਦੇ ਕਤਲ ਵਿਚ ਉਹਨਾਂ ਦਾ ਭਾਵੇਂ ਕੋਈ ਹਥ ਨਹੀਂ ਸੀ ਪਰ ਉਹਨਾਂ ਦੋਹਾਂ ਨਿਰਦੋਸ਼ਾਂ ਨੂੰ ਲੁਧਿਆਣੇ ਜੇਹਲ ਦੇ ਮੂਹਰੇ ਫਾਂਸੀ ਲਾ ਦਿਤਾ। ਪੰਥ ਵਿਚ ਦੇਸ਼ ਆਜ਼ਾਦੀ ਦੀ ਲਹਿਰ ਜ਼ੋਰਾਂ ਤੇ ਹੋ ਗਈ। ਅੰਗਰੇਜ਼ਾਂ ਨੇ ਨਾਮਧਾਰੀ ਪੰਥ ਤੇ ਬੜੀ ਕਰੜੀ ਨਿਗਰਾਨੀ ਕੀਤੀ। ਸਰਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਜੀ ਸਕਰੌਦੀ ਦੇ ਸਰਦਾਰਾਂ ਨੇ ਦੇਸ਼ ਨੂੰ ਆਜਾਦ ਕਰਨ ਦੇ ਪ੍ਰਣ ਲੈ ਕੇ ਦੇਸ਼ ਆਜ਼ਾਦੀ ਦਾ ਝੰਡਾ ਖੜਾ ਕਰ ਦਿਤਾ। ਗੁਲਾਮ ਭਾਰਤੀਆਂ ਵਿਚ ਅਣਖ ਦਾ ਜਾਗ ਲਾ ਦਿਤਾ। ਮਸਤਾਨਾ ਦਲ ਰਿਆਸਤ ਕੋਟਲੇ ਦੇ ਬੁਚੜ ਤੇ ਜਰਵਾਣੇ ਅਫਸਰਾਂ ਦੀ ਸੁਧਾਈ ਕਰਕੇ ਰਿਆਸਤ ਤੋਂ ਹਥਿਆਰ ਪਾਕੇ ਅੰਗਰੇਜ਼ਾਂ ਨੂੰ ਭਾਰਤ ਤੋਂ ਕੱਢਣ ਦਾ ਮੰਤਵ ਸੀ। ਕੋਟਲੇ ਗਏ ਸਿੰਘਾਂ ਦੀ ਵਿਉਂਤ ਬਣੀ ਬਣਾਈ ਗਵਾਚ ਗਈ। ਦੇਸ਼ ਗਦਾਰਾਂ ਦੀਆਂ ਮੰਦਦਾਂ ਪਾ ਕੇ ਅੰਗਰੇਜ਼ਾਂ ਨੇ ਮਸਤਾਨਾ ਦਲ ਮਲੇਰ ਕੋਟਲੇ ਦੇ ਕੱਲਰ ਵਿਚ ਲਿਆ ਕੇ ਬਿਨਾਂ ਬਿਆਨਾਂ ਤੇ ਸੱਤਾਂ ਤੋਪਾਂ ਨਾਲ ਉਡਾ ਦਿਤਾ। ਉਸ ਵੇਲੇ ਦੇ ਸਿਖ ਨਿਹੰਗ ਗੁਰਧਾਮਾਂ ਦੇ ਪੁਜਾਰੀ ਸਰਦਾਰ, ਜਾਗੀਰਦਾਰ, ਰਾਜੇ ਮਹਾਰਾਜੇ, ਸੋਢੀ, ਬੇਦੀ ਸਿਖਾਂ ਨੇ ਅੰਗਰੇਜ਼ਾਂ ਦਾ ਸਾਥ ਦਿਤਾ। ਸਗੋਂ ਹਿੰਦ ਲਾਟ ਪੰਜਾਬ ਨੂੰ ਵਧਾਈ ਪੱਤਰ ਅਕਾਲ ਤਖਤ ਅੰਮ੍ਰਿਤਸਰ ਤੋਂ ਭੇਜਿਆ।

੧੯੭੨ ਦਾ ਅਡਰੈਸ ਲਿਖਦੇ ਨੇ "ਕੂਕੇ ਹਮਾਰੇ ਦੁਸ਼ਮਨ ਹੈਂ।" ਜਨ ਕੂਰ ਨੇ ਤੋਪਾਂ ਅਗੇ ਉਡਾ ਕੇ ਇਨ੍ਹਾਂ ਨੂੰ ਠੀਕ ੨ ਸਜਾ

ਨਹੀਂ ਦਿਤੀ ਬਲਕਿ ਸਾਡੇ ਸਿਰ ਤੇ ਅਹਿਸਾਨ ਕੀਤਾ ਹੈ, ਕਿਉਂਕਿ ਕੂਕਿਆਂ ਨੇ ਸਰਕਾਰ ਦਰਬਾਰ ਵਿਚ ਸਾਡੀ ਇੱਜ਼ਤ ਨੂੰ ਵੱਟਾ ਲਾਇਆ ਹੈ। ਸਾਡੀ ਦਿਲੀ ਮੁਰਾਦ ਪੂਰੀ ਹੋਈ ਹੈ।

ਦਸਤਖਤ—ਸ: ਭਗਵਾਨ ਸਿੰਘ ਸੰਧਾਵਾਲੀਆ
ਸ: ਬਖਸ਼ੀਸ਼ ਸਿੰਘ ਸੰਧਾਵਾਲੀਆ
ਸ: ਭਗਵਾਨ ਸਿੰਘ ਮਜੀਠਾ
ਸ: ਮੰਗਲ ਸਿੰਘ ਰਾਮਗੜ੍ਹੀਆ
ਸ: ਅਜੀਤ ਸਿੰਘ ਅਟਾਰੀ

ਇਕ ਹੋਰ ਚਿਠੀ

੧੯੭੧ ਈ: ੨੨ ਅਪਰੈਲ ਅਕਾਲ ਤਖਤ ਵਲੋਂ ਲਾਟ ਹਿੰਦ ਪਾਸ ਯਕਦਿਲੀ ਮੇਂ ਗੁਜ਼ਾਰਸ਼ ਕਰਤੇ ਹੈ ਜਿਹ ਜੋ ਕੂਕਾ ਚੰਦ ਅਰਸ਼ੋਂ ਮੇਂ ਮਸ਼ਹੂਰ ਹੈ ਹਮੇਂ ਔਰ ਉਨਹੋਂ ਸੇ ਕਿਸੀ ਕਿਸਮ ਕਾ ਤਲੋਕ ਨਹੀਂ ਹਾਲ ਮੇਂ ਇੰਤਜਾਮ ਇਸ ਫਿਰਕੇ ਕਾ ਕਿਆ ਸਰਕਾਰ ਤਰਫ ਸੇ ਹੂਆ ਨਿਹੈਤ ਮੁਨਾਸਬ ਹੈ ਔਰ ਮਜਬੂਤ ਹੈ ਔਰ ਖੁਸ਼ਹਾਲ ਹੈ, ਖੁਸ਼ੀ ਇਸ ਬਾਤ ਕੀ ਹੈ ਕਿ ਇੰਤਜਾਮ ਆਇੰਦਾ ਕਿਸੀ ਕੀ ਹਰਕਤ ਇਸ ਤਰ੍ਹਾਂ ਪਰ ਹੌਂਸਲਾ ਨਾ ਪਵੇਗਾ ਔਰ ਨਾ ਐਸੇ ਲੋਗੋਂ ਕੀ ਹਰਕਤ ਪੁਰ ਮਿਆਰ ਹੋ ਸਕੇਗਾ।

ਮਹਾਰਾਜਾ ਮਹਿੰਦਰ ਸਿੰਘ ਪਟਿਆਲਾ

੨੯੪੦ ਪੰਨਾ ਜੀਵਨ ਕਥਾ ਤੇ ਲਿਖਦਾ ਹੈ ਕਿ ਗੁਰੂ ਰਾਮ ਸਿੰਘ ਦਾ ਅਸਲੀ ਮੰਤਵ ਔਰ ਮਨਸ਼ਾ ਧਰਮ ਦੇ ਬਹਾਨੇ ਰਾਜ ਕਰਨ ਦੀ ਸੀ ਜੇ ਇਹ ਇਤਨੀ ਸਜਾ ਕੂਕਿਆਂ ਨੂੰ ਨਾ ਦਿਤੀ ਜਾਂਦੀ, ਗੁਰੂ ਰਾਮ ਸਿੰਘ ਤੇ ਉਹਨਾਂ ਦੇ ਸੂਬੇ ਜਿਲਾਵਤਨ ਨਾ ਕੀਤੇ ਜਾਂਦੇ ਤਾਂ ਫਸਾਦ ਦਬਾਏ ਜਾਣ ਦੀ ਆਸ ਨਹੀਂ ਸੀ।

ਪੰਜਾਬ ਰਿਆਸਤਾਂ ਦੇ ਰਾਜੇ ਨਵਾਬ ਪਿੰਡਾਂ ਦੇ ਜੈਲਦਾਰ ਸਿੰਘ ਸਭਾਵਾਂ ਦੇ ਆਗੂ ਮਿਸਟਰ ਕਾਵਨ ਡਿਪਟੀ ਲੁਧਿਆਣੇ

ਫੋਰਸਿਯ ਅੰਬਾਲਾ ਕਮਿਸ਼ਨਰ ਨੂੰ ਵਧਾਈ ਪਤਰ ਲਿਖਦੇ ਹਨ ਜੈਸਾ ਕਿ ਗੁਮਰਾਹ ਕਰਨ ਵਾਲਾ ਫਿਰਕਾ ਕੂਕਿਆਂ ਦੇ ਨੂੰ ਇਹ ਸਜਾ ਨਾ ਦਿਤੀ ਜਾਂਦੀ ਤਾਂ ਉਹਨਾਂ ਦੇ ਇਰਾਦੇ ਪਬਲਿਕ ਤੇ ਕਬਜਾ ਕਰ ਕੇ ਰਾਜ ਕਰਨ ਦੇ ਸੀ ਜੋ ਇਹ ਪੂਰੇ ਨਾ ਹੋ ਸਕੇ। ਇਹ ਬਾਗੀ ਫਿਰਕਾ ਮੁਕ ਚੁਕਾ ਹੈ।

★

ਇਕ ਹੋਰ ਚਿਠੀ

ਬਾਗੀਅਨ ਚਲਣ ਵਾਲੇ ਕੂਕਿਆਂ ਦੀ ਭਗਤੀ ਅਤੇ ਈਸ਼ਵਰ ਪੂਜਾ ਕੇਵਲ ਇਕ ਬਹਾਨਾ ਸੀ। ਹਿੰਦੁਸਤਾਨੀਆਂ ਅਤੇ ਪੰਜਾਬੀਆਂ ਦਾ ਇਹ ਨਿਸਚਾ ਹੈ ਕਿ ਜਦ ਤੋਂ ਇਹ ਫਿਰਕਾ ਪੈਦਾ ਹੋਇਆ ਤਦ ਤੋਂ ਹੀ ਇਸ ਦਾ ਅਸਲ ਮਨੋਰਥ ਦੇਸ਼ ਦੀ ਦੁਨਿਆਵੀ ਬਾਦਸ਼ਾਹੀ ਪ੍ਰਾਪਤ ਕਰਨ ਦਾ ਸੀ। ਇਸ ਦੇ ਮੈਂਬਰ ਬਿਲਕੁਲ ਗੈਰ ਵਫਾਦਾਰ ਸਨ।


ਸਾਡੇ ਸ਼ਿਖ ਭਰਾਵਾਂ ਦੀਆਂ ਲਿਖਤਾਂ ਤੋਂ ਸਬੂਤ ਹੁੰਦਾ ਹੈ ਕਿ ਦੇਸ਼ ਭਗਤ ਆਜ਼ਾਦੀ ਦੇ ਪਹਿਲੇ ਆਗੂਆਂ ਦੀ ਕੁਰਬਾਨੀ ਦੀ ਯਾਦ ਭਾਰਤੀ ਲੇਖਕਾਂ ਅਤੇ ਪੰਜਾਬ ਦੇ ਸਿਖਾਂ ਨੇ ਭੁਲਾ ਦਿਤੀ। ਕਿਸੇ ਵੀ ਇਤਿਹਾਸਕਾਰ ਨੇ ਮਲੇਰ ਕੋਟਲੇ ਦੇ ਖੂਨੀ ਸਾਕੇ ਲਿਖਣ ਦੀ ਦਲੇਰਤਾ ਨਾ ਕੀਤੀ। ਨਾ ਹੀ ਅਜੇ ਤਕ ਮਲੇਰ ਕੋਟਲੇ ਦੇ ਸ਼ਹੀਦਾਂ ਦਾ ਹਾਲ ਜਨਤਾ ਦੇ ਪੇਸ਼ ਕੀਤਾ। ਨਾਮਧਾਰੀ ਸਿੰਘਾਂ ਦੇ ਦਿਲਾਂ ਵਿਚ ਸ਼ਹੀਦਾਂ ਦੀ ਯਾਦ ਬਣੀ ਰਹੀ। ਅੰਗਰੇਜ਼ੀ ਰਾਜ ਵਿਚ ਸਿੰਘਾਂ ਦੀ ਕੁਰਬਾਨੀ ਲਿਖਨ ਵਾਲਾ ਕਾਨੂੰਨ ਦੋਸ਼ੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੨੦੧੬ ਤੇ ੪-੫-੬ ਮਾਘ ਨੂੰ ਮਲੇਰ ਕੋਟਲੇ ਸ਼ਹੀਦਾਂ ਦੀ ਯਾਦ ਵਿਚ ਮਲੇਰ ਕੋਟਲੇ ਵਿਚ ਮੇਲਾ ਕੀਤਾ। ਸਾਰੇ ਭਾਰਤ ਅੰਦਰ ਸ਼ਹੀਦਾਂ ਦੀ ਕੁਰਬਾਨੀ ਦੀ ਗੂੰਜ ਆਉਣ ਲੱਗੀ। ਲੇਖਕ ਨੇ ਕੂਕਿਆਂ ਦਾ ਕਲਰ ਸੰ: ੨੦੧੦ ਵਿਚ ਪ੍ਰਕਾਸ਼ਤ ਕੀਤਾ ਸੀ,

ਪਰ ਪੂਰੀ ਕਥਾ, ਪ੍ਰਕਾਸ਼ਤ ਕਰਨ ਵਿਚ ਕੁਝ ਹੋਰ ਖੋਜ ਦੀ ਲੋੜ ਸੀ। ਅਜ ਦੇ ਜਮਾਨੇ ਦੇਖੋਜੀਆਂ ਦੀ ਕਲਮ ਵਖਰੀ ਹੈ, ਮੇਰੀ ਕੀਤੀ ਖੋਜ ਨੂੰ ਮੁਕੰਮਲ ਕਹਿਣਾ ਠੀਕ ਨਹੀਂ। ਹਰ ਨਵੇਂ ਜ਼ਮਾਨੇ ਵਿਚ ਖੋਜੀ ਤੇ ਲੇਖਕ ਖੋਜਾਂ ਕਰਨਗੇ। ਮੇਰੀਆਂ ਊਨਤਾਈਆਂ ਸ਼ਹੀਦਾਂ ਦੇ ਸਬੰਧਤ ਵਿਚ ਜੋ ਰਹਿ ਗਈਆਂ ਹੋਣ ਸ਼ਹੀਦਾਂ ਦੀ ਜ਼ਾਣਕਾਰੀ ਰਖਣ ਵਾਲਾ ਦਾਸ ਨੂੰ ਲਿਖ ਘਲੇ ਤਾਕਿ ਦੂਸਰੇ ਐਡੀਸ਼ਨ ਵਿਚ ਧੰਨਵਾਦ ਸਹਿਤ ਪ੍ਰਕਾਸ਼ਤ ਕੀਤੀ ਜਾਵੇ।

ਦਾਸ:—ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨਾਮਧਾਰੀ,
ਨੰਗਲ, ਹੁਣ ਸ੍ਰੀ ਜੀਵਨ ਨਗਰ, ਮਾਰਫਤ ਦਮਦਮਾ,
੨੦੨੯ ਮਾਘ ਜਿਲਾ ਹਿਸਾਰ।


★

ਮਸਤਾਨਾ ਇੰਦਰ ਸਿੰਘ




ਸੰਤ ਇੰਦਰ ਸਿੰਘ ਮਸ਼ਤਾਨ੍ਹਾ ਪਿੰਡ ਚੱਕ ਰਿਆਸਤ ਕੋਟਲਾ ਸੂਬਾ ਬਾਬਾ ਕਾਹਨ ਸਿੰਘ ਜੀ ਜਿਲਾਵਤਨ ਦੇ ਪੁਤਰ ਗੁਰਮੁਖ ਸਿੰਘ ਦੇ ਲਾਡਲੇ ਨੇ ਜਿਨ੍ਹਾਂ ਨੇ ਮੁਕਤਸਰ ਨਾਮਧਾਰੀ ਧਰਮਸਾਲਾ ਦੇ ਨੌਂ ਕਮਰੇ ਤਿਆਰ ਕੀਤੇ ਅਤੇ ਚੱਕ ਪਿੰਡ ਅੰਦਰ ਦਸਵੀਂ ਦੇ ਸਕੂਲ ਦੀ ਬਿਲਡਿੰਗ ਬਣਾਈ। ਸ੍ਰੀ ਬਾਬਾ ਜੰਗ ਸਿੰਘ ਜੀ ਦਾ ਅੰਤਮ ਅਸਥਾਨ ਧਰਮੂ ਦੇ ਕੋਟ ਵਿਚ ਅਣੀ ਸਰ ਸਰੋਵਰ ਦੀ ਬਾਹੀ ਤਿਆਰ ਕਰਵਾਕੇ ਉਹਨਾਂ ਦੀ ਯਾਦਗਾਰ ਨੂੰ ਨੇਪਰੇ ਚਾੜ੍ਹਿਆ।ਮਸਤਾਨਾ ਜੀ ਨਾਮਧਾਰੀ ਪੰਥ ਦੇ ਮਹਾਂਦਾਨੀ ਪ੍ਰਵਾਰ ਵਿਚੋਂ ਹਨ, ਜਿਨ੍ਹਾਂ ਦੇ ਸਹਿਯੋਗ ਦੇਣ ਤੇ ਅਣਖੀ ਮਸਤਾਨੇ ਪ੍ਰਕਾਸ਼ਤ ਹੋ ਰਹੇ ਹਨ।

ਪੰਡਤ ਮਨਸ਼ਾ ਸਿੰਘ ਕੌਮੀ



ਆਪ ਨਾਮਧਾਰੀ ਪੰਥ ਦੇ ਪੂਰ-ਉਪਕਾਰੀ, ਮਹਾਂ ਦਾਨੀ,
ਰਿਸ਼ੀ ਤੇ ਪੰਥ ਪ੍ਰਚਾਰ ਦੇ ਚਮਕਦੇ ਹੀਰੇ
ਆਪ ਦੀ ਉਮਰ ੯੨ ਸਾਲ ਹੋ ਗਈ ਹੈ,
ਨਿਤਨੇਮ ਅਸ਼ਨਾਨ ਤੇ ਜਪ ਜਾਪ
ਭਜਨ ਕਰਨ ਵਾਲੇ, ਰੋਮ
ਰੋਮ ਸਿਮਰਨ ਕਰਦੇ
ਨੇ। ਆਪ ਦੇ
ਦਰਸ਼ਨ ਸ੍ਰੀ ਭੈਣੀ
ਸਾਹਿਬ ਵਿਚ
ਹੋ ਰਹੇ
ਹਨ।

ਸੰਤ ਰਤਨ ਸਿੰਘ ਜੀ



ਸ਼ਹੀਦ ਹਰਨਾਮ ਸਿੰਘ ਦੇ ਭਤੀਜੇ ਮੰਡੀ ਬੱਡੀ
ਵਿਚ ੯੦ ਸਾਲ ਦੀ ਉਮਰ ਵਿਚ
ਜੀਵਤ ਨੇ, ਜਿਨ੍ਹਾਂ ਨੇ ਸ਼ਹੀਦੀ
ਕਥਾ ਨੂੰ ਸੁਣਾ ਕੇ
ਲੇਖਕ ਨੂੰ
ਕ੍ਰਿਤਾਰਥ
ਕੀਤਾ।

ੴ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਕਵੀ ਦੀ ਬੇਨਤੀ

ਦੋਹਰਾ

ਨਾਨਕ ਗੁਰੂ ਗੋਬਿੰਦ ਸਿੰਘ; ਗੁਰੂ ਰਾਮ ਸਿੰਘ ਨਾਮ।
ਸ਼ਹੀਦੀ ਸਾਕਾ ਲਿਖਾਂ ਮੈਂ, ਤੁਮਰੇ ਚਰਨ ਪਰਨਾਮ।
ਅੰਮ੍ਰਿਤ ਦਾਤੇ ਦਸਮ ਗੁਰੂ,ਗੁਰੂ ਬਾਰਵੇਂ ਦਿੱਤਾ ਨਾਮ।
ਮਾਨਸੋਂ ਕੀਤੇ ਦੇਵਤੇ, ਕਰਤ ਕਵੀ ਪਰਨਾਮ।
ਧੰਨ ਸ੍ਰੀ ਗੁਰੂ ਹਰੀ ਸਿੰਘ, ਦਵਾ ਦਸ ਰੂਪ ਤੇ ਜੋਤ।
ਧੰਨ ਸਤਿਗੁਰੂ ਪ੍ਰਤਾਪ ਸਿੰਘ, ਨਿਓਟਿਆਂ ਦੀ ਓਟ।

ਸਵੈਯਾ ਕਬਿੱਤ

ਪੂਜਤ ਦੇਵ ਦਵਾਦਸ, ਕੋ ਸਭ,
ਸਾਂਤ ਨਿਧ ਰੂਪ ਸਦਾ ਅਵਨਾਸੀ।
ਸਧਨ ਸਦੀਵ ਤੂੰ ਹੈ ਸਧ ਸਾਧਨ;
ਜਗਤ ਉਧਾਰਨ ਜੋਤ ਪ੍ਰਕਾਸੀ।
ਪਿਆਰ ਪ੍ਰਕਾਸਨ ਧਾਰ ਸਰੂਪ ਕੋ,
ਗੁਰੂ ਪ੍ਰਤਾਪ ਸਿੰਘ ਕਾਟਤ ਫਾਸੀ।
ਕਾਵਿ ਸ਼ਹੀਦ ਅਚਾਰਤ ਹੈ, ਕਵ,
ਦੂਰ ਕਰੋ, ਮਮ ਬੁਦ ਉਦਾਸੀ।
ਚਰਨ ਧਰੇ ਕਵੀ, ਰਾਖੋ ਹਾਥ ਨਾਥ ਸਿਰ,
ਬਿਘਨ; ਬਿਨਾਸ, ਦੋਸ, ਕਾਵ, ਸੁਧ ਰਾਸ ਦੇਹ।

ਨਾਮ, ਅਸ਼ਨਾਨ ਦੇਹ ਸੁਧ ਬੁਧ ਗਿਆਨ ਦੇਹ,
ਰਿਧ, ਸਿਧ ਨਿਧ ਦੇਹ, ਲਿਖਾਂ ਜਸ ਪਾਸ ਦੇਹ ।
ਮਨ ਵਿਚ ਵਾਸ, ਸੁਚ; ਦੇਹੋ ਸਧਾਂ ਉਚੀ ਮਤ,
ਗੁਰੂ ਜਗਜੀਤ ਸਿੰਘ ਰਿਧੇ ਪ੍ਰਕਾਸ਼ ਦੇਹ ।
ਹਾਲ ਮੈਂ ਸ਼ਹੀਦੀ ਲਿਖਾਂ, ਤੇਰਾ ਮੈਂ ਧਿਆਨ ਧਰ;
ਨਿਮਰਤਾ ਪਿਆਰ ਦੇਹ, ਇਹੋ ਅਰਦਾਸ ਦੇਹ ।

ਦੋਹਰਾਂ ॥

ਮਸਤਾਨੇ ਅਣਖੀ ਸਿੰਘਾਂ ਦਾ, ਸ਼ਹੀਦ ਹੋਣਾ ਪ੍ਰਸੰਗ
ਕੋਟਲੇ ਵਿਚ ਸ਼ਹੀਦ ਹੋਇ, ਦੇਸ ਧਰਮ ਵਿਚ ਜੰਗ ।
ਰਿਆਸਤ ਕੋਟਲੇ ਵਿਚ ਸੀ, ਕੌਂਸਲ ਕਰਦੀ ਰਾਜ,
ਮਾਰਨ ਗਊਆਂ ਸਰੇ ਆਮ, ਸਿੰਘਾਂ ਆਵੇ ਲਾਜ ।
ਦੇਸ ਅਜ਼ਾਦੀ ਕਰਨ ਹਿਤ, ਝੰਡੇ ਸਿੰਘਾਂ ਪਾਸ,
ਬੁਚੜ ਮਾਰ ਹਥਿਆਰ ਲੈ, ਲਵੋ ਸ਼ਹੀਦੀ ਰਾਸ ।
ਰਿਆਸਤ ਵਿਚੋਂ ਪਾਇਕੇ, ਜੰਗੀ ਜੋ ਹਥਿਆਰ,
ਕਢੋ ਫਰੰਗੀ ਹਿੰਦ ਚੋਂ, ਹੋ ਕੇ ਤਿਆਰ ਬਰ ਤਿਆਰ ।
ਮਸਤਾਨੇ ਹੋਇ ਗਿਰਫਤਾਰ, ਗੋਰੇ ਹੋਏ ਕਰੋਪ,
ਅਣਖੀ ਕਰੇ ਸ਼ਹੀਦ ਸਿੰਘ, ਬੀੜਕੇ ਅਗੇ ਤੋਪ ।
ਹਸ ਹਸ ਛਾਤੀਆਂ ਤਾਣ ਕੇ, ਲੈ ਗਏ ਮੌਤ ਰਸੀਦ,
ਨਾਲ ਹੌਂਸਲੇ ਬਿਸ਼ਨ ਸਿੰਘ, ਹੋਏ ਸਿੰਘ ਸ਼ਹੀਦ ।
ਕਥਾ ਪੜ੍ਹੋ ਸਭ ਸੰਤ ਜਨ, ਸੋਧ ਲੈ ਵਿਦਵਾਨ ।
ਕਥਾ ਸ਼ਹੀਦੀ ਕੋਟਲਾ, ਪੜ੍ਹਨ ਸੰਤ ਸੁਜਾਨ ।

*
*

ਸਚੇ ਸ਼ਹੀਦ

ਚਿਤ ਗਰਜ ਨਾ ਲਾਲਚ ਸਵਾਰਥ ਦੀ,
ਦੇਸ ਧਰਮ ਤੇ ਜਾਨ ਘੁਮਾ ਜਾਂਦੇ ।

ਸੁਖ ਜਵਾਨੀ ਘਰ ਸਰਦਾਰੀ ਨੂੰ,
ਵਤਨਾਂ ਤੇ ਜਿੰਦ ਲੁਟਾ ਜਾਂਦੇ।
ਹੱਸ ਹੱਸ ਕੇ ਸੂਲੀ ਚੜ੍ਹ ਜਾਂਦੇ,
ਅਣਖਾਂ ਦੇ ਖਾਨੇ ਭਰਦੇ ਹਨ।
ਦਿਲ ਮੁਰਦੇ ਸੀਨੇ, ਜੀ ਉਠਦੇ,
ਜਦ ਗੀਤ ਵਤਨ ਦੇ ਪੜ੍ਹਦੇ ਹਨ।
ਚੋਲੇਨੂੰ ਡੋਬਾਂ ਲਾ ਲੈਂਦੇ,
ਚੜ੍ਹ ਜਾਂਦੀ ਰੰਗਣ ਸ਼ਹੀਦਾਂ ਦੀ।
ਖਿੜ ਜਾਂਦਾ ਬਾਗ ਜੋ ਮਹਿਕਾਂ ਦਾ,
ਜਦ ਘੁੰਮਰ ਪਵੇ ਮੁਰੀਦਾਂ ਦੀ।
ਫਾਂਸੀ, ਚਰਖੜੀ, ਤੋਪਾਂ ਤੇ,
ਨਚਦੇ ਜੋ ਖੰਡੇ ਦੀਆਂ ਧਾਰਾਂ ਤੇ।
ਮੌਤ ਦੇਖ ਉਹ [illegible] ਹਸਦੇ,
[illegible] ਰੰਬੀਆਂ [illegible] ਤੇਜ ਤਲਵਾਰਾਂ ਤੇ।
ਆਫਤਾਬ, ਮਹਿਤਾਬ ਬਣੇ ਅਰਸ਼ੀ,
ਸ਼ਹੀਦ ਹੋਏ ਵਾਸੀ ਅਰਸ਼ਾਂ ਤੇ।
ਸ਼ਹੀਦੀ ਜੋਤਾਂ ਦਾ ਹੈ ਚਾਨਣ,
ਕਲਮ ਕਵੀਆਂ ਦੇ ਫਰਸ਼ਾਂ ਤੇ।

*
*

ਸ਼ਹੀਦਾਂ ਦੇ ਦਿਲ

ਭੱਖਦੀ ਰੇਤ ਤੇ ਲੋਅ ਦੀ ਤਪਤ ਅੰਦਰ,
ਸ੍ਰੀ ਗੁਰੂ ਅਰਜਨ ਠੰਢੇ ਠਾਰ ਬੈਠੇ।
ਦੁਖ ਵਿਚ ਨਾ ਦਿਤਾ ਸਰਾਫ ਕੋਈ,
ਧੁਪ ਜੇਠ ਦੀ ਸਹਿਣ ਦਾਤਾਰ ਬੈਠੇ।
ਸਿਰਤਾਜ, ਨਿਰਭੈ, ਅਡੋਲ ਹੋ ਕੇ,

ਜਿੰਦ ਧਰਮ ਉਤੇ ਚੋਜੀ ਵਾਰ ਬੈਠੇ।
ਸਿਖ ਧਰਮ ਖਾਤਰ ਹੋ ਸ਼ਹੀਦ ਗਏ;
ਮੌਤ ਲਾੜੀ ਦਾ ਕਰਨ ਸਤਕਾਰ ਬੈਠੇ।
ਗੁਰੂ ਤੇਗ ਬਹਾਦਰ ਜੀ ਹਿੰਦ ਚਾਦਰ,
ਸਿਰ ਹੇਠ ਤਲਵਾਰ ਦੀ ਧਾਰ ਕੀਤਾ।
ਹਿੰਦੂ ਧਰਮ ਦੀ ਰਖਿਆ ਕਰਨ ਬਦਲੇ,
ਸੀ ਆਪਣਾ ਆਪ ਨਿਸਾਰ ਕੀਤਾ।
ਭਾਈ ਦਿਆਲਾ ਜੀ ਉਬਲਦੇ ਦੇਗ ਅੰਦਰ,
ਹਾਏ ਸੀਨਾ ਮੁਖੋਂ ਉਚਾਰ ਕਰਿਆ।
ਮਤੀ ਦਾਸ ਦੇ ਸੀਸ ਤੇ ਚਲੇ ਆਰਾ,
ਸ਼ੁਕਰ ਓਸ ਨੇ ਸੀ ਕਰਤਾਰ ਕਰਿਆ।
ਜ਼ੁਲਮ ਮੇਟਣੇ ਲਈ ਸ਼ਹੀਦ ਹੋਏ,
ਉਚਾ ਮਰਤਬਾ ਵਿਚ ਸੰਸਾਰ ਕਰਿਆ।
ਆਪਾ ਵਾਰ ਕੇ ਧਰਮ ਤੇ ਮਿਟ ਜਾਂਦੇ,
ਮੌਤ ਵੇਖ[illegible] ਸੀ ਇਨਕਾਰ ਕਰਿਆ।
ਚਾਰੇ ਸਾਹਿਬਜਾਦੇ ਧਰਮ ਦੇਸ ਬਦਲੇ,
ਸਿਖ ਪੰਥ ਦੀ ਸ਼ਾਨ ਚਮਕਾ ਗਏ।
ਸਦਾ ਅਮਰ ਜਹਾਨ ਤੇ ਹੋਏ ਓਹੀ,
ਤਨ ਆਪਣਾ ਧਰਮ ਤੇ ਲਾ ਗਏ।
ਤਾਰੂ ਸਿੰਘ ਜੀ ਹੋਣ ਸ਼ਹੀਦ ਅਿਹਾ[illegible]
ਕਹਿ[illegible] ਜਲਾਦ ਤੇਰੀ ਰੰਬੇ ਦੀ ਧਾਰ ਕੁਝ ਨਹੀਂ।
ਮਨੀ ਸਿੰਘ ਜੀ ਦੇ ਬੰਦ ਬੰਦ ਕਟੇ,
ਬੋਲਣ ਜ਼ਾਲਮਾਂ [illegible] ਤਲਵਾਰ ਕੁਝ ਨਹੀਂ।
ਸਹਿਬਾਜ ਸਿੰਘ ਨੇ ਕਿਹਾ ਸੁਬੇਗ ਸਿੰਘਾ,
ਚਰਖੜੀ ਚੜੇ ਪਰ ਇਸਦੀ ਰਫਤਾਰ ਕੁਝ ਨਹੀਂ।
ਸਿੰਘ ਸੈਂਕੜੇ ਜਾਨ ਕੁਰਬਾਨ ਕਰ ਗਏ,

ਕਹਿਣ ਮੌਤ ਨੂੰ ਤੇਰਾ ਸ਼ਿੰਗਾਰ ਕੁਝ ਨਹੀਂ।
ਬੰਦੇ ਬਹਾਦਰ ਨੇ ਕਿਹਾ ਓਏ, ਫਰਖਸੀਅਰ,
ਤੇਰੇ ਜੰਬੂਰਾਂ ਦੀ ਨੋਚ ਨਚਾਰ ਹੈ ਨਹੀਂ।
ਹਸ ਹਸ ਕੇ ਸਾਥੀ ਸ਼ਹੀਦ ਹੋਏ,
ਮਰਨਾ ਧਰਮ ਦੇ ਗੇ ਇਨਕਾਰ ਹੈ ਨਹੀਂ।
ਗਿਆਨੀ ਸਿੰਘ ਸੂਬਾ ਫਾਂਸੀ ਵੇਖ ਆਖੇ;
ਫਾਂਸੀ ਜਿਹਾ ਨਾ ਵੇਖਿਆ ਹਾਰ ਕੋਈ।
ਹੀਰਾ ਸਿੰਘ ਜੀ ਆਖਿਆ ਕਾਵਨਾ ਓਏ,
ਤੇਰੀਆਂ ਤੋਪਾਂ ਨੀ ਕਰਦੀਆਂ ਵਾਰ ਕੋਈ।
ਵਰਿਆਮ ਸਿੰਘ ਜੀ ਮਾਰ ਲਲਕਾਰ ਬੋਲੇ;
ਮੇਰੀ ਮਰਨ ਤੇ ਨਹੀਂ ਅਟਕਾਰ ਕੋਈ।
ਬਿਸ਼ਨ ਸਿੰਘ ਭੁਜੰਗੀ ਸ਼ਹੀਦ ਹੋਇਆ,
~~ਸੰਗੇ ਸ਼ਹੀਦ~~ ਤਲਵਾਰ ਦਾ [illegible] ਕੋਈ।
ਸਿੰਘਾਂ ਹਸਕੇ ਸਹਨੀ ਸਿਖਿਆ ਸੀ
ਛਾਤੀ ਤੋਪ ਹੇਠ ਲੈਕੇ ਰਸੀਦ ਸੋਈ।
ਫਾਂਸੀ, ਤੋਪ, ਤਲਵਾਰ ਤੇ ਚਰਖੜੀ ਤੋਂ,
ਬਿਸ਼ਨ ਸਿੰਘ ਨਾ ਸੰਗੇ ਸ਼ਹੀਦ ਸੋਈ।

O—O

ਕੋਟਲੇ ਦਾ ਕਲਰ

ਕਲਰ ਵੇਖਿਆ ਜਾਂ ਮੈਂ ਕੋਟਲੇ ਦਾ,
ਤਕਿਆ ਵਤਨ ਸ਼ਹੀਦਾਂ ਦਾ ਘਰ ਸੋਹਣਾ।
ਧਰਤੀ ਲਹੂ ਰੰਗੀ ਕਲਰ ਦੀ ਮੈਂ ਵੇਖੀ,
ਸ੍ਰੀ ਗੁਰੂ ਅਰਜਨ ਦਾ ਵੇਖਿਆ ਦਰ ਸੋਹਣਾ।
ਗੁਰੂ ਤੇਗ ਬਹਾਦਰ ਦਾ ਲਾਲ ਡਿਠਾ,
ਫਤਹਿ ਸਿੰਘ ਅਤੇ ਜੋਰਾਵਾਰ ਸੋਹਣਾ।

ਦਰਸ਼ਨ ਹੋਣ ਸ਼ਹੀਦਾਂ ਦੇ ਲਗੇ ਮੈਨੂੰ,
ਬੰਦਾ ਬਹਾਦਰ ਜੀ ਬੈਠੇ ਬੇਜਰ ਸੋਹਣਾ ।
ਧਰਮੀ ਫਰਸ਼ਾਂ ਤੇ ਹੁੰਦੇ ਸ਼ਹੀਦ ਵੇਖੇ,
ਉਨਾਂ ਸ਼ਹੀਦਾਂ ਦੀ ਦਿਲ ਤੇ ਤਸਵੀਰ ਹੋ ਗਈ
ਮੈਂ ਭੀ ਹਾਲ ਸਹੀਦਾਂ ਦਾ ਲਿਖਾਂ ਛੇਤੀ,
ਬਿਸ਼ਨ ਸਿੰਘ ਦੀ ਇਹ ਤਦਵੀਰ ਹੋ ਗਈ ।

ਮੌਤ ਲਾੜੀ ਮੈਂ ਵੇਖੀ ਸੀ ਤੋਪ ਚਲਦੀ,
ਮਸਤਾਨੇ ਸਹੀਦ ਨੇ ਬੰਨ ਕੇ ਲਾਮ ਆਏ ।
ਹੀਰਾ ਸਿੰਘ ਲਹਿਣਾ ਸਿੰਘ ਵੀਰ ਦੋਏ,
ਗੁਰਮੁਖ ਸਿੰਘ ਜੀ ਨਾਲ ਹਰਨਾਮ ਆਏ ।
ਪਰੇਮ ਸਿੰਘ ਜੀ ਹੁੰਦੇ ਸ਼ਹੀਦ ਵੇਖੇ,
ਘੁੰਮਰਾਂ ਪਾਂਵਦੇ ਸਿੰਘ ਵਰਿਆਮ ਆਏ ।
ਬਿਸ਼ਨ ਸਿੰਘ ਭੁਯੰਗੀ ਹਰਨਾਮ ਸਿੰਘ ਜੀ,
ਉਤਰ ਅਰਸ਼ ਤੇ ਫਰਸ਼ ਤਮਾਮ ਆਏ ।
ਜਜਬੇ ਵੇਖੇ ਮੈਂ ਹੁੰਦੇ ਸ਼ਹੀਦ ਹੋਣ; ਕੂਕੇ
ਮੇਰੀ ਕਲਮ ਨੂੰ ਮਸਤੀ ਦਾ ਰੰਗ ਹੋਇਆ ।
ਰਬੀ ਨੂਰ ਮਿਲਿਆ ਇਕ ਪਲਕ ਅੰਦਰ.
ਬਿਸ਼ਨ ਸਿੰਘ! ਨਿਰਮਲ ਵਾਂਗ ਗੰਗ ਹੋਇਆ ।
[illegible] ਮਾਂ ਦੇ ਦੋ ਸੀ ਪੁਤ ਧਰਮੀ,
ਤੋਪਾਂ ਸਾਹਮਣੇ ਹੁੰਦੇ ਸ਼ਹੀਦ ਤੱਕੇ ।
ਸ਼ੇਰ ਸਿੰਘ ਦਾ ਜਜ਼ਬਾ ਵੇਖਿਆ ਮੈ,
ਜੇਮਣ ਸਿੰਘ ਜੀ ਲੈਂਦੇ ਰਸੀਦ ਤੱਕੇ ।
ਦੇਵਾ ਸਿੰਘ ਜੀ ਖੜਗ ਸਿੰਘ ਮਰਨ ਹਸਕੇ.
[illegible] ਮੌਤ ਦੀ [illegible] ਖਰੀਦ ਤੱਕੇ ।
ਸੋਭਾ ਸਿੰਘ ਦੇ ਸਾਥੀ ਸਿੰਘ ਪੰਜ ਵੇਖੇ,

ਚੀਰ, ਚਖੀ (੭)

ਭਗਤ ਜਗਤ ਸ਼ਹਿਦ ਫਰੀਦ ਤੱਕੇ।
ਅਨੂਪ ਸਿੰਘ ਸਰਦਾਰ ਦਾ ਸਾਥ ਡਿਠਾ,
ਜਿਹਨਾਂ ਹੱਸ ਕੇ ਮਰਨਾ ਪਰਵਾਨ ਕੀਤਾ।
ਇਕ ਦੂਜੇ ਦੇ ਮਰਨ ਤੇ ਸੀ ਅਗੋਂ,
ਮਸਤੀਆਂ ਆਪਣਾ ਆਪ ਕੁਰਬਾਨ ਕੀਤਾ।
ਫਰਸ਼ ਧਰਤ ਤੇ ਕਲਰ ਮੰਦਰ
ਅਰਸ਼, ਚਾਨਣੀ ਯਾਦ ਦਾਨੀਆਂ ਦੀ।
ਜੁਦਾ ਧੜ, ਸਿਰ, ਪਏ ਨੇ ਸਬਦ ਪੜ੍ਹਦੇ,
ਜਮਾਤ ਵੇਖ ਸੋਹਣੀ ਬ੍ਰਹਮ ਗਿਆਨੀਆਂ ਦੀ।
ਸਦਾ ਅਮਰ ਜਹਾਨ ਅਟੱਲ ਰਹਿਣੀ,
ਸ਼ਹੀਦੀ ਅਣਖੀਆਂ ਲਾਸਾਨੀਆਂ ਦੀ।
ਜ਼ੁਲਮ ਗੋਰਿਆਂ ਦਾ ਵਿਚ ਕੋਟਲੇ ਦੇ,
ਜਜ਼ਬੇ ਕੂਕੇ ਸਿੰਘ ਕੁਰਬਾਨੀਆਂ ਦੀ।
ਕਥਾ ਅਣਖੀਆਂ ਦੀ ਕਵੀ ਦੀ ਕਲਮ ਲਿਖਦੀ
ਕਲਮ ਲਿਖਦੀ ਲਿਖਦੀ ਤੀਰ ਬਣ ਗਈ।
ਬਿਸ਼ਨ ਸਿੰਘ ਸ਼ਹੀਦਾਂ ਦੀ ਕਥਾ ਲਿਖਦਾ,
ਲਿਖਦੀ ਕਲਮ ਤੇ ਮੇਰੀ ਤਕਦੀਰ ਬਣ ਗਈ।

0—0

੭ ਮਲੇਰ ਦੀ ਕਥਾ ੮

ਧਰਤੀ ਦੇਸ ਪ੍ਰਵਾਧ ਦੀ ਹਰੀ ਭਰੀ ਗੁਲਜ਼ਾਰ;
ਦੁਧ ਘਿਉ ਗੁੜ ਖੰਡ ਦੇ ਭਰੇ ਰਹਿਣ ਭੰਡਾਰ।
ਰਾਜ ਮਾਂਹ ਤੇ ਮੂੰਗ ਮਾਂਹ ਮੂੰਗਫਲੀ ਬੇਅੰਤ,
ਅਲਸੀ, ਤਿਲ, ਕਪਾਹ ਬਾਜਰੇ ਮਕੀ ਮੋਠ ਉਪਜੰਤ।
ਚਣੇ ਕਈ ਪ੍ਰਕਾਰ ਦੇ. ਕਣਕ, ਸਰੋਂ, ਜੌਂ, ਤੇਲ.
ਮੂਲੀਆਂ ਗਾਜਰਾਂ ਸਲਗਮਾਂ ਕਾਂਸੀਫਲ ਸੀ ਬੇਲ।

ਭਿੰਡੀਆਂ ਮਿਰਚਾਂ ਲੰਬੀਆਂ, ਲੱਸਨ ਤੇ ਮੇਥੀ ਖੇਤ,
ਗੰਢੇ. ਕਰੇਲੇ ਤਰਾਂ ਜੋ. ਗੋਭੀ ਲੋਭੀਆ ਸੇਤ ।
ਖਰਬੂਜੇ ਚਾਵਲ ਹਾਲਿਓਂ, ਬੂਟੀਆਂ ਬਹੁ ਪ੍ਰਕਾਰ,
ਇੰਦਰੇਣੀ ਤੇ ਬਿਸਖਪਰਾ, ਮੂੰਡੀ ਤੇ ਇੰਜਵਾਰ ।
ਬਰਮੀ ਆਪੇ ਭਖੜਾ, ਸੰਖਾਵਲੀਆਂ ਦੇ ਖੇਤ.
ਹਰਮਲ ਤੇ ਨਿਗੰਧ ਬਾਵਲੀ,ਰਤਨ ਜੋਤ ਰਹੀ ਲੇਟ ।
ਅੰਬ, ਖਜੂਰਾਂ, ਜਾਮਨਾਂ. ਬਿਲਸ਼ੀਸ਼ਮ ਅਸਮਾਨ,
ਗਲਗਲ, ਨਿੰਬੂ, ਅਮਰੂਦ ਜੋ ਆੜੂ ਅਨਾਰ ਪ੍ਰਧਾਨ ।
ਰਿਆਸਤ ਵਿੱਚ ਬੀੜ ਸੰਗਣੇ, ਤੇ ਜੰਗਲ ਦੇ ਘਾਹ,
ਬ੍ਰਿਛ ਕਈ ਪ੍ਰਕਾਰ ਦੇ ਪਰ੍ਹਣ ਤੇ ਠੰਢੀ ਛਾਂ ।
ਸੂਰ. ਹਰਨ ਤੇ ਰੋਜਨੇ, ਰਾਖ਼ ਗਊਆਂ ਦੇ ਬੱਗ ।
ਖਾਂਦੇ ਹਰੇ ਘਾਹ ਸਨ, ਰਲ ਮਿਲ ਬੈਠਣ ਸਭ ।
ਮੋਰ,ਚਕੋਰ ਤੇ ਬੁਲਬੁਲਾਂ, ਕੋਇਲਾਂ ਦੇ ਮਿਠੇ ਬੋਲ,
ਪੰਛੀ ਕਈ ਪਰਕਾਰ ਦੇ, ਸੋਹਣੇ ਕਰਨ ਕਲੋਲ
ਗਿਦੜ ਤੇ ਬਘਿਆੜ ਵੀ, ਚੂਹੇ ਪੁਟਦੇ ਖੁੱਡ,
ਕੂਮੇ: ਡਡੂ ਮੌਜ ਕਰਨ, ਬੋਲਣ ਚੂੰ ਚੂੰ ਗੱਡ ।
ਪਰੀਆਂ ਵਰਗੀਆਂ ਨੱਢੀਆਂ, ਪਤਲੇ ੨ ਲੱਕ,
ਗੱਲਾਂ ਕਰੀਦਆਂ ਹਸਦੀਆਂ,ਤੁਰਦੀਆਂ ਨੇ ਉਹ ਨੱਚ ।
ਸੋਹਣੇ ਭਰਵੇਂ ਗਭਰੂ, ਗੋਰੇ ਰੰਗ ਗੁਲਾਬ,
ਗਜ ਗਜ ਹਿੱਕਾਂ ਚੌੜੀਆਂ, ਮੂੰਹਾਂ ਤੇ ਸੀ ਆਬ ।
ਆਪੋ ਆਪਣੇ ਮਹਜ਼ਬ ਵਿਚ, ਕਰਦੇ ਦਿਨ ਦਿਹਾਰ
ਹਿੰਦੂ ਅਤੇ ਮੁਸਲਮਾਨ, ਦੋਹਾਂ ਦਾ ਸੀ ਪਿਆਰ ।
ਇਜਤ ਸਭ ਦੀ ਜਾਣਦੇ, ਇਕੋ ਮਾਂ ਧੀ ਭੈਣ,
ਇਕਮਿਕ ਜਿਉਂ ਖੰਡ ਘਿਉ,ਵਿਚ ਮਲੇਰ ਦੇ ਰਹਿਣ ।
[illegible] ਵਿਚ ਮਲੇਰ [illegible] ਅਜ ਮਤਵਾਲਾ ਪੀਰ,
ਖਾਨਗਾਹ ਖਦਰ ਸੇਖ ਦੀ, ਪੂਜਨ ਗਰੀਬ ਅਮੀਰ ।

ਇਰਾਨੀ ਦੇਸ ਤੇ ਆ ਗਏ, ਜਾਤ ਦੇ ਮੁਗਲ ਪਠਾਣ,
ਵਪਾਰ ਕਰਨ ਉਹ ਘੋੜਿਆਂ, ਮਨਵਿਚਧਰਮ ਇਮਾਨ।
ਹੱਸਣ ਵਿਚ ਮਜਾਜ ਦੇ, ਕਰਨ ਸਭ ਦਾ ਸਤਕਾਰ;
ਧੀ, ਭੈਣ ਮਾਂ ਆਖਦੇ, ਬੋਲਦੇ ਨਾਲ ਪਿਆਰ।
ਭੈਣਾਂ ਆਖਣ ਵੀਰ ਜੀ, ਪਠੌਣ ਬੋਲਦੇ ਭੈਣ,
ਹਸਦੇ ਰਸਦੇ ਰੰਗ ਵਿੱਚ, ਨੀਵੇਂ ਰਖਦੇ ਨੈਣ।
ਮਸਲੇ ਕਰਨ ਮਸੀਤ ਵਿਚ, ਹਦੀਸਾਂ ਪੜ੍ਹਨ ਕੁਰਾਣ,
ਪੰਡਤ ਠਾਕੁਰ ਪੂਜਦੇ, ਗੀਤਾ ਕਥਾ ਪੁਰਾਣ।
ਸੋਹਣੀ ਵਸੋਂ ਨੂੰ ਦੇਖਕੇ, ਕਸਬੇ ਵਿਚ ਮਲੇਰ,
ਹਿੰਦੂ ਕਰਦੇ ਆਰਤੀ, [illegible] ਬਾਂਗ ਸਵੇਰ।
ਗੱਦੀ, ਬਰਾਗੀ ਪੁੱਤ ਦੀ, ਹਦਰ ਸੇਖ ਅਸਥਾਨ,
ਦੇਸ ਪੁਆਧ ਦੇ ਮਨ[illegible], ਸੁਖਾਂ ਸੁਖਦੇ ਆਨ।
ਪੱਕੇ ਮਕਾਨ ਮਲੇਰ ਦੇ, [illegible] ਤੰਗ ਬਜਾਰ,
ਬਿਸ਼ਨ ਸਿੰਘ ਮਲੇਰ ਦੀ [illegible] ਗੁਲਜ਼ਾਰ।

*
*

ਪੁਆਧ ਦੇਸ ਦਾ ਰਾਜ

ਈਸਵੀ ਚੌਦਾਂ ਸੌ ਬਿਆਲ ਏ; ਬਹਿਲੋਲ ਸੀ ਕਰਦਾ ਰਾਜ।
ਲੁਧਿਆਨੇ ਦਾ ਕਿਲਾ ਸੀ, ਉਹਨੇ ਕੀਤਾ ਅਬਾਦ।
ਇਕ ਸ਼ਹਿਜ਼ਾਦੀ ਉਸਦੀ, ਸੋਹਣੀ ਹੁਸਨ ਜੁਵਾਨ।
ਹੁਨਰ ਵਿਚ ਸੀ ਅਕਲਮੰਦ, ਹਾਫ਼ਜ਼ ਹੋਈ ਕੁਰਾਨ।
ਲੋਧੀ ਨੇ ਵਰ ਭਾਲਿਆ, ਆ ਕੇ ਵਿਚ ਮਲੇਰ।
ਸ਼ੇਖ [illegible] ਪਠਾਣ ਸੀ, ਨਿਰਭੈ ਦਿਲ ਦਾ ਸ਼ੇਰ।
ਸੁਦਾਗਰ ਘੋੜੇ ਖਰੀਦਦਾ, ਧਨੀ ਸੀ ਅਪਰ ਅਪਾਰ।
ਘੋੜੇ ਤਬੇਲੇ ਉਸ ਦੇ, ਹੈਸਨ ਕਈ ਹਜ਼ਾਰ।
ਬਹਿਲੋਲ ਲੋਧੀ ਖਾਨ ਨੇ, ਕੀਤਾ ਵਰ ਪਸ਼ੰਦ।

ਸ਼ੇਖ ਸਦਰਦੀਨ ਸੀ, ਪਠਾਣਾਂ ਦਾ ਫ਼ਰਜ਼ੰਦ।
ਸ਼ਗਨ ਦਿਤਾ ਉਸ ਨੂੰ, ਹਥੀਂ ਮਹਿੰਦੀ ਲਾ।
ਜੰਵ ਚੜ੍ਹੀ ਮਲੇਰ ਤੋਂ, ਲੁਧਿਆਣੇ ਕਰਨ ਨਿਕਾਹ।
ਬਹਿਲੋਲ ਲੋਧੀ ਖਾਨ ਨੇ, ਦਿਤਾ ਧੀ ਨੂੰ ਦਾਜ।
ਪਿੰਡ ਅਠਵੰਜਾ ਦੇ ਦਿਤੇ; ਧੀ ਕਰੇ ਘਰ ਰਾਜ।
ਆਏ ਵਿਚ ਮਲੇਰ ਛੋੜ ਪਿੰਡ ਅਠਵੰਜਾ ਵੇਖ।
ਹਿਸਾ ਲੈਂਦੇ ਕਿਰਸਾਣ ਤੋਂ, ਸੋਲਵਾਂ ਹੈਸੀ ਪੇਖ।
ਬਡੀ ਹਲੀਮੀ ਬੋਲਦੇ, ਸ਼ੇਖ ਸਦਰ ਦੀਨ ਰਹਿਣ।
ਮਾਂ ਧੀ ਆਖੇ ਸਭ ਨੂੰ, ਹਾਣ ਪ੍ਰਵਾਨ ਨੂੰ ਭੈਣ।
ਮਜੌਰ ਮਲੰਗ ਮਲੇਰ ਵਿਚ, ਕਰਦੇ ਸੀ ਸਤਕਾਰ।
ਵਸੇ ਪਠਾਣ ਮਲੇਰ ਵਿਚ, ਸਭ ਦੇ ਨਾਲ ਪਿਆਰ।

*
*

ਮਲੇਰ ਕੋਟਲਾ ਸ਼ਹਿਰ ਅਬਾਦ ਹੋਣਾ

ਪਠਾਣਾਂ ਪਾਸ ਮਲੇਰ ਦੇ, ਨਦੀ ਬਰਸਾਤੀਓਂ ਪਾਰ।
ਪੱਕਾ ਕੋਟ ਉਸਾਰਿਆ, ਕੀਤੇ ਮਹਿਲ ਤਿਆਰ।
ਸ਼ਹਿਰ ਵਿਚ ਬਜ਼ਾਰ ਸੀ. ਦਰਵਾਜ਼ੇ ਬਣੇ ਬੁਲੰਦ।
ਮਸੀਤਾਂ ਬਣੀਆਂ ਪੱਕੀਆਂ, ਮੰਦਰ ਸੋਹਣੇ ਚੰਦ।
ਹਿੰਦੂ ਬਾਹਮਣ ਬਾਣੀਏ, ਖਤਰੀ ਭਾਵੜੇ ਆਣ।
ਹੱਟਾਂ ਕਰਨ ਬਜ਼ਾਰ ਵਿਚ, ਸੋਹਣੇ ਬਣੇ ਮਕਾਨ।
ਵਿਦਿਆਲੇ ਵਿਦਿਆ ਪੜ੍ਹਣ ਨੂੰ, ਜੋਤਿਸ਼ ਰਵਲ ਦੀ ਬਾਤ।
ਸੰਸਕ੍ਰਿਤ, ਉਰਦੂ ਫਾਰਸੀ, ਲੰਡੇ ਪੜ੍ਹਣ ਵਖਿਆਤ।
ਕਾਜ਼ੀ ਵਿਚ ਮਸੀਤ ਦੇ, ਹਰਫ ਕੁਰਾਨ ਪੜ੍ਹਾਣ।
ਮਸਲੇ ਕਰਨ ਪਿਆਰ ਦੇ, ਪਾਕ ਖੁਦਾ ਅਸਲਾਣ।
ਰਾਂਈਂ, ਕੰਬੋ, ਕਰੂੰਜੜੇ, ਸਬਜੀਆਂ ਦੇ ਕਿਰਸਾਨ।
ਬਹੁਣ ਜ਼ਮੀਨਾਂ ਬੀਜਦੇ, ਰੌਂਤ ਜਾਤ ਅਰਮਾਨ।

ਮੋਚੀ ਸੀਊਣ ਜੁਤੀਆਂ, ਤੇਲੀ ਕਢਦੇ ਤੇਲ।
ਗੁਜਰ ਗਊਆਂ ਚਾਰਦੇ, ਸਾਰੇ ਹੀ ਹਸ ਖੇਲ।
ਜੁਲਾਹੇ ਉਣਦੇ ਕਪੜੇ, 'ਚਤਹੀਆਂ ਲੁੰਗੀਆਂ ਖੇਸ।
ਆਪੋ ਆਪਣੇ ਕੰਮ ਨੂੰ, ਕਰਦੇ ਲੋਕ ਹਮੇਸ਼।
ਝਿਊਰ ਬਣਾਉਂਦੇ ਵੈਂਹਗੀਆਂ, ਭਾਂਡੇ ਘੜਣ ਘੁਮਿਆਰ।
ਭੰਗੀ ਤੇ ਖਟੀਕ ਜ਼ਾਤ, ਰੰਗਦੇ ਚੰਮ ਚਮਿਆਰ।
ਚੰਮ ਗਾਲ ਕੇ ਢਾਲਦੇ, ਮੱਟੀ ਕੁੱਪੇ ਤਿਆਰ।
ਤਵੇ ਕੜਾਹੇ ਡੋਲਣੂ, ਹਿੰਦੂ ਘੜਣ ਲੁਹਾਰ।
ਪਿੱਤਲ ਕਾਂਸੀ ਭੱਠੀਆਂ, ਥਾਲੀਆਂ ਛੰਨੇ ਪਰਾਤ।
ਵਲਟੋਹੀਆਂ ਬਾਟੀਆਂ ਤਿਆਰ ਕਰਨ ਬਹੁਤ ਠਠਿਆਰੇ ਜਾਤ।
ਜੈਨੀ, ਬਰਾਗੀ ਆਰੀਏ, ਸ਼ਹਿਰ ਵਿਚ ਬਸਦੇ ਰੁਲ।
ਬਾਂਗਾਂ ਦੇਣ ਮਸੀਤ ਵਿਚ, ਮੰਦਰਾਂ ਵਿਚ ਵਜਦੇ ਟੱਲ।
ਖੁਸਰੇ, ਸੁਥਰੇ ਮਲੰਗ ਜੋ, ਮੰਗਣ ਘਰ ਘਰ ਅੰਨ।
ਕਾਲੀ ਪੋਂਚ ਡਕੌਂਤ ਜੋ, ਮੰਗਣ ਘਰ ਘਰ [illegible]।
ਕੰਜਰ ਤੇ ਭੰਡਨਕਲੀਏ, ਡੂਮ ਮੁਰਾਸੀ, ਜਾੜ।
ਦਿਲ ਪ੍ਰਚਾਵਾ ਜਾਣਦੇ, ਹੋਰ ਨਾ ਆਖਣ ਬਾੜ।
ਹਰ ਇਕ ਸੌਦਾ ਮਿਲਦਾ, ਸ਼ਹਿਰ ਕੋਟਲੇ ਹੋਰ।
ਮਸ਼ਾਹੂਰ ਪੰਜਾਬ ਵਿੱਚ, ਕੋਟਲਾ ਸ਼ਹਿਰ ਮਲੇਰ।
ਅਠਵੰਜਾ ਪਿੰਡਾਂ ਤੋਂ ਮਾਮਲਾ, ਹਿਸਾਂ ਲੈਣ ਪਠਾਣ।
ਬੋਲਣ ਸਾਰੇ ਹਸਕੇ, ਜ਼ਿਮੀਂਦਾਰ ਕਿਸਾਨ।

o—o

ਕੋਟਲੇ ਦੇ ਪਠਾਣਾਂ ਨੇ ਨਵਾਬ ਹੋਣਾ

ਸਰਸੇ ਨਦੀ ਤੋਂ ਜੰਗ ਕਰ, ਦਸਮੇ ਗੁਰ ਆਏ ਚਮਕੌਰ।
ਫੌਜਾਂ ਘੇਰਾ ਘਤਿਆ, ਵੇਖ ਗੁਰਾਂ ਦਾ ਠੌਰ।
ਫੌਜੀ [illegible] ਜਰਨੈਲ ਸੀ, ਕੋਟਲੇ ਤੋਂ ਇਹ ਪਠਾਨ।

ਪਕੜੇ ਗੁਰੂ ਗੋਬਿੰਦ ਸਿੰਘ ਆਖੇ ਨਾਹਿਰ ਖਾਨ ।
ਪੌੜੀਆਂ ਲਾਵੋ ਕਿਲੇ ਨੂੰ, ਕੀਤਾ ਉਸ ਬਿਆਨ ।
ਫੌਜਾਂ ਆਈਆਂ ਚੜ੍ਹ ਕੇ, ਲਗੇ ਪੌੜੀਆਂ ਲਾਨ ;
ਨਾਹਰ ਖਾਂ ਨੂੰ ਦੇਖ ਗੁਰੂ, ਜੀ ਧਨੁਖੋਂ ਛਡਿਆ ਤੀਰ ।
ਤੀਰ ਵਿੰਨ ਗਿਆ ਉਸ ਨੂੰ, ਦਿੱਤਾ ਛੱਡ ਸਰੀਰ ।
ਨਾਹਰ ਖਾਨ ਦਾ ਭਾਈ ਸੀ, ਸ਼ੇਰ ਖਾਨ ਕਰਨੈਲ ।
ਭਾਈ ਮਰਿਆ ਵੇਖ ਕੇ, ਲੋਥ ਉਠਾਈ ਗੈਲ ।
ਨਾਹਰ ਖਾਂ ਪਠਾਨ ਨੂੰ, ਦਫਨ ਕੀਤਾ ਸਰਹੰਦ ।
ਔਰੰਗਜ਼ੇਬ ਬਾਦਸ਼ਾਹ ਸੁਣ, ਸੁਣ ਕੇ ਹੋ ਗਿਆ ਦੰਗ ।
ਸ਼ੇਰ ਖਾਨ ਨੂੰ ਸਦਿਆ, ਦਿਲੀ ਕਰ ਦਰਬਾਰ ।
ਬਾਦਸ਼ਾਹ ਬੈਠਾ ਤਖਤ ਤੇ, ਬੈਠੇ ਅਹਿਲਕਾਰ ।
ਖਿਲਤ ਸਵਾ ਲਖ ਦੀ, ਦਿੱਤੀ ਸ਼ੇਰ ਖਾਂ ਖਾਨ ।
ਖਤਾਬ ਨਵਾਬੀ ਦੇ ਦਿੱਤਾ, ਬਾਦਸ਼ਾਹ ਸਨਮਾਨ ।
ਨਵਾਬੀ ਪਾ ਕੇ ਸ਼ੇਰ ਖਾਨ, ਆਇਆ ਕੋਟਲੇ ਚਲ ।
ਕਹਿਣ ਲਗੇ ਨਵਾਬ ਸਾਹਿਬ, ਹਿੰਦੂ ਮੁਸਲਮ ਰਲ ।
ਪਿੰਡ ਅਠਵੰਜਾ ਉਸ ਦੇ, ਰਿਆਸਤ ਕਰ ਪ੍ਰਬੰਧ ।
ਪਰਜ਼ਾ ਹਿੰਦੂ ਮੁਸਲਮਾਨ, ਸਭ ਦੇ ਮਨ ਪਸੰਦ ।
ਕਰਦਾ ਰਿਹਾ ਰਾਜ ਕੁਝ, ਸੋਹਣੀ ਕਰੇ ਤਤਬੀਰ ।
ਬਾਬਾ ਬੰਦਾ ਆ ਗਿਆ, ਹਿੰਦ ਵਿੱਚ ਲੈ ਕੇ ਬੀਰ ।
ਸ਼ਹਿਰ ਸਢੋਰਾ ਮਾਰ ਕੇ, ਮਾਰਨ ਚੜ੍ਹਿਆ ਸਰਹੰਦ ।
ਸੂਬੇ ਬਜੀਦੇ ਖਾਨ ਨੇ, ਸ਼ੇਰ ਖਾਨ ਘਲਿਆ ਜ਼ੰਗ ।
ਸ਼ੇਰ ਖਾਨ ਗਿਆ ਮਾਰਿਆ, ਜੰਗ ਵਿੰਚ ਸਿੰਘਾਂ ਨਾਲ ।
ਦੂਸਰਾ ਹੋਇਆ ਨਵਾਬ ਸੀ, ਜਮਾਲ ਖਾਨ ਕਮਾਲ ।
ਪਿੰਡ ਅਠਵੰਜਾ ਉਸ ਦੇ, ਕਿਰਸਾਣ ਕਰਨ ਪਿਆਰ ।
ਵਸਦੇ ਰਸਦੇ ਖੁਸ਼ੀ ਸਨ, ਨਵਾਬੀ ਦਾ ਸਤਕਾਰ ।
ਅਬਦਾਲੀ ਚੜ੍ਹਿਆ ਕਾਬਲੋਂ, ਫੌਜਾਂ ਕਈ ਹਜ਼ਾਰ ।

ਲੁਟਦਾ ਦੇਸ ਪੰਜਾਬ ਨੂੰ, ਕਰਤੇ ਪਿੰਡ ਖੁਆਰ।
ਬੈਠਾ ਵਿੱਚ ਲਾਹੌਰ ਦੇ, ਹਿੰਦੂ ਕਰੇ ਕਤਲੇਆਮ।
ਘਲਿਆ ਕਾਗਦ ਕੋਟਲੇ,ਹੁਕਮ ਅਬਦਾਲੀ ਸੀ ਆਨ।
ਨਹੀਂ ਤਾਂ ਛੱਡ ਜਾ ਕੋਟਲਾ, ਜੇ ਤੂੰ ਰਹਿਣਾ ਨਵਾਬ।
ਤਾਂ ਫਿਰ ਮੰਨ ਅਧੀਨਗੀ, ਦੇ ਜਾ ਆਨ ਖਰਾਜ।
ਜਮਾਲ ਦੀਨ ਨਵਾਬ ਨੇ, ਤੋਹਫੇ ਕਈ ਪਰਕਾਰ।
ਮੋਹਰਾਂ ਦਿੱਤੀਆਂ ਜਾਇਕੇ, ਹੋ ਗਿਆ ਤਾਬੇਦਾਰ।
ਅਬਦਾਲੀ ਕਹਾਨਵਾਬ ਸਾਹਿਬ,ਤੇਰੇਤੇਰਹਿਮਤ ਖੁਦਾ।
ਆਪਣੀ ਰਿਆਸਤ ਵਿਚ ਤੂੰ, ਇਕ ਟਕਸਾਲ ਚਲਾ।
ਚਲੇ ਰਿਆਸਤ ਵਿੱਚ ਉਹ, ਤੇਰਾ ਰੁਪਿਆ ਠੀਕ।
ਕਲਮਾਂ ਹੋਵੇ ਨਬੀ ਦਾ; ਚਲੇ ਰਿਆਸਤ ਵੀਚ।
ਜਮਾਲ ਖਾਨ ਜਦ [illegible] ਸੀ, ਮੌਤ ਨੇ ਘੇਰਿਆ ਆਨ।
ਨਵਾਬ ਤੀਸਰਾ ਹੋ ਗਿਆ, ਅਤਾ-ਉਲ-ਖਾਂ ਖਾਨ।
ਕਲਗੀ ਬੰਨੀ ਓਸ ਨੇ, ਕਰੀ ਆਪਣੀ ਸ਼ਾਨ।
ਗਾਜ਼ੀ ਨਵਾਬ ਸੀ ਆਖਦੇ, ਸਾਰੇ ਹਿੰਦੁਸਤਾਨ।
ਰਿਆਸਤਪਟਿਆਲੇ ਦੇ ਪਿੰਡਕੁਝ,ਕੀਤੇ ਆਪਣੇ ਹੇਠ।
ਚੜ੍ਹੀ ਫੌਜ ਪਟਿਆਲਿਓਂ, ਕਲਗੀ ਲਹਿ ਗਈ ਖੇਸ।
ਉਹਨੀਂ ਦਿਨੀ ਵਿਚ ਸੀ, ਦਿੱਲੀ ਰਾਜ ਅੰਗਰੇਜ਼।
ਅਤਾ-ਉਲ ਨਵਾਬ ਨੇ, ਵਕੀਲ ਦਿੱਤਾ ਸੀ ਭੇਜ।
ਦਿੱਲੀ ਦੇ ਵਾਇਸਰਾਇ ਦਾ, ਬਣਿਆ ਹੈ ਸੀ ਯਾਰ।
ਗੁਲਾਮੀ ਕਰੀ ਕਬੂਲ ਉਸ, ਅੰਗਰੇਜ਼ੀ ਸੀ ਸਰਕਾਰ।
ਅੰਗਰੇਜ ਆਬੇ ਪੰਜਾਬ ਵਿੱਚ ਲੈ ਲਿਆ ਤਖਤ ਲਹੌਰ।
ਕਰਿਆ ਪੰਜਾਬ ਗੁਲਾਮ ਸੀ, ਕਤਲ ਤੇ ਕੀੜਾ ਗੌਰ।
ਮੰਨਣ ਗੋਰੇ ਦੀ ਈਨ ਨਾ, ਆਕੀ ਮੁਗਲ ਪਠਾਨ।
ਲਾਟ ਹਿੰਦ ਅੰਗਰੇਜ਼ ਨੇ, ਕੀਤਾ ਜੰਗ ਘਮਸਾਨ।
ਕੋਟਲੇ ਵਾਲੇ ਨਵਾਬ ਜੋ, ਮਦਦ ਸੀ ਅੰਗਰੇਜ਼।

ਜੰਗ ਕਰਨ ਪਠਾਣ ਨਾਲ, ਫੌਜ ਕੋਟਲਿਉਂ ਭੇਜ।
ਅਫਗਾਨੀ ਫੌਜ ਹਾਰ ਸੀ, ਲਗੇ ਦੇਣ ਖਰਾਜ।
ਲਾਟ ਨੇ ਸਦ ਲਾਹੌਰ ਵਿਚ, ਕੀਤਾ ਅਦਬ ਨਵਾਬ।
ਨਵਾਬੀ ਦਿਤੀ ਉਡਾ ਸੀ, ਗੋਰੇ ਦਾ ਬਣ ਗਿਆ ਯਾਰ।
ਲਾਟ ਨਵਾਬ ਤੇ ਬਿਲ ਮਿਲ, ਤਾਬਿਆਦਾਰ ਗਦਾਰ।
ਕਰਦਾ ਰਿਹਾ ਰੌਜ ਉਹ, ਲੈ ਗਈ ਸਦ ਕੇ ਮੌਤ।
ਮੁਹੰਮਦ ਅਲੀ ਖਾਂ ਨਵਾਬ ਸੀ. ਅਤਾ ਉਲ ਖਾਂ ਫੌਤ।

o—o

ਕੋਟਲੇ ਦਾ ਚੌਥਾ ਨਵਾਬ

ਨਵਾਬ ਮੁਹੰਮਦ ਅਲੀ ਖਾਨ; ਸੁਧ ਚਿੱਤ ਪਾਕ ਬਸਾਲ।
ਕਰੇ ਖੁਦਾ ਦੀ ਬੰਦਗੀ, ਛੋਟੀ ਉਮਰ ਦਾ ਬਾਲ।
ਸੁਭਾ ਉਠ ਮਸੀਤ ਵਿਚ, ਪੜ੍ਹਦਾ ਕੁਰਾਨ ਸ਼ਰੀਫ।
ਰੂਪ ਰਬ ਦਾ ਨੂਰ ਇਕੋ, ਦਸਦੀ ਪਈ ਹਦੀਸ।
ਫਕੀਰ, ਤੇ ਸਾਧੂ ਸੰਤ ਦਾ ਨਵਾਬ ਕਰੇ ਸਤਕਾਰ।
ਵੰਡਦਾ ਪੈਸੇ ਨਿਤ ਸੀ, ਅਠ ਆਨੇ ਜਾਂ ਚਾਰ।
ਮੰਦਰ ਤੇ ਮਸੀਤ ਵਿਚ ਪੁਜਦਾ ਹੀ ਸੀ ਜਾ।
ਮੰਗੇ ਜੋ ਦੇਂਦਾ ਦਾਨ ਸੀ, ਸਾਂਤ ਨਵਾਬ ਸੁਭਾ।
ਸਰੀਕ ਨਜਦੀਕੀ ਜੋ ਸਨ, ਗਏ ਲਾਟ ਦੇ ਪਾਸ।
ਕਹਿਣ ਖਜਾਨਾ ਰਿਆਸਤੀ, ਕੋਟਲੇ ਦਾ ਕੀਤਾ ਨਾਸ।
ਦਿਤਾ ਵੰਡ ਹੈ ਉਸਨੇ, ਕਰ ਨਾ ਸਕੇ ਪ੍ਰਬੰਧ।
ਖਰੈਤ ਕਰੇ ਹਰ ਰੋਜ਼ ਉਹ, ਖਜਾਨਾ ਰੁਪਿਆ ਵੰਡ।
ਅਲੀਖਾਨ ਨਵਾਬ ਜੋ, ਫਕਰ ਬਿਧ ਕਲੇਸ਼।
ਰਿਆਸਤ ਨਹੀਂ ਸੰਭਾਲਦਾ, ਉਹ ਤੇ ਹੈ ਦਰਵੇਸ਼।
ਸੁਖੀ ਹੋਏ ਅੰਗਰੇਜ਼ ਦੇ, ਬੰਦੇ ਕੁਝ ਪਠਾਣ।
ਕੁਝ ਮਿਤਰ ਨਵਾਬ ਦੇ, ਥੋੜੇ ਜਹੇ ਮੁਸਲਮਾਨ।

ਲਾਟ ਹਿੰਦ ਲਾਹੌਰ ਨੇ, ਕੀਤਾ ਇਹ ਪ੍ਰਬੰਧ।
ਕੌਂਸਲ ਕੀਤੀ ਕੋਟਲੇ ਗੌਰੇ ਬਣੇ ਚੌਧਰੇ।
ਮਿਸਟਰ ਕਾਬਨ ਕਰ ਦਿਤਾ, ਰਿਆਸਤ ਦਾ ਪ੍ਰਧਾਨ।
ਡਿਪਟੀ ਕਮਿਸ਼ਨਰ ਇਹ ਸੀ,ਲੁਧਿਆਣੇ ਦਾ ਨਜਾਮ।
ਪਾੜ ਕੇ ਰਾਜ ਕਰਨ ਦੀ, ਕਰੀ ਉਸ ਤਤਬੀਰ।
ਹਿੰਦ ਮੁਸਲਮਾਨ ਸਿੱਖ, ਦਿਤੇ ਪਾੜ ਅਖੀਰ।

★

ਮਲੇਰ ਕੋਟਲੇ ਦੀ ਕੌਂਸਲ

ਫਤਹਿ ਦੀਨ ਤੇ ਨੂਰ ਦੀਨ,, ਤੀਜੇ ਕਰਮੇ ਖਾਨ।
ਤਪਸਵੀ ਤਿੰਨੇ ਸ਼ਰਾ ਦੇ, ਸੁਆਤ ਦੇ ਇਹ ਪਠਾਣ।
ਤਾਲੇ ਬੰਦ ਖਾਨ ਜੋ, ਜੁਵੰਦ ਖਾਨ ਅੜਵੈੜ।
ਮੁਰਚੇ ਖਾਨ, ਸਰਮਸਤ ਖਾਨ, ਦਿਲੋਂ ਵਿਚ ਬੈਰਿਆਂ ਭੇੜ।
~~ਰਿਆਸਤ ਹਥ ਪ੍ਰਬੰਧ ਸੀ, ਕੌਂਸਲ ਕਰੇ ਬਿਆਨ।~~
ਹਿੰਦੂ ਅਤੇ ਸਿਖ ਨੂੰ, ਕਾਫਰ ਆਖਣ ਨਿਤ।
ਮਸਲੇ ਕਰੇ ਉਲਟ ਸੀ, ਗੋਰਿਆਂ ਦਾ ਸੀ ਮਿੱਤ।
ਕੀਤੇ ਨਵੇਂ ਕਾਨੂੰਨ ਸੀ, ਰਿਆਸਤ ਵਿਚ ਬੰਧਾਨ।
ਹਿੰਦੂ ਜਿਮੀਦਾਰ ਜੋ, ਕੀਤੇ ਤੰਗ ਕ੍ਰਿਸ਼ਾਨ।
ਮਾਮਲਾ ਲੈਂਦੇ ਅਗੋਂ ਸੀ, ਸਾਲ ਭਰ ਦਾ ਆਨ।
ਨੀਰਾਂ ਚਰੀਆਂ ਜਵਾਹਰ ਜੌਂ, ਅਧੋ ਅਧ ਵੰਡਾਣ।
ਗੁੜ, ਸ਼ਕਰ, ਤਿਲ ਮਾਂਹ ਜੋ, ਬੀਜੇ ਜਿਮੀਂਦਾਰ।
ਅਲਸੀ, ਗਵਾਰਾ, ਸਰੋਂ ਜੋ, ਲੈਂਦੇ ਅਧ ਦਾ ਸਾਰ।
ਹਿੰਦੂਆਂ ਦੀਆਂ ਨੰਬਰਦਾਰੀਆਂ, ਦਿਤੀਆਂ ਹੈ ਸੀ ਤੋੜ।
ਨੰਬਰਦਾਰੀਆਂ ਨੂੰ ਵੇਚ ਕੇ, ਕੀਤੇ ਹੈ ਸੀ ਹੋਰ।
ਜੈਲਦਾਰ ਸਫੈਦ ਪੋਸ਼ ਚੌਕੀਦਾਰ ਸ਼ੈਤਾਨ।
ਕੌਂਸਲ ਰਿਆਸਤ ਕੋਟਲੇ, ਅਫਸਰ ਮੁਸਲਮਾਨ।

ਖਟੀਕ, ਚੁੰਮਾਰ ਜੋ ਰਿਆਸਤੀ, ਜੇਕਰ ਰੰਗੇ ਚੰਮ।
ਟੈਕਸ ਦੇਵੇ ਸਰਕਾਰ ਨੂੰ, ਫੇਰ ਕਰੇ ਇਹੋ ਕੰਮ।
ਬਕਰੀਆਂ ਭੇਡਾਂ ਗਊਆਂ ਜੋ, ਰਖੇ ਵਪਾਰੀ ਮਾਲ।
ਪੈਸਾ ਦੇਵੇ ਇਕ ਉਹ, ਮੁਕੇ ਤੇ ਹਰ ਸਾਲ।
ਇਕ ਮਝ ਤੇ ਗਊ ਇਕ, ਦੋ ਰਖੇ ਜੱਟ ਬੈਲ।
ਬਹੁਤੇ ਰਖੇ ਬੈਲ ਮੱਝ ਟੈਕਸ ਦੇਵੇ ਗੈਲ।
ਲੜਕੀ ਵਾਲਾ ਜੋ ਕਰੇ; ਜੰਞ ਵਿਆਹ ਦਾ ਕੱਠ।
ਟੈਕਸ ਭਰੇ ਸਰਕਾਰ ਨੂੰ, ਨਹੀਂ ਤਾਂ ਹੁੰਦਾ ਡੱਕ।
ਮੁੰਡੇ ਵਾਲਾ ਲੈ ਤੁਰੇ, ਪਿੰਡ ਤੋਂ ਪੰਝੀ ਜੰਞ।
ਇਕ ਰੁਪਿਆ ਦੇਵੇਗਾ, ਚੌਂਕੀਦਾਰਾਂ ਨੂੰ ਸੰਝ।
ਈਦ ਇਸਲਾਮ ਦਾ ਦਿਨ ਨੂੰ,ਹਿੰਦੂ ਕਰਨ ਇਮਦਾਦ।
ਦੁਧ ਘਿਉ ਤੇ ਲਕੜਾਂ ਦੇਣ ਕੋਟਲੇ ਦਾਤ।
ਕੌਂਸਲ ਨੇ ਸੀ ਕਰ ਦਿਤੇ, ਰਿਆਸਤ 'ਚ ਨਵੇਂ ਬੰਧਾਨ।
ਮੱਚੀ ਹਾਹਾ ਕਾਰ ਸੀ, ਦੁਖੀ ਜੱਟ ਕਿਰਸਾਨ।
੧੧

★

ਕੋਟਲੇ ਵਿਚ ਗਊ ਬਦ ਕਰਨਾ

ਨੂਰਦੀਨ ਕਾਜੀ ਇਕ ਦਿਨ ਕੀਤੀ ਇਹ ਸਲਾਹ।
ਬੁਚੜ ਲਿਆਵੋ ਕੋਟਲੇ, ਨਵਾਂ ਤੋਰੀਏ ਰਾਹ।
ਬੀੜਾਂ ਦੇ ਵਿਚ ਬੰਦ ਹਨ, ਗਊਆਂ ਕਈ ਹਜਾਰ।
ਮਾਰੋ ਕੋਟਲੇ ਲਿਆ ਕੇ, ਖੁਸ਼ ਹੋਣ ਜਿਮੀਂਦਾਰ।
ਪੈਲੀਆਂ ਖਾਂਦੀਆਂ ਰਾਤ ਨੂੰ, ਕਰਨ ਉਜਾੜੇ ਜਾ।
ਮਾਰੋ ਗਊਆਂ ਨਿੱਤ ਹੁਣ, ਦੇਵੋ ਤੁਸੀਂ ਮੁਕਾ।
ਗੁਜਰ ਅਤੇ ਰੌਂਤ ਜਾਤ, ਬੀੜਾਂ ਦੇ ਵਿਚ ਜਾਣ।

ਜੇ ਕੋਈ ਪੁਛੇ ਉਹਨਾਂ ਨੂੰ, ਖੇਲਦੇ ਸ਼ਿਕਾਰ ਬਤਾਣ।
ਪੰਜ ਸਤ ਗਊਆਂ ਬੈਲ ਪਕੜ,ਕੋਟਲੇ ਲਿਆਂਦੇ ਬਜਾਰ।
ਮਾਰਨ ਲਗੇ ਸ਼ਰੇਆਮ, ਬੁਚੜ ਕਰ ਕੇ ਮਾਰ।
ਬੁਚੜ ਗਊ ਦੇ ਮਾਸ ਨੂੰ, ਸਿਰ ਤੇ ਲੈਂਦੇ ਚੱਕ।
ਬੇਚਣ ਨਿੱਤ ਬਜਾਰ ਵਿੱਚ, ਤਾਹਨੇ ਮਾਰ ਨਿਝੱਕ।
ਖੁਸਰੇ, ਕਾਲੀ ਪੋਸ ਜੋ, ਗੁਜਰ ਜਾਤ ਇਮਾਨ।
ਰਾਈਂ, ਮਲੰਗ, ਕੰਬੋ ਵੀ, ਤੇਲੀ, ਮੋਚੀ,ਖਾਣ।
ਫਕਰ ਤੇ ਫਕੀਰ ਭੀ, ਪਠਾਨ ਮਰਾਸੀ ਡੂਮ।
ਰਾਜਪੂਤ, ਰੰਗੜ ਆਖਦੇ, ਅਮੀਰ ਖਾਨ ਕਈ ਸੂਮ।
ਸ਼ਹਿਰ ਮੁਸਲਮਾਨ ਦਾ, ਵਿਕਦਾ ਮਾਸ ਬਜਾਰ।
ਹਿੰਦੂ ਬ੍ਰਾਹਮਣ ਖਤਰੀ, ਬਾਣੀਏਂ ਦੁਖੀ ਅਪਾਰ।
ਜੈਨੀ ਅਤੇ ਭਾਵੜੇ, ਹੋ ਗਏ ਹਿੰਦੂ ਤੰਗ।
ਕੌਂਸਲ ਪਾਸ ਫਰਿਆਦ ਕਰਨ, ਦੇਣ ਜਵਾਬ ਨਿਸੰਗ।
ਅਹਿਲਕਾਰ ਕੌਂਸਲ ਆਖਦੀ, ਸਾਡਾ ਕੀ ਅਖਿਤਿਆਰ।
ਰੋਕਣਾ ਬੜਾ ਗੁਨਾਹ ਹੈ, ਮੁਸਲਮਾਨ ਅਨੁਸਾਰ।
ਕਿਸ ਨੂੰ ਕਰੀਏ ਗ੍ਰਿਫਤਾਰ, ਰਿਆਸਤ ਹੈ ਮੁਸਲਮਾਨ।
ਮਾਰਨ ਗਊਆਂ ਜਾਇਜ ਹੈ, ਦਸੇ ਹਦੀਸ ਕੁਰਾਨ।
ਸੁਣਕੇ ਏਸ ਜਵਾਬ ਨੂੰ, ਸ਼ਹਿਰ ਗਏ ਹਿੰਦੂ ਛੱਡ।
ਪਿੰਡਾਂ ਦੇ ਵਿਚ ਜਾ ਵਸੇ, ਤੁਰਕਾਂ ਦਾ ਵੇਖ ਚੱਜ।
ਕਾਜੀ ਮਲਾਨੇ ਮੁਸਲਮਾਨ, ਘਰ ਘਰ ਕਰਨ ਚਿਰਾਗ।
ਕਰਨ ਲਗੇ ਵਧੀਕੀਆਂ, ਗੁੰਡੇ ਲੋਕ ਬੇ ਲਾਜ।

*

*

ਹਨੂੰਮਾਨ ਦਾ ਮੰਦਰ

ਕੋਟਲੇ ਬਿਰਾਗੀ ਮਤ ਦੀ, ਗਦੀ ਹੈ ਮਸ਼ਹੂਰ।
ਡੇਰਾ ਆਤਮਾ ਰਾਮ ਦਾ, ਬਸਦਾ ਸੀ ਦਸਤੂਰ।
ਮੇਲਾ ਨਿਮਾਣੀ ਕਾਸ਼ਤੀ ਹੁੰਦਾ ਇਕੱਠ ਬੇਅੰਤ।
ਸ਼ਰਬਤ ਖੰਡ ਦੇ ਪੀਣ ਦੇ, ਸਭੇ ਜੀਅ ਅੰਤ।
ਮੰਗਲ ਵਾਰ ਦੀ ਦੁਆਦਸ਼ੀ; ਮੰਦਰ ਰਹੇ ਸ਼ਿੰਗਾਰ।
ਮੂਰਤ ਹਨੂੰਮਾਨ ਦੀ, ਪੁਜਾਰੀ ਕਰਨ ਸਤਿਕਾਰ।
ਗੁੰਡੇ ਤੁਰਕਾਂ ਰਾਤ ਨੂੰ, ਕੀਤਾ ਮੰਦਰ 'ਚ ਘਾਤ।
ਸਿਰ ਗਊ ਦਾ ਸੁੱਟ ਦਿਤਾ, ਮੰਦਰ ਦੇ ਵਿਚ ਰਾਤ।
ਮਹੰਤ ਕੌਂਸਲ ਪਾਸ [illegible], ਦਸੇ ਸਭੋ ਸਾਰ।
ਕੌਂਸਲ ਵਾਲੇ ਆਖਦੇ, ਤੁਰਕ ਸੀ ਅਹਿਲਕਾਰ।
ਰਿਆਸਤ ਮੁਸਲਮਾਨ ਦੀ ਹੁਕਮ ਹਾਸਲ ਸਰਕਾਰ।
ਕਿਸਨੂੰ ਅਸੀਂ ਪਕੜੀਏ, ਮਚੇ ਸ਼ਹਿਰ ਵਿਚ ਸ਼ੋਰ।
ਗਉ ਮਾਸ [illegible] ਵਿਚ, ਖਵਰੇ ਕਿਹੜਾ ਚੋਰ।
ਸੁਣੀ ਗਲ ਫਰਿਆਦ ਨਾ; ਰੋਂਦਾ ਮਹੰਤ ਲਾਚਾਰ।
ਕੌਂਸਲ ਕਰਾਉਂਦੀ ਜ਼ੁਲਮ ਹੈ, ਜ਼ਾਲਮੇ ਅਹਿਲਕਾਰ।
ਪਿੰਡਾਂ ਵਾਲੇ, ਜ਼ਿਮੀਂਦਾਰ, ~~ਸੁਣਕੇ ਰੋਏ ਲਾਚਾਰ~~।
ਘਰ ਘਰ ਗਲਾਂ ਕਰਨ ਇਹ, ਮਚੀ ਹਾਹਾ ਕਾਰ।
ਜ਼ਿਮੀਂਦਾਰ ਕੁਝ ਪੈਂਚ ਰਲ, ਗਏ ਪਟਿਆਲੇ ਵਿਚ।
ਰਾਜੇ ਤਾਈਂ ਦਸਿਆ; ਸੁਣ ਕੀਤੀ ਉਸ ਪਿੱਠ।
ਜਿਮੀਂਦਾਰ ਇਹ ਵੇਖ ਕੇ, ਤੁਰੇ ਸੀ ਕਰ ਕੇ ਚੁਪ।
ਪਟਿਆਲੇ ਵਾਲਾ ਮਹਿੰਦਰ ਸਿੰਘ, ਗੋਰੇ ਤੁਰਕ ਗਰੁਪ।
ਨਾਭੇ ਆਏ ਚਲਕੇ; ਹੀਰਾ ਸਿੰਘ ਰਾਜੇ ਪਾਸ।
ਉਹਨੇ ਵੀ ਸੁਣੀ ਗਲ ਨਾ, ਜੱਟ ਹੋ ਤੁਰੇ ਉਦਾਸ।
ਸਕਰਾਉਂਦੀ ਆਏ ਚਲਕੇ, ਅਗੋਂ ਮਿਲੇ ਸਰਦਾਰ।

ਹੀਰਾ ਸਿੰਘ ਜੀ ਗਰੇਵਾਲ. ਪਿੰਡ ਦੇ ਬਰਖੁਰਦਾਰ।
ਜਿਮੀਂਦਾਰਾਂ ਨੇ ਦਸਿਆ, ਕੋਟਲੇ ਸ਼ਹਿਰ ਦਾ ਹਾਲ।
ਗਲ ਨਾ ਸੁਣੀ ਹੈ ਰਾਜਿਆਂ, ਸਾਨੂੰ ਦਿਤਾ ਟਾਲ।
ਕੋਟਲੇ ਕਰਦੇ ਜ਼ੁਲਮ ਨੇ. ਕੌਂਸਲ ਤੁਰਕ ਪਠਾਣ।
ਗਊਆਂ ਮਾਰੇਂ ਸਰੇਆਮ, ਹਿੰਦੂ ਸਿੱਖ ਨੂੰ

ਸ੍ਰ: ਹੀਰਾ ਸਿੰਘ ਸਕਰੌਦੀਆਂ ਵਾਲੇ

ਸੁਣ ਹੀਰਾ ਸਿੰਘ ਆਖਦਾ, ਗੋਰੇ ਬੜੇ ਸ਼ੈਤਾਨ।
ਗਊਆਂ ਨੂੰ ਮਰਵਾਉਣ ਉਹ, ਸਾਰੇ ਹਿੰਦੁਸਤਾਨ।
ਕਰਨਾ ਦੇਸ਼ ਆਜਾਦ ਹੈ, ਗੋਰਿਆਂ ਤੋਂ ਲੈਣਾ ਰਾਜ।
ਗੁਲਾਮ ਨਾ ਰਹਿਣਾ ਹਿੰਦ ਨੇ, ਹਿੰਦ ਸਿਰ ਧਰਨਾ ਤਾਜ।
ਮੈਂ ਜਾਵਾਂਗਾ ਕਟਲੇ, ਸਮਝਾਵਾਂ ਅਹਿਲਕਾਰ।
ਗਊਆਂ ਨਾ ਮਾਰੋ ਖਾਨ ਜੀ ਆਖਾਂ ਨਾਲ ਪਿਆਰ।
ਨਹੀਂ ਤਾਂ ਇਕ ਦਿਨ ਆਵਸੀ, ਫੜਣ ਸਿੰਘ ਤਲਵਾਰ।
ਕੌਂਸਲ ਗਊ ਘਾਤਕੀ, ਦੇਣੇ ਬੁਚੜ ਮਾਰ।
ਹੀਰਾ ਸਿੰਘ ਜੀ ਆਖਦੇ, ਮੈਂ ਹੋ ਜਾਵਾਂ ਕੁਰਬਾਨ।
ਕਰਾਂ ਗਊਆਂ ਦੀ ਰਖਿਆ, ਲਾ ਕੇ ਆਪਣੀ ਜਾਨ।

ਨੋਟ—

੧. ਹੀਰਾ ਸਿੰਘ ਦਾ ਪਿਤਾ ਸ: ਕਾਹਨ ਸਿੰਘ ਨਾਭੇ ਦੇ ਰਾਜੇ ਦੇ ਦਰਬਾਰ ਵਿਚ ਹਾਜਰ ਵਾਸ ਅਹਿਲਕਾਰ ਸੀ, ਇਸਦੇ ਘਰ ਮਹਿਤਾਬ ਕੌਰ ਤੋਂ ਹੀਰਾ ਸਿੰਘ ਦਾ ਜਨਮ ਬਿਕਰਮੀ ੧੯੦੩ ਚੇਤ੍ਰ ਵਿਚ ਹੋਇਆ। ਗੁਰਮੁਖੀ ਬੋਧ ਪਾ ਕੇ ੨੧ ਸਾਲ ਦੀ ਉਮਰ ਵਿਚ ਨਾਭੇ ਫੌਜ ਵਿਚ ਭਰਤੀ ਹੋਇਆ। ਸੂਬਾ ਕਾਹਨ ਸਿੰਘ ਜੀ ਨਾਭੇ

ਪ੍ਰਚਾਰ ਕਰਨ ਗਏ ਤਾਂ ਉਸ ਵੇਲੇ ਸਾਰਾ ਪ੍ਰਵਾਰ ਭਜਨ ਪੁਛਕੇ ਸੰਤ ਖਾਲਸਾ ਹੋ ਗਿਆ। ਨੌਕਰੀ ਛਡ ਕੇ ਪਿੰਡ ਆ ਗਏ। ਸਤਿਗੁਰੂ ਰਾਮ ਸਿੰਘਜੀ ਨੇ ਸਕਟੌਹੀਏ ਦੀਵਾਨ ਲਾਇਆ। ਸਾਰਾ ਨਗਰ ਸਿੰਘ ਸਜ ਗਿਆ। ਹੀਰਾ ਸਿੰਘ ਦੇ ਚਾਚੇ ਤਾਏ ਕੂਕੇ ਹੋ ਗਏ ਇਨਾਂ ਦਿਨਾਂ ਵਿਚ ਹੀ ਸ: ਹੀਰਾ ਸਿੰਘ ਦੀ ਸ਼ਾਦੀ ਫੈਜਗੜ੍ਹ ਸਰਦਾਰਾਂ ਦੇ ਘਰ ਹੋਈ ਸੀ। ਆਪ ਦੀ ਸੁਪਤਨੀ ਦਾ ਨਾਂ ਭੋਲੀ ਸੀ, ਜਿਸ ਦੇ ਕੁਖੋਂ ਇਕ ਪੁਤਰ ਉਤਮ ਸਿੰਘ ਜਨਮਿਆ। ਸ: ਹੀਰਾ ਸਿੰਘ ਦੇ ਸ਼ਹੀਦ ਹੋਣ ਦੇ ਬਾਅਦ ਬਾਰਾਂ ਸਾਲ ਦਾ ਪੁਤਰ ਉਤਮ ਸਿੰਘ ਗੁਜਰ ਗਿਆ।

*

*

ਹਿੰਦੂ ਕਟਾਰੂ ਨਾਈ ਦੀ ਧੀ ਦਾ ਨਿਕਾਹ

ਹਿੰਦੂ ਕਟਾਰੂ ਨਾਈ ਸੀ, ਘਰ ਸੀ ਵਿੱਚ ਮਲੇਰ।
ਹਜਾਮਤ ਕਰੇ ਨਵਾਬ ਦੀ, ਆ ਕੇ ਸੰਝ ਸਵੇਰ।
ਦੁਰਗੀ ਉਹਦੀ ਧੀ ਸੀ, ਹੋਈ ਜਵਾਨ ਮੁਟਿਆਰ।
ਸ਼ਕਲ ਪਰੀ ਦੇ ਵਾਂਗ ਸੀ, ਪਤਲਾ ਲੱਕ ਲਚਕਾਰ।
ਗੋਰਾ ਰੰਗ ਗੁਲਾਬ ਜਿਊਂ, ਹਰਨ ਦੇ ਵਾਂਗ ਸੀ ਅੱਖ।
ਹੁਸਣ ਖਿੜਿਆ ਉਸ ਦਾ, ਜਿਊਂ ਚੰਨ ਦਾ ਪੱਖ।
ਸ਼ਕਲ ਦੁਰਗੀ ਦੀ ਵੇਖ ਕੇ, ਸ਼ਰਮ ਜਾਂਦਾ ਸੀ ਚੰਦ।
ਅਹਿਲਕਾਰ ਤਕਣ ਉਸ ਨੂੰ, ਦੁਰਗੀ ਕਰੀ ਪਸੰਦ।
ਕਾਜੀ ਨੂਰ ਦੀਨ ਨਾਲ, ਮਸ਼ਵਰਾ ਕਰਨ ਬਹਾਲ।
ਕਰੋ ਦੁਰਗੀ ਦਾ ਨਿਕਾਹ ਹੁਣ, ਕੋਈ ਬਹਾਨਾ ਭਾਲ।
ਦੁਰਗੀ ਸਾਂਦੀ ਤੁਰੀ ਸੀ, ਅਹਿਲਕਾਰਾਂ ਕੀਤਾ ਫੰਦ।
ਖਲਕੇ ਵਿਚਾਰੀ ਕੁੜੀ ਉਹ, ਕੀਤਾ ਹੁਰਮੀਂ ਬੰਦ।
ਕੁਝ ਦਿਨ ਰੱਖੀ ਅੰਦਰੇ ਸੀ, ਕਾਜ਼ੀਆਂ ਕਰੀ ਸਲਾਹ।

ਦੂਰਗੀ ਦਾ ਅਹਿਲਕਾਰ ਨਾਲ, ਦਿੱਤਾ ਕਰ ਨਿਕਾਹ।
ਨਾਈ ਇਕੱਠੇ ਹੋਇ ਕੇ, ਰੋਂਦੇ ਧਾਹਾਂ ਮਾਰ।
ਕੌਂਸਲ ਵਾਲਿਆਂ ਨੂੰ ਦਸਿਆ, ਬੋਲਿਆ ਅਹਿਲਕਾਰ।
ਦੂਰਗੀ ਹਿੰਦੂ ਧੀ ਨੇ, ਕੀਤੀ ਸ਼ਰਾ ਕਬੂਲ।
ਨਿਕਾਹ ਕਰ ਦਿੱਤਾ ਉਸਦਾ, ਮੰਨੀ ਸ਼ਰਾ ਅਸੂਲ।
ਬੇਗਮ ਹੋਈ ਦੀਨ ਵਿੱਚ, ਕਲਮਾਂ ਪੜ੍ਹੇ ਕੁਰਾਨ।
ਨਿਕਾਹ ਨਾ ਟੁਟਦਾ ਤੋੜਿਆ, ਕਰਦੀ ਸ਼ਰਾ ਫੁਰਮਾਨ।
ਕੌਂਸਲ ਦਾ ਜਵਾਬ ਸੁਣ, ਨਾਈ ਰੋਣ ਧਾ ਮਾਰ।
ਰੱਬਾ ਗਰਕ ਕਰੀਂ ਤੂੰ ਕੋਟਲਾ, ਕੌਂਸਲ ਅਹਿਲਕਾਰ।
ਪਰਜਾ ਪਿੰਡਾਂ ਵਿੱਚ [illegible] ਘਰ ਘਰ ਕਰਦੇ ਗਲ।
ਜ਼ਾਲਮ ਰਾਜ ਪਠਾਣ ਦਾ, ਰੱਬਾ ਤਖਤ ਉਥਲ।

★

ਸ: ਹੀਰਾ ਸਿੰਘ ਸਕਰੌਦੀਆ ਵਾਲੇ ਨੇ ਮਲੇਰ ਕੋਟਲੇ ਵਿਚ ਕੌਂਸਲ ਪਾਸ ਜਾਣਾ

ਹੀਰਾ ਸਿੰਘ ਜੀ ਆਏ ਕੋਟਲੇ, ਦਿੱਤੀ ਸੀ ਦਰਖਾਸ।
ਰਿਆਸਤ [illegible] ਦੀ ਜ਼ੁਲਮ ਹੈ, ਦਸਿਆ ਕੌਂਸਲ ਪਾਸ।
ਗਊਆਂ ਮਾਰਨ ਸ਼ਰੇਆਮ, ਜ਼ੁਲਮਾਂ ਨੂੰ ਕਰੋ ਦਿਉ ਬੰਦ।
ਕਿਤੇ ਨਾ ਪੈ ਜਾਏ ਤੁਸਾਂ ਨਾਲ, ਸਿੰਘਾਂ ਨੂੰ ਕਰਨਾ ਜੰਗ।
ਸੁਣਕੇ ਕੌਂਸਲ ਵਾਲਿਆਂ, ਦਿੱਤਾ [illegible] ਜਵਾਬ।
ਸੁਣੀ ਗਲ ਨਾ ਸਿੰਘ ਦੀ, ਦਿਲ ਦੇ ਭੈੜ ਖਰਾਬ।
ਸਰਮਸਤ ਖਾਨ ਨੇ ਦਸਿਆ, ਹੀਰਾ ਸਿੰਘ ਨੂੰ ਸਦ।
ਰਿਆਸਤ ਦੀਨ ਇਸਲਾਮੀ ਦੀ, ਰੁਕਦਾ ਗਊ ਨਾ ਬੱਧ।
ਹੀਰਾ ਸਿੰਘ ਸਰਦਾਰ ਸੁਣ, ਆਖੇ ਭੜਕੇ ਰੋਸ।

ਪਤਾਂ ਲਗੇਗਾ ਤੁਸਾਂ ਨੂੰ, ਆਪੇ ਆ ਜਾਊ ਹੋਸ਼।
ਬੁਦਰੜਾਂ ਦੀ ਖਬਰ ਲਵਾਂਗੇ, ਛੇਤੀ ਮਿਲਾਂਗੇ ਆਣ।
ਗਊ ਬਧ ਬੰਦ ਕਰਾਂਗੇ, ਜਾਂ ਦੇਵਾਂਗੇ ਪਰਾਣ।
ਸਾਡੀ ਤਾਂ ਸੀ ਯੋਜਨਾ, ਕਰਨਾ ਵਤਨ ਆਜ਼ਾਦ।
ਕਰਨਾ ਹਿੰਦ ਵਿਚ ਰਾਜ, ਗੋਰਿਆਂ ਨੂੰ ਪਾ ਭਾਜ।
ਗੁਲਾਮ ਰਾਜ ਵਿੱਚ ਧਰਮ ਦਾ, ਹੁੰਦਾ ਨਹੀਂ ਪ੍ਰਚਾਰ।
ਗੁਲਾਮ ਜੰਜੀਰੀ ਕਟਨੀ, ਸਿੰਘਾਂ ਫੜ ਤਲਵਾਰ।
ਲੜੇ ਮਰੇ ਬਿਨਾਂ ਦੇਸ਼ ਜੇ, ਹੁੰਦਾ ਨਹੀਂ ਆਜਾਦ।
ਹੀਰਾ ਸਿੰਘ ਜੀ ਆਖਦੇ, ਆਇ ਕੋਟਲਿਉਂ ਭਾਜ।

o—o

ਨਾਮਧਾਰੀ ਪੰਥ ਵਿਚ ਮਸਤਾਨਾ ਦਲ
ਆਜ਼ਾਦੀ ਦਾ ਝੰਡਾ

ਬਿਕਰਮ ਉਨੀ ਸੌ ਬਾਈ ਦਾ, ਚੇਤਰ ਹੈ ਸੀ ਸਾਲ।
ਗੱਗੜ ਪੁਰ ਇਕ ਪਿੰਡ ਵਿਚ ਕਰਨ ਦੀਵਾਨ ਕਮਾਲ।
ਬਾਂਗਰ ਦੇਸ ਤੇ ਮਾਲਵਾ, ਮੈਨ ਦੁਆਬ ਵਿਚਕਾਰ।
ਹੀਰਾ ਸਿੰਘ ਲਹਿਣਾ ਸਿੰਘ ਜੀ, ਆਗੂ ਸਨ ਸ੍ਰਦਾਰ।
ਹੀਰਾ ਸਿੰਘ ਜੀ, ਆਖਦੇ, ਉਠ ਕੇ ਵਿਚ ਦੀਵਾਨ।
ਕਰੋ ਦੇਸ਼ ਅਜ਼ਾਦ ਹੁਣ, ਗੋਰੇ ਕਢੋ ਸ਼ੈਤਾਨ।
ਧੋਖੇ ਬਾਜ ਤੇ ਬੇਈਮਾਨ; ਹੈਣ ਇਹ ਅੰਗਰੇਜ਼।
ਇਥੋਂ ਹਮਲਾ ਮਾਰ ਕੇ, ਬਿਲੇ ਦੇਵੋ ਭੇਜ।
ਈਨ ਨਾ ਭਰਦੇ ਗੈਰ ਦੀ, ਸਿੰਘ ਨਾ ਰਹਿਣ ਮੁਥਾਜ।
ਗੁਲਾਮ ਨ ਹੁੰਦੇ ਕਿਸੇ ਦੇ, ਕਰਦੇ ਦੇਸ਼ ਅਜਾਦ।
ਗਊ ਗਰੀਬ ਦੇ ਵਾਸਤੇ, ਹੁੰਦੇ ਨੇ ਕੁਰਬਾਨ।

ਕਰੋ ਧਰਮ ਪ੍ਰਚਾਰ ਹੁਣ, ਸ਼ਹੀਦੀ ਫੜੋ ਨਿਸ਼ਾਨ।
ਜਗੀਰਦਾਰ ਸਰਦਾਰ ਜੋ, ਦੇਸ਼ ਪੰਜਾਬ ਦੇ ਵਿੱਚ।
ਜੰਗੀ ਸਿੱਖ ਸਰਦਾਰ ਨੇ, ਸਭੇ [illegible] ਦਿੱਲੋਂ ਦੇਣੀ ਖਿੱਚ।
ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ।
ਚੁਣਕੇ ਗੋਰੇ ਮਾਰਨੇ, ਬਚੇ ਸ਼ਰਨ ਜੋ ਹੋਇ।
ਗੋਰੇ ਅੱਸੀ ਹਜ਼ਾਰ ਨੇ, ਸਾਰੇ ਭਾਰਤ ਵਿੱਚ।
ਹਥੋਂ ਹਥੀਂ ਪਕੜ ਕੇ, ਕਰੀਏ ਸਭ ਅਟਿੱਕ।
ਕਰੀਏ ਆਪਣਾ ਰਾਜ ਫਿਰ, ਸਾਰੇ ਹਿੰਦੁਸਤਾਨ।
ਝੰਡਾ [illegible] ਝੁਲਾਈਏ, ਝੁਲੇ ਧਰਮ ਨਿਸਾਨ।
ਹੀਰਾ ਸਿੰਘ ਸਰਦਾਰ ਨੇ, ਕੀਤੀ ਸੀ ਤਤਵੀਰ।
ਜੋਸ਼ ਚੜ੍ਹਾਵੇ ਕਿਸ਼ਨ ਸਿੰਘ, ਜੋਸ਼ੀਲੀ ਕਰੇ ਤਕਰੀਰ।

★

ਮਸਤਾਨੇ ਦਲ ਦੇ ਜਥੇਦਾਰਾਂ ਦੀ ਚੋਣ

ਹੀਰਾ ਸਿੰਘ ਲਹਿਣਾ ਸਿੰਘ ਜੀ, ਸਕਰੌਦੀ ਦੇ ਸ੍ਰਦਾਰ।
ਤੀਜਾ ਭਾਈ ਮਿੱਤ ਸਿੰਘ, ਮਜ਼੍ਹਬੀ ਜਥੇਦਾਰ।
ਵਰਿਆਮ ਸਿੰਘ ਸਰਦਾਰ ਸੀ, ਜਥੇਦਾਰ ਸੀ ਆਦਿ।
ਅੜਿਆਏ ਤੇਨੰਦ ਸਿੰਘ ਜੀ, ਇੰਦ ਕੌਰ ਉਹਦੇ ਨਾਲ।
ਅਤਰ ਸਿੰਘ ਤੇ ਭੂਪ ਸਿੰਘ, ਦਿਆਲ ਗੜ੍ਹੋਂ ਰਾਜਪੂਤ।
ਖੜਕ ਸਿੰਘ ਤੇ ਪਰੇਮ ਸਿੰਘ, ਗਗੜ ਪੁਰ ਦੇ ਪੂਤ।
ਸੋਭਾ ਸਿੰਘ ਮਹੰਤ ਦਾ, ਰੱਬੋਂ ਵਿੱਚ ਨਿਵਾਸ।
ਗਿਆਰਾਂ ਹੋਏ ਜਥੇਦਾਰ, ਦਲ ਮਸਤਾਨਾ ਸਾਥ।
ਇੰਦ ਕੌਰ ਜਥੇਦਾਰਨੀ, ਸ਼ਹੀਦੀ ਝੰਡਾ ਹਾਥ।

ਨਿਰਭੈ ਮਾਈ ਸ਼ੇਰ ਦਿਲ, ਸਰਬ ਕਲਾ ਸਮਰਥ।
ਅਜਾਦੀ ਝੰਡੇ ਹੇਠ ਖੜ, ਕਰਨ ਸਿੰਘ ਅਰਦਾਸ।
ਮਰਨਾ ਖਾਤਰ ਦੇਸ ਦੀ, ਜੀਵਨ ਦੀ ਨਹੀਂ ਆਸ।
ਗਊ ਘਾਤੀ ਬੁਚੜ ਮਾਰਨੇ, ਫੜ ਕੇ ਤੇ ਸ਼ਮਸ਼ੇਰ।
ਰਾਜੇ ਸਿੱਖ ਜਗੀਰਦਾਰ, ਸਾਡੇ ਸਾਥੀ ਫੇਰ।
ਗਾਨੇ ਬੰਨੋ ਹਥਾਂ ਨੂੰ, ਮਰਨ ਤੋਂ ਕਾਹਦੀ ਸੰਗ।
ਭਾਰਤੋਂ ਕਢੋ ਅੰਗਰੇਜ ਨੂੰ, ਕਰੋ ਖਾਲਸਾ ਜੰਗ।
ਸ਼ਹੀਦੀ ਅੰਮ੍ਰਿਤ ਤਿਆਰ ਕਰੋ, ਛਕੋ ਮਸਤਾਨੇ ਫੇਰ।
ਮਰਨੇ ਤੋਂ ਕਿਉਂ ਡਰਨ ਉਹ, ਬਿਸ਼ਨ ਸਿੰਘ ਜੋ ਸ਼ੇਰ।

ਮਸਤਾਨਾ ਦਲ

ਬਾਂਗਰ ਮੈਨ ਦੁਆਬ ਵਿਚ, ਮਾਲਵੇ ਕਰਨਾ ਪ੍ਰਚਾਰ।
ਕਰਨਾ ਵਤਨ ਅਜਾਦ ਹੈ,ਮਸਤਾਨਿਆਂ ਦੀ ਲਲਕਾਰ
ਜਾਗੋ ਦੇਸ਼ ਦੇ ਗਭਰੂਓ, ਹੁਣ ਨਾ ਲਾਵੋ ਦੇਰ।
ਕਢੋ [illegible] ਦੇਸ ਤੋਂ, ਰਲ ਮਿਲ ਸੰਝ ਸਵੇਰ।
ਜਗੀਰਦਾਰ ਸਰਦਾਰ ਜੋ, [illegible] ਅਸਾਂ [illegible] ਸਾਥ।
ਦਲ ਮਸਤਾਨਾ ਪੰਥ ਵਿਚ [illegible]।
ਤੇਈ, ਚੌਵੀ, ਪੰਝੀ, ਛਬੀਏ, ਚਾਰ ਸਾਲ ਵਿਚਕਾਰ।
ਮਸਤਾਨੇ ਦਲ ਦੇ ਨਾਲ ਜੋ ਗਏ, ਸਿੰਘ ਸੀ ਕਈ ਹਜ਼ਾਰ।
ਦੇਸ਼ ਗਦਾਰ ਅੰਗਰੇਜ਼ ਦੇ, ਜੋ ਜੋ ਹੈ ਸਨ ਯਾਰ।
*ਪੰਥ ਧਰੋਹੀ, ਬੇਈਮਾਨ, ਲਾਟ ਨੂੰ ਦਸਣ ਸਾਰ।

ਨੋਟ—੧. ਸਾਹਬਾ ਚੌਧਰੀ ਰੁੜਕੇ ਦਾ
੨. ਜ਼ੈਲਦਾਰ ਜਿਆੜ ਦਾ
੩. ਕਾਹਨ ਸਿੰਘ ਕਮਾਲ ਪੁਰੇ ਦਾ
੪. ਗੁਲਾਬ ਸਿੰਘ ਮਹਿਰਾਜੀਆ
੫. ਗੇਂਦਾ ਮੁਕਬਰ ੬. ਸੋਢੀ ਮਾਨ ਸਿੰਘ ਬੁਟਰ।

ਸਿੰਘਾਂ ਨੂੰ ਸ਼ਹੀਦੀ ਅੰਮ੍ਰਿਤ ਛਕਾਇਆ

ਬਾਬਾ ਬਿਸ਼ਨ ਸਿੰਘ ਜੀ, ਪੰਥ ਵਿਚ ਵਿਦਵਾਨ।
ਕਾਬਲ ਵਾਲੇ ਆਖਦੇ, ਇਹਨੂੰ ਸਿੰਘ ਸੁਜਾਨ।
ਕਈ ਆਖਦੇ ਏਸ ਨੂੰ, ਬਿਧੀ ਚੰਦ ਦਾ ਰੂਪ।
ਮੀਰੀ ਪੀਰੀ ਸ਼ਾਹ ਸੀ, ਕਈ ਆਖਦੇ ਭੂਪ।
ਸਤ ਫੁਟ ਉਚਾ ਜਵਾਨ ਸੀ, ਸੋਹਣਾ ਬੜਾ ਸਰੀਰ।
ਪੰਜੇ ਕਕੇ ਰਖਦਾ, ਗਾਤਰੇ ਵਿਚ ਸ਼ਮਸ਼ੀਰ।
ਉਰਦੂ ਅਤੇ ਫਾਰਸੀ, ਸੰਸਕ੍ਰਿਤ ਵਿਦਵਾਨ।
ਬੋਲੀ ਹੈਸਨ ਜਾਣਦੇ, ਹਰਦੇਸਾਂ ਦੀ ਜਬਾਨ।
ਸ਼ਹੀਦੀ ਅੰਮ੍ਰਿਤ ਛਕਾਂਵਦੇ, ਮਸਤਾਨੇ ਸਿੰਘਾਂ ਦੇ ਨਾਲ।

ਨੋਟ—ਆਪਦਾ ਜਨਮ ਸਢੌਰੇ ਸਾਰ ਸੁਤ ਬ੍ਰਾਹਮਣਾਂ ਦੇ ਘਰ ਹੋਇਆ। ਉਰਦੂ ਤੇ ਪਸਤੋ ਦੇ ਚੰਗੇ ਆਲਮ ਫਾਜਲ ਸਨ। ਲਾਹੌਰ ਸਿਖ ਦਰਬਾਰ ਦੇ ਸਲਾਹਕਾਰ ਦੇ ਅਫਸਰ ਸਨ। ਜਦ ਪੰਜਾਬ ਵਿਚ ਅੰਗਰੇਜ ਰਾਜ ਹੋਇਆ ਤਾਂ ਲਾਟ ਹਿੰਦ ਨੇ ਸਿਖ ਫੌਜਾਂ ਦੇ ਹਥਿਆਰ ਸ਼ਸਤਰ ਤਲਵਾਰ ਲੁਹਾਉਣ ਦਾ ਹੁਕਮ ਦਿਤਾ। ਬਾਬਾ ਬਿਸ਼ਨ ਸਿੰਘ ਜੀ ਚੁਪ ਕੀਤੇ ਹੀ ਫੌਜ ਵਿਚੋਂ ਹਰਨ ਹੋ ਗਏ ਉਹਨਾਂ ਨੇ ਨਾ ਹੀ ਸ਼ਸਤਰ ਲਾਹੇ ਨਾ ਹੀ ਉਹਨਾਂ ਦੀ ਅਧੀਨਗੀ ਮੰਨੀ। ਸਤਿਗੁਰ ਰਾਮ ਸਿੰਘ ਜੀ ਦੀ ਸ਼ਰਨ ਵਿਚ ਆ ਕੇ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਆਪ ਦਾ ਪਹਿਲਾ ਨਾਮ ਜਸ ਰਾਮ ਸੀ। ਸਤਿਗੁਰਾਂ ਨੇ ਏਸੇ ਨੂੰ ਹੀ ਕਾਬਲ ਦੇ ਬਾਦਸ਼ਾਹ ਪਾਸ ਘਲਿਆ ਸੀ। ਸਿੰਘਾਂ ਦੇ ਸਹੀਦ ਹੋਣ ਦੇ ਬਾਦ ਬਾਬਾ ਜੀ ਦੇ ਵਰੰਟ ਕਟੇ ਗਏ ਸਨ ਪਰ ਆਪ ਜਿਲਾ ਲਾਇਲਪੁਰ ਦੇ ਪਾਸ ਸਿੱਧੂ ਪੁਰੇ ਚੱਕ ਵਿੱਚ ਰਹਿੰਦੇ ਹੋਏ ੧੯੫੫ ਹਾੜ ਨੂੰ ਪੂਰੇ ਹੋ ਗਏ। ਇਹ ਨੋਟ ਬਾਬੇ ਕਾਹਲਾ ਸਿੰਘ ਜੀ ਨੇ ਲਿਖਿਆ ਹੈ।

ਗੋਰੇ ਕਢੋ ਪੰਜਾਬ ਤੋਂ, ਸਭ ਨੂੰ ਕਰ ਖੁਸ਼ਹਾਲ ।
ਬਾਬਾ ਬਿਸ਼ਨ ਸਿੰਘ ਦੀ, ਬੀਰ ਰਸ ਭਰੀ ਤਸਵੀਰ ।
ਬਲੀ ਸੂਰਮਾ ਇਹ ਸੀ, ਜੋਸ਼ੀਲੀ ਸੀ ਤਕਰੀਰ ।

★

ਸਃ ਹੀਰਾ ਸਿੰਘ ਨੇ ਕੋਟਲੇ ਸ਼ਹਿਰ ਜਾਣਾ

ਚੜ੍ਹਦੇ ਸਾਲ ਅਠਾਈਏ, ਹੀਰਾ ਸਿੰਘ ਸਰਦਾਰ
ਸਕਰੌਦੀਓਂ ਆਇਆ ਕੋਟਲੇ, ਬਸਤਰ ਲੈਣ ਬਜ਼ਾਰ ।
ਕਤਵਾਲੀ ਪਾਸ ਬਜ਼ਾਜ ਦੀ, ਭਰੀ ਹੋਈ ਸੀ ਹੱਟ ।
ਕਪੜੇ ਲਗਾ ਲੈਣ ਸਿੰਘ, ਘੋੜਾ ਪਕੜ ਕੇ ਹੱਥ ।
ਕੌਂਸਲ ਵਾਲੇ ਵੇਖਦੇ, ਹੀਰਾ ਸਿੰਘ ਗਰੇਵਾਲ ।
ਆਣ ਪੱਤ ਅੱਜ ਲਾਹ ਦਿਉ, ਬਦਲ ਦਿਉ ਹੁਣ ਚਾਲ
ਗੁੰਡਾ ਤੁਰਕ ਇਕ ਘਲਿਆ, ਸਿੰਘ ਨੂੰ ਕਰੇ ਗੁਮਰਾਹ ।
ਪੁਲਸ ਤੇ ਥਾਣੇਦਾਰ ਫਿਰ, ਇਜ਼ਤ ਦੇਣਗੇ ਲਾਹ ।
ਤੁਰਕ ਸਿੰਘ [illegible] ਆਵੇ ਕਰਕੇ ਜ਼ੋਰ ।
ਗੁੰਡਾ ਮੂਰਖ [illegible], ਧਕੇਬਾਜ ਸੀ ਚੋਰ ।
ਹੀਰਾ ਸਿੰਘ ਜੀ ਆਖਦੇ, ਲਗ ਨਾ ਮੀਆਂ ਨਾਲ ।
ਖੁਲੀ ਪਈ ਹੱਟ ਹੈ, ਪਰੇ ਬੈਠ ਕਰ ਖਿਆਲ ।
ਤੁਰਕ— ਤੁਰਕ ਆਖਦਾ ਕੜਕ ਕੇ, ਤੇਰਾ ਕੀ ਹੈ ਜ਼ੋਰ ।
ਕਿਉਂ ਵੜਿਆ ਵਿਚ ਕੋਟਲੇ, ਕਾਹਤੋਂ ਪਾਵੇਂ ਸ਼ੋਰ ।
ਰਿਆਸਤ ਮੁਸਲਮਾਨ ਦੀ, ਮਾਲਕ ਹੈਣ ਪਠਾਣ ।
ਫੁਲਿਆਂ ਫਿਰਦਾ ਸਿਖੜਿਆ, ਬੁਝੜ ਤੂੰ ਅਨਜਾਣ ।
ਸ਼ਹਿਰ ਦੀਨ ਇਸਲਾਮ ਦਾ, ਦੀਨਦਾਰਾਂ ਦੀ ਹੱਟ ।
ਪੱਟੀ ਪਾਈ ਕੱਛ ਤੂੰ, ਪਾੜ ਦੇਵਾਂ ਮੈਂ ਕੱਛ ।
ਨਿਕਲ ਕੋਟਲੇ ਸ਼ਹਿਰ ਤੋਂ, ਕਿਉਂ ਪਾਵੇਂ ਤੂੰ ਡੰਡ ।
ਤੇਰੇ ਜਿਹੇ ਜੱਟ ਦੀ, ਝਾੜ ਦੇਵਾਂ ਮੈਂ ਕੰਡ ।

ਸ: ਹੀਰਾ ਸਿੰਘ—ਹੀਰਾ ਸਿੰਘ ਜੀ ਆਖਦੇ, ਮੀਆਂ ਜ਼ਬਾਨ ਸੰਭਾਲ।
ਕਿਉਂ ਤੂੰ ਬਕਦਾ ਬਾਕ ਓਏ, ਘਲਿਆ ਕਿਸ ਸੁਖਾਲ।
ਮੈਂ ਤਾਂ ਕਿਹਾ ਸੀ ਮੀਆਂ ਤੂੰ, ਲੱਗ ਨਾ ਮੇਰੇ ਨਾਲ।
ਤੈਨੂੰ ਰੋਸ ਹੈ ਕਾਸ ਦਾ; ਦਸ ਖਾਂ ਮੇਰੇ ਨਾਲ।
ਤੁਰਕ— ਬੋਲੇ ਤੁਰਕ ਹੰਕਾਰ ਨਾਲ,ਸ਼ਹਿਰ 'ਚ ਕਾਹਦੀ ਠਹਿਰ
ਆਇਆ ਸਾਡੇ ਸ਼ਹਿਰ ਕਿਉਂ, ਕਾਫਰਾਂ ਕੀਤਾ ਕਹਿਰ
ਨਿਕਲ ਅਸਲਾਮ ਦੇ ਸ਼ਹਿਰ ਤੂੰ;ਬਣਿਆ ਫਿਰਦਾਪਾਕ
ਦੌੜ ਜਾ ਪਿੰਡ ਨੂੰ ਸਿਖੜਿਆ, ਦਿਸਦਾ ਤੂੰ ਚਾਲਾਕ।
ਸਿੰਘ— ਹੀਰਾ ਸਿੰਘ ਜੀ ਸ਼ਾਂਤ ਨਾਲ; ਕਹਿਣ ਨਾ ਬੋਲ ਫਜ਼ੂਲ।
ਹਿੰਦੂ ਅਤੇ ਤੁਰਕ ਤੋਂ, ਸਾਡਾ ਸੁਧ ਅਸੂਲ।
ਅਸੀਂ ਨਹੀਂ ਹਾਂ ਲਗਦੇ, ਹਿੰਦੂ ਤੁਰਕ ਦੇ ਨਾਲ।
ਬਸਤਰ ਲੈਕੇ ਮੈਂ ਤੁਰਾਂ, ਪੁੱਠੀ ਤੇਰੀ ਚਾਲ।
ਰੌਲਾ ਸੁਣ ਕੇ ਦੋਹਾਂ ਦਾ. ਹੋ ਗਿਆ ਹੈ ਸੀ ਕੱਠ।
ਥਾਨੇਦਾਰ ਤੇ ਪੁਲਸ ਵੀ, ਖੜੇ ਸੀ ਆ ਕੇ ਹੱਟ।
ਕਾਜੀ ਨੂਰਦੀਨ ਜੋ, ਕੌਂਸਲ ਦੇ ਅਹਿਲਕਾਰ।
ਝਗੜਦੇ ਸਿੰਘ ਤੇ ਤੁਰਕ ਸੀ, ਅਵਸਰ ਕਹਿਣਪੁਕਾਰ।
ਅਹਿਲਕਾਰ—ਸਿਖੜੇ ਬਿਗੜੇ ਏਸ ਨੂੰ, ਸ਼ਹਿਰੋਂ ਕਢੋ ਘੜੀਸ।
ਦੀਨਦਾਰ ਨਾਲ ਝਗੜਦਾ, ਦੇਵੋ ਇਸ ਨੂੰ ਫੀਸ।
ਕੀ ਸਿਖੜਿਆ ਨਹੀਂ ਜਾਣਦਾ, ਕੌਂਸਲ ਦਾ ਹੈ ਰਾਜ।
ਸਾਡੇ ਸ਼ਹਿਰ ਵੜਣ ਦਾ, ਸਿੱਖਾਂ ਦਾ ਕੀ ਕਾਜ।
ਸ: ਹੀਰਾ ਸਿੰਘ—ਹੀਰਾ ਸਿੰਘ ਜੀ ਆਖਦੇ, ਕਿਉਂ ਬਧਾਵੇਂ ਰਾਰ।
ਸੁਣੋ ਸ਼ਾਂਤੀ ਧਾਰ ਕੇ, ਤੁਸੀਂ ਹੋ ਅਹਿਲਕਾਰ।
ਮੈਂ ਕਿਹਾ ਮੀਆਂ ਪਰੇ ਰਹੁ, ਲਗ ਨਾ ਮੇਰੇ ਨਾਲ।
ਹੱਟ ਖੁਲੀ ਤੇ ਬੈਠ ਜਾ ਆਪਣਾ ਆਪ ਸੰਭਾਲ।
ਅਹਿਲਕਾਰ—ਅਹਿਲਕਾਰ ਕੌਂਸਲ ਵਾਲੜੇ, ਕਹਿਣ ਤੇਰੇ [illegible]
ਸੋਂਫ ਕਰੇਗਾ ਥਾਨੇਦਾਰ, ਰਖੇਂਗਾ ਤੂੰ ਯਾਦ।

ਕਾਫਰਾਂ ਪੱਟੀ ਕੱਢ ਕੇ, ਦੇਵਨ ਲੱਗਾ ਮੱਤ।
ਕਿਸੇ ਪਿੰਡ ਦਾ ਦਿਸਦਾ, ਬੂਝ ਬੁਝਾਕੜ ਜੱਟ।
ਨੂਰਦੀਨ ਕਾਜ਼ੀ ਆਖਦਾ, ਲਾ ਦੇਵੇ ਸਿਖ ਨੂੰ ਤਾ।
ਠਾਣੇਦਾਰਾ ਪਕੜ ਲੈ, ਕਰਦੇ ਪੂਰਾ ਚਾ।

ਕਾਜ਼ੀ— ਕੂਕੇ ਰਾਇ ਕੋਟ ਵਿੱਚ, ਇਹਦੇ ਹੈ ਸੀ ਯਾਰ।
ਸੂਬਾ ਗਿਆਨੀ ਸਿੰਘ ਸੀ, ਦਿੱਤਾ ਫਾਂਸੀ ਚਾੜ੍ਹ।
ਇਹ ਕਾਫਰ ਕਿਸੇ ਪਿੰਡਤੋਂ, ਕਿਉਂ ਆਇਆ ਹੈ ਚੱਲ।
ਆਕੜ ਭੰਨਦਿਉ ਏਸ ਦੀ, ਇਹਕਿਉਂ ਕਰਦਾਗਲ।
ਕਾਜ਼ੀ ਆਖੇ ਪੁਲਸ ਨੂੰ, ਕੋਰੇ ਛਿਉ ਸਿਖੜਾ ਸਾਫ।
ਪਾਣ ਚੜੀ ਹੈ ਲਾਹ ਦਿਉ, ਕਰਨਾ ਨਹੀਂ ਹੈਂ ਮਾਫ।

ਸਿੰਘ— ਹੀਰਾ ਸਿੰਘ ਸ੍ਰਦਾਰ ਕਹੇ, ਲਾਵੇਂ ਆਕਰ ਹੱਥ।
ਪਾੜ ਕਰਾਂ ਦੋ ਫਾੜ ਮੈਂ, ਜਿਉਂ ਪਾੜੀਦਾ ਫੱਟ।
ਮੈਨੂੰ ਲਾਵੇ ਹੱਥ ਜੋ, ਮੈਂ ਪਾਵ੍ਹਾਂ ਮੂੰਹ ਵਿੱਚ ਸੂਰ।
ਅੱਗ ਵਿਚ ਸਿੱਟਾਂ ਉਸ ਨੂੰ, ਭੁਖਦਾ ਪਿਆ ਤੰਦੂਰ।
ਪਾਵੇ ਮੈਨੂੰ ਹੱਥ ਜੋ, ਮੂੰਹ ਪਾਵਾਂ ਸੂਰ ਦਾ ਹੱਡ।
ਮੈਂ ਸਿੰਘ ਸਰਦਾਰ ਹਾਂ, ਦੇਵਾਂ ਰੜਕਾ ਕੱਢ।
ਤੇਰੇ ਜਿਹੇ ਗੁਲਾਮ ਹਨ, ਮੇਰੇ ਘਰ ਵਿਚ ਚਾਰ।
ਗੋਹਾ ਕੂੜਾ ਕਰ ਰਹੇ, ਸਕਰੌਦੀ ਪਿੰਡ ਸ੍ਰਦਾਰ।
ਕਾਜ਼ੀ ਕੌਂਸਲ ਅਹਿਲਕਾਰ, ਗਏ ਪਤਰਾ ਹੋ।
ਹੀਰਾ ਸਿੰਘ ਦੇ ਸੁਖਨ ਨੂੰ ਸੁਣ, ਇਜਤ ਗਏ ਲਕੋ।
ਲੋਕ ਚਲੇ ਗਏ ਤੁਰਕ ਵੀ, ਸੁਣਕੇ ਸਿੰਘ ਦੇ ਵਾਕ।

ਠਾਣੇਦਾਰ— ਅਹਿਮਦ ਖਾਂ ਠਾਣੇਦਾਰ ਨੇ, ਕਿਹਾ ਸਿੰਘ ਸ੍ਰਦਾਰ।
ਕਾਸ ਨੂੰ ਬੋਲੋ ਸਿੰਘ ਜੀ, ਕੌਂਸਲ ਹੁਕਮ ਹੰਕਾਰ।

ਨੋਟ—ਠਾਨੇਦਾਰ ਨਰੈਣ ਗੜ੍ਹ ਪਿੰਡ ਦਾ ਮੁਸਲਮਾਨ ਸੀ ਜੋ ਸਕਰੌਦੀਆ ਦੇ ਨਜ਼ਦੀਕ ਹੈ।

ਮੁਕਾਓ ਝਗੜਾ ਸ਼ਿੰਘ ਸਾਹਿਬ, ਉਤੋਂ ਆਈ ਰਾਤ।
ਜਾਵੋ ਨਗਰ ਆਪਣੇ, ਰਾਤ ਮੁਕੀ ਤੇ ਬਾਤ।
ਹੀਰਾ ਸਿੰਘ ਜੀ ਹੋ [illegible], ਘੋੜੇ [illegible] ਅਸਵਾਰ।
ਸਕਰੌਦੀ ਆ ਗਏ ਚਲਕੇ, ਕੌਂਸਲ ਦੀ ਸੁਣਕਾਰ।
ਵਿੱਚ ਕੋਟਲੇ ਸਿੰਘ ਨਾਲ, ਹੋਏ ਸੀ [illegible] ਬਿਆਨ।
ਹੀਰਾ ਸਿੰਘ ਜੀ ਬਣੇ [illegible] ਮਸਤਾਨਿਆਂ ਦੇ ਪ੍ਰਧਾਨ। ੧੯

*
*

ਨਾਮ[illegible] ਨੇ ਅੰਮ੍ਰਿਤਸਰ ਦੇ ਬੂਚੜ ਕਤਲ ਕਰਨੇ

ਬਿਕਰਮ ਉਨੀ ਸੌ ਅਠਾਈਏ, ਅੰਮ੍ਰਿਤਸਰ ਬਜ਼ਾਰ।
ਬੂਚੜ ਗਊਆਂ ਮਾਰਦੇ, ਗੋਰੀ ਮਦਦ ਸਰਕਾਰ।
ਨਾਮਧਾਰੀ ਸਿੰਘ ਸੂਰਬੀਰ, ਮਾਝੇ ਦੇ ਬੀਰ ਦਲੇਰ।
ਬੂਚੜ ਕੀਤੇ ਕਤਲ ਸੀ, ਫੜਕੇ ਤੇ ਸ਼ਮਸ਼ੇਰ।
ਹਾਕਮਸਿੰਘਬੀਹਲਾਸਿੰਘਜੀ,ਲਹਿਣਾਸਿੰਘ ਫਤਹਿਸਿੰਘ ਚਾਰ।
ਫਾਂਸੀ ਲਾਏ ਗੋਰਿਆਂ, ਰਾਮ ਬਾਗ ਵਿਚਕਾਰ।
ਹੱਸ ਹੱਸ ਹੋਏ ਸ਼ਹੀਦ ਸਿੰਘ, ਧਰਮ ਤੋਂ ਵਾਰੀ ਜਾਨ।
ਅੰਮ੍ਰਿਤਸਰ ਦਾ ਅਦਬ ਕਰ, ਕੂਕੇ ਹੋਏ ਕੁਰਬਾਨ। ੨੦

ਨੋਟ–ਈਸਵੀ ੧੮੭੧ ਨੂੰ ੧੫ ਦਸੰਬਰ ਰਾਮ ਬਾਗ ਦੇ ਬਾਹਰ ਅੰਮ੍ਰਿਤਸਰ ਚਾਰ ਸ਼ਹੀਦ ਹੋਏ, ਇਕ ਸਿੰਘ ਫੇਰ ਫਾਂਸੀ ਦਿੱਤਾ। ਏਸੇ ਹੀ ਮੁਕਦਮੇ ਵਿੱਚ ਚਾਰ ਸਿੰਘ ਕਾਲੇ ਪਾਣੀ ਭੇਜੇ ਗਏ।

ਰਾਇ ਕੋਟ ਦੇ ਬੁਚੜ ਕਤਲ

†ਪਿਥੋ ਪਿੰਡ ਦੇ ਸਿੰਘ ਜੋ, ਹੋ ਗਏ ਤਿਆਰ ਬਰ ਤਿਆਰ ।
ਬੁਚੜ ਮਾਰੇ ਰਾਇ ਕੋਟ, ਸਿੰਘਾਂ ਫੜ ਤਲਵਾਰ ।
ਮੁਕਬਰ ਵਾਹਿਦਾ ਮਾਫ ਹੋ, ਤਿੰਨੇ ਸਿੰਘ ਫੜਾਏ ।
ਗੁਰਮੁਖਸਿੰਘ ਤੇ ਮੰਗਲ ਸਿੰਘ, ਮੁਸਤਾਨ ਸਿੰਘ ਫਾਂਸੀ ਲਾਏ ।
ਸੂਬਾ ਗਿਆਨੀ ਸਿੰਘ ਜੀ, ਰਤਨ ਸਿੰਘ ਸਰਦਾਰ ।
ਬੇਦੋਸੇ ਪਕੜੇ ਗੋਰਿਆਂ, ਨਹੀਂ ਸੀ ਕਾਤਲ ਨਾਲ ।
‡ਲੁਧਿਆਣੇ ਲਿਆ ਕੇ, ਦੋਵੇਂ ਕੀਤੇ ਬੰਦ ।
ਮੁਕਬਰ ਕਰੇ ਗੁਆਹ ਫਿਰ, ਗੋਰਿਆਂ ਦੇ ਪਸੰਦ ।
ਦੋਵੇਂ ਆਗੂ ਪੰਥ ਦੇ, ਦਿਤੇ ਫਾਂਸੀ ਚਾੜ ।
ਹਸ ਹਸ ਹੋਏ ਸ਼ਹੀਦ ਦੋਵੇਂ ਆਪਣੇ ਧਰਮ ਨੂੰ ਵਾਰ ।

ਸ਼ਹੀਦਾਂ ਦੇ ਨਮਿੱਤ ਭੈਣੀ ਸਾਹਿਬ ਸ੍ਰੀ ਗਰੰਥ ਸਾਹਿਬ ਦਾ ਭੋਗ

ਪਾਠ ਕਰੇ ਅਰੰਭ ਸੀ, ਸ੍ਰੀ ਗੁਰੂ ਸ੍ਰੀ ਗਰੰਥ ।
ਭੈਣੀ ਸਾਹਿਬ ਭੋਗ ਪਾਵਣੇ, ਕੱਠਾ ਸਾਰਾ ਪੰਥ ।

---

†੫ ਅਗਸਤ ੧੮੭੧ ਈ: ਨੂੰ ਸਿੰਘ ਪਿਥੋ ਪਿੰਡ ਦੇ ਤਿੰਨ ਸਿੰਘ ਰਾਇ ਕੋਟ ਸ਼ਹੀਦ ਕੀਤੇ ਗਏ। ਉਸੇ ਦਿਨ ਹੀ ਉਨ੍ਹਾਂ ਦਾ ਸਸਕਾਰ ਪਿਥੋ ਪਿੰਡ ਜਾ ਕੇ ਕੀਤਾ ।

‡ਇਹ ਦੋਵੇਂ ਸਿੰਘ ਲੁਧਿਆਨੇ ਜੇਹਲ ਮੂਹਰੇ ਪਿਪਲ ੧੮੭੧ ਈ: ੨੬ ਨਵੰਬਰ ਨੂੰ ਸ਼ਹੀਦ ਕੀਤੇ ਗਏ ਜਿਨ੍ਹਾਂ ਦਾ ਸਸਕਾਰ ਕਿਲੇ ਦੇ ਪਾਸ ਬੁਢੇ ਦਰਿਆ ਤੇ ਕੀਤਾ ਗਿਆ ।

ਛੇ ਸੌ ਪਾਠ ਕਰਨ ਸਿੰਘ,ਸ਼ਹੀਦਾਂ ਦੀ ਯਾਦ ਮਨਾਣ।
ਸ੍ਰੀ ਸਤਿਗੁਰੂ ਰਾਮ ਸਿੰਘ, ਸੰਗਤ ਲਗੇ ਬੁਲਾਣ।
ਮਹਿਲ ਗੁਰਾਂ ਦੇ ਜੋ ਸੀ, ਛੱਡ ਗਏ ਉਹ ਸਰੀਰ।
ਕੀਤੇ ਪਾਠ ਨਮਿਤ ਦੇ, ਉਹਨਾਂ ਦੀ ਅਖੀਰ।
ਬਿਕਰਮ ਉਨੀਸੌ ਅਠਾਈ ਆ, ਮਹੀਨਾ ਹੈਸੀ ਮਾਘ।
ਲੋਹੜੀ ਦਾ ਦਿਨ ਮਿਥਿਆ, ਸਿੰਘ ਆਏ ਘਰ ਤਿਆਗ।
ਰਾਤ ਦਿਨ ਲੰਗਰ ਵਰਤਦਾ,ਬਹੁਤ ਸੰਗਤ ਦਾ ਕੱਠ।
ਗਿਣ ਨਾ ਸਕਦਾ ਕੋਈ, ਇਕ ਸੀ ਜਾਂ ਸਵਾ ਲੱਖ।
ਮਸਤਾਨਾ ਦਲਵੀ ਆ ਗਿਆ,ਭੈਣੀ ਸਾਹਿਬ ਨੂੰ ਆਪ।
ਵਿਚ ਅਕਾਲ ਬੁੰਗੇ ਦੇ, ਕੀਤਾ ਉਹਨਾਂ ਨਿਵਾਸ।
ਦੇਗ ਪੀਣ ਉਹ ਰਗੜ ਕੇ, ਬਾਣੀ ਦਸਮ ਗਰੰਥ।
ਰਾਜ ਫਰੰਗੀ ਗਰਕ ਕਰੇ, ਰਾਜ ਕਰੇਗਾ ਪੰਥ।
ਕਰਨਾ ਮੁਲਕ ਅਜ਼ਾਦ ਹੈ, ਬੋਲੇ ਬੋਲਣ ਸਿੰਘ।
ਬੁਚੜ ਕਾਤਲ ਮਾਰਨੇ, ਰਹਿਣ ਨਹੀਂ ਦੇਣੇ ਹਿੰਦ।
ਮੇਲੇ ਦੇ ਭੋਗ ਪਾ ਕੇ ਤੋਰੇ ਸਿੰਘਾਂ ਨੇ ਖਾਸ।
ਛੇ ਸੌ ਭੋਗ ਪਾਏ ਸਨ, ਸ਼ਹੀਦਾਂ ਨਮਿੱਤ ਅਰਦਾਸ।
ਇਕ ਸੌ ਪੰਝੀ ਭੋਗ ਹੋਰ ਸ੍ਰੀ ਗਰੰਥ ਦੇ ਪਾਏ।
*ਮਾਤਾ ਜੱਸਾਂ ਨਮਿਤ ਜੋ, ਕਰੀ ਅਰਦਾਸ ਸੁਣਾਏ।
ਭੋਗ ਪਾਏ ਤਿੰਨ ਪੰਥੇ ਨੇ, ਵਰਤਿਆ ਕੜਾਹ ਪ੍ਰਸ਼ਾਦਿ।
ਰੋਸਾ ਸੀ ਅੰਗਰੇਜ਼ ਤੇ, ਸ਼ਹੀਦਾ ਸਿੰਘ ਦੀ ਯਾਦ।
ਵਿਦਿਆ ਕਰੀ ਸੀ ਗੁਰਾਂ ਨੇ, ਸੰਗਤ ਜੋ ਹਰ ਦੇਸ।
ਹਰ ਇਕ ਸਿੰਘ ਨੂੰ ਤੋਰਦੇ, ਦੇ ਪਰਮ ਉਪਦੇਸ਼।

---

*ਮਾਤਾ ਜੱਸਾਂ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਸਨ। ਇਹ ਬਿਕਰਮੀ ੧੯੨੭ ਕਤਕ ਨੂੰ ਚੜ੍ਹਾਈ ਕਰ ਗਏ।


ਅਕਾਲ ਬੁੰਗੇ ਮਸਤਾਨੜੇ, ਬੈਠੇ ਡੇਰਾ ਮਲ।
ਉਹ ਨਾ ਤੁਰੇ ਪਿੰਡ ਨੂੰ, ਕਹਿਣ ਜੋਸ਼ੀਲੀ ਗੱਲ।
ਕਰਦੇ ਬਚਨ ਬਿਲਾਸ ਇਹ, ਕਰਨਾ ਖਾਲਸੇ ਰਾਜ।
ਕਢੋ ਫਰੰਗੀ ਦੇਸ਼ ਤੋਂ, ਹੈਨ ਜੋ ਧੋਖੇਬਾਜ਼।
ਬੇਦੋਸ਼ੇ ਗਿਆਨੀ ਸਿੰਘ ਜੀ, ਰਤਨ ਸਿੰਘ ਸਰਦਾਰ।
ਮਾਰੇ ਫਰੰਗੀਆਂ [illegible], ਦਿਤੇ ਫਾਂਸੀ ਚਾੜ੍ਹ।
ਧੋਖੇ ਨਾਲ ਹੀ ਗੋਰਿਆਂ, ਪਕੜਿਆ ਸਿੰਘ ਦਲੀਪ।
ਕੈਦ ਕੀਤਾ ਉਸ ਨੂੰ, ਦੇਸ਼ ਕਿਸੇ ਵਿਚ ਦੀਪ।
ਕਰ ਲੈ ਪ੍ਰਣ ਮਰਨ ਦੇ, ਕਰਨਾ ਵਤਨ ਅਜ਼ਾਦ।
ਜਾਂ ਮਰ ਜਾਵੇ ਦੇਸ ਹਿਤ, ਹੋਵੇ ਹਿੰਦ ਅਬਾਦ।
ਹੀਰਾ ਸਿੰਘ ਲਹਿਣਾ ਸਿੰਘ ਜੀ, ਖੀਰ ਰਸ ਦਾ ਜੋਸ਼।
ਕੀਤਾ ਪ੍ਰਣ ਮਰਨ ਦਾ, ਅੰਗਰੇਜ਼ਾਂ ਤੇ ਸੀ ਰੋਸ।
ਅਕਾਲ ਬੁੰਗੇ ਵਿਚ ਸਿੰਘ ਇਕ, ਆਇਆ ਹੈ ਸੀ ਚਲ।
ਕੋਟਲੇ ਕੀਤਾ ਜ਼ੁਲਮ [illegible] ਦੱਸਦਾ ਗਲ।

O—O

ਭਾਈ ਗੁਰਮੁਖ ਸਿੰਘ ਭੈਣੀ ਸਾਹਿਬ

ਅਕਾਲ ਬੁੰਗੇ ਵਿਚ

ਰਿਆਸਤ ਕੋਟਲੇ ਵਿਚ ਹੈ, ਦੁਰਵਾਹੀ ਮੇਰਾ ਗ੍ਰਾਮ।
ਨੰਬਰਦਾਰ ਮੈਂ ਪਿੰਡ ਦਾ, ਗੁਰਮੁਖ ਸਿੰਘ ਹੈ ਨਾਮ।
ਮੇਲੇ ਭੈਣੀ ਸਾਹਿਬ ਦੇ, ਤੁਰੇ ਸਿੰਘ [illegible] ਚਾਰ।
ਬੇਲਾ ਸਿੰਘ ਤੇ ਖੜਕ ਸਿੰਘ, ਭੂਪ ਸਿੰਘ ਮੇਰੇ ਨਾਲ।
ਆਏ ਕੋਟਲੇ [illegible]।
ਮੈਂ ਦੇਖੇ ਸਰਕਾਰੀ [illegible] ਵਿਚ [illegible]।
ਰਾਹ ਪਿਆ ਮੈਂ ਕੋਟਲੇ, ਤੁਰਕ ਰਲਿਆ ਮੇਰੀ ਗੈਲ।
ਮੂਲੀਆਂ [illegible] ਉਸ ਨੇ [illegible]।



ਮਲੇਰ ਕੋਟਲੇ ਵਿਚ ਭਾਈ ਗੁਰਮੁਖ ਸਿੰਘ ਜੀ ਦੀ ਬੈਲ ਪਰ ਦਇਆ

ਉਚੇ ਨੀਵੇਂ ਸਰਕੜੇ, ਉਚੇ ਟਿਬੇ ਰੇਤ।
ਭਾਰ ਸੀ ਬਹੁਤਾ ਬੈਲ ਤੇ, ਰਸਤਾ ਤੁਰਦਾ ਵੇਖ।
ਤੁਰਕ ਮਾਰਦਾ ਬੈਲ ਨੂੰ, ਸੋਟਿਆਂ ਦੇ ਸੀ ਨਾਲ।
ਮੈਂ ਕਿਹਾ ਮੀਆਂ ਮਾਰ ਨਾ, ਬੈਲ ਤੇ ਬਹੁਤਾ ਮਾਲ।
ਬੈਲ ਪਿਆ ਉਹ ਧੋਖੜੇ, ਉਚਾ ਟਿਬਾ ਰਾਹ।
ਤੁਰਿਆ ਨਾ ਜਾਵੇ ਉਸ ਤੋਂ, ਅੜਿੰਗੇ ਲੈਕੇ ਸਾਹ।
ਸੋਟੇ ਮਾਰੇ ਤੁਰਕ ਨੇ, ਕੀਤਾ ਬੈਲ ਨਿਢਾਲ।
ਵੇਖ ਦਸ਼ਾ ਉਸ ਬੈਲ ਦੀ, ਮੈਂ ਕਿਹਾ ਹਲੀਮੀ ਨਾਲ।
ਬੇਜ਼ਬਾਨ ਇਹ ਜਾਨਵਰ, ਭਾਰ ਉਤੇ ਹੇਠ ਰੇਤ।
ਦਸ ਨਾ ਸਕੇ ਦੁਖ ਇਹ, ਉਚਾ ਟਿੱਬਾ ਭੇਤ।
ਹੌਲੀ ਹੌਲੀ ਤੋਰ ਤੂੰ, ਕੇਟਲਾ ਸ਼ਹਿਰ ਨਜ਼ਦੀਕ।
ਬੋਲ ਨਾ ਸਕਦਾ ਬੈਲ ਇਹ, ਨਹੀਂ ਮਾਰਨਾ ਠੀਕ।
ਗਊ ਗਰੀਬ ਹੈ ਜਾਨਵਰ, ਦੁਖ ਨਾ ਦਸੇ ਬੋਲ।
ਸੋਟੇ ਮਾਰ ਨਾ ਬੈਲ ਨੂੰ, ਸ਼ਹਿਰ ਹੈ ਦਿਸਦਾ ਕੋਲ।
ਪ੍ਰਾਣੀ ਉਹਦੇ ਹਥ ਵਿਚ, ਜਿਸ ਵਿਚ ਲੋਹੇ ਦੀ ਆਰ।
ਚੋਭ ਦਿਤੀ ਸੀ ਉਸ ਨੇ, ਅੜਿੰਗਿਆ ਬੈਲ ਪੁਕਾਰ।
ਅਗੋਂ ਆਖੇ ਤੁਰਕ ਉਹ, ਮੈਨੂੰ ਕਸਮ ਕੁਰਾਨ।
ਕਰ ਲਿਆਂ ਅਜ ਹਲਾਲ ਮੈਂ, [illegible] ਤੇਰੇ ਪ੍ਰਾਣ।
ਮੈਂ ਕਿਹਾ ਮੀਆਂ ਬੋਲ ਨਾ, ਭੈੜਾ ਆਖ ਨਾ ਵਾਕ।
ਜਗਤ ਪਾਲਕ ਗਊ ਹੈ, ਪਸ਼ੂਆਂ ਦਾ ਸਿਰ ਪਾਕ।
ਅਗੋਂ ਆਖੇ ਤੁਰਕ ਉਹ, ਕੁਰਜੜਾ ਕਰੇ ਪੁਕਾਰ।
ਮੇਰਾ ਬੈਲ ਹੈ ਸਿਖੜਿਆ, ਮੈਂ ਦੇਣਾ ਹੈ ਮਾਰ।
ਤੂੰ [illegible] ਬੈਲ [illegible] ਕਰਨਾ ਅਜ ਹਲਾਲ।
ਮਤਾ [illegible] ਜਦੋਂ [illegible] ਕੰਗਾਲ।
ਫਿਰਦਾ ਤੂੰ ਹੈਂ ਭੁਲਿਆ, ਚਾਕੂ ਪੱਗ ਤੇ ਕੱਢ।
ਨਾਲ ਛੁਰਿਆਂ ਜੋੜੇ ਬੈਲ ਦੀ, [illegible] ਸੱਟ।

ਇਹ ਆਖ ਕੇ ਤੁਰਕ ਉਹ, ਬੈਲ ਤੇ ਬੈਠਾ ਆਣ।
ਤਾਹਨੇ ਮਾਰੇ ਉਸ ਨੇ, ਮੇਰੇ ਸੀਨੇ ਬਾਣ। ੭
ਘੇਰ ਮੈਂ ਉਸ ਤੁਰਕ ਹੈ, ਲਿਆਂਦਾ ਕਤਵਾਲੀ ਵਿਚ।
ਦਸੀ ਸਾਰੀ ਬ੍ਰਿਥਿਆ, ਥਾਣੇਦਾਰ ਸੀ ਇਕ।
ਰੌਲਾ ਦੋਨਾਂ ਦਾ ਸੁਣ ਕੇ, ਕਾਜ਼ੀ ਜੋ ਨੂਰਦੀਨ।
ਉਹਨੇ ਸੱਦੇ ਅਹਿਲਕਾਰ, ਕੌਂਸਲ ਬਣੀ ਨਵੀਨ। ੮
ਅਬਦਲ ਖਾਂ ਸੀ ਬੋਲਦਾ, ਸਿਖੜੇ ਨੂੰ ਦਿਓ ਬਿਠਾਲ।
ਵਿਚ ਕਤਵਾਲੀ ਏਸ ਨੂੰ, ਬੰਨੋ ਰੱਸੇ ਨਾਲ।
ਹਥ ਪੈਰ ਰਸੇ ਪਕੜ ਕੇ, ਦਿਤਾ ਮੈਨੂੰ ਬੰਨ।
ਸਦੇ ਬੁਚੜ ਚਾਰ ਸੀ, ਮੇਰੇ ਕੀਤੇ ਸੰਨ। ੯
ਬੈਲ ਨੂੰ ਉਹਨਾਂ ਨੂੜਿਆ, ਧਰਤੀ ਤੇ ਦਿਤਾ ਸਿੱਟ।
ਕਾਜ਼ੀ ਕਲਮਾ ਬੋਲਿਆ, ਤੁਰਕ ਕਤਵਾਲੀ ਵਿੱਚ।
ਮੇਰੇ ਸਾਹਮਣੇ ਬੁਚੜਾਂ, ਦਿਤਾ ਬੈਲ ਸੀ ਮਾਰ।
ਇਹ ਗਲ ਦਸੀ ਸਿੰਘ ਨੇ, ਉਚੀ ਧਾਹਾਂ ਮਾਰ। ੧੦
ਰਾਮ ਗਊਆਂ ਦੇ ਬਧ ਜੋ, ਬੀੜਾਂ ਦੇ ਸਨ ਵਿਚ।
ਮਾਰ ਖਪਾਏ ਨੇ ਉਹ ਵੀ, ਕੌਂਸਲ ਕੋਟਲੇ ਨਿੱਤ।
ਮਸਤਾਨੇ ਹੋਏ ਜੋਸ਼ ਵਿਚ, ਆਖਣ ਅਸੀਂ ਤਿਆਰ।
ਮਾਰੋ ਜਾ ਕੇ ਕੋਟਲਾ, ਬੁਚੜ ਤੇ ਅਹਿਲਕਾਰ। ੧੧
ਹੀਰਾ ਸਿੰਘ ਜੀ ਆਖਦੇ, ਗੁਰਮੁਖ ਸਿੰਘ ਸਰਦਾਰ।
ਬਿਊਂਦਾ ਆਇਆ ਕਾਸ਼ ਨੂੰ, ਪੀਕੇ ਖੰਡਿਓ ਧਾਰ।
ਮਰ ਜਾਂਦਾ ਵਿਚ ਕੋਟਲੇ, ਦੇਵੇ ਚੋਰਾ ਫੂਕ ਜਾਲ।
ਕਰਨਾ ਵਤਨ ਅਜ਼ਾਦ ਸੀ, ਹੋਣਾ ਸੀ ਕੁਰਬਾਨ। ੧੨
ਸੋਚੀ ਸੀ ਇਹ ਯੋਜਨਾ, ਹੁਣ ਹੈ ਵਸ ਕਰਤਾਰ।
ਕੋਟਲੇ ਬੂਚੜ ਮਾਰੀਏ, ਫੜ ਕੇ ਤੇ ਤਲਵਾਰ।
ਕਹਿਣ ਮਸਤਾਨੇ ਸਿੰਘ ਸਭ, ਅਸੀਂ ਹਾਂ ਸਾਰੇ ਤਿਆਰ।
ਸੋਧੋ ਬੂਚੜ ਕੋਟਲੇ, ਘਰਿਲੈ ਲਵ ਹਥਿਆਰ। ੧੩

ਰਿਆਸਤ ਕਰੋ ਅਧੀਨ ਸਭ, ਹਥਿਆਰਾਂ ਨੂੰ ਲਵੋ ਹੱਥ।
ਫਰੰਗੀਆਂ ਸ਼ਾਹੀ ਕੱਢੀਏ, ਫੌਜੀ ਰਿਆਸਤਾਂ ਝੱਟ।
ਸ਼ਹੀਦੀ ਅੰਮ੍ਰਿਤ ਮਰਨ ਦਾ, ਪਹਿਲੇ ਕਰੋ ਤਿਆਰ।
ਗਾਨੇ ਬੰਨੋ ਮੌਤ ਦੇ, ਮਰਾਂਗੇ ਮੰਡਕ ਦੇ ਨਾਲ।
ਮਰਨੇ ਤੋਂ ਕੀ ਡਰਨ ਓ, ਜੋ ਹੁਨ ਸਿੰਘ ਦਲੇਰ।
ਸ੍ਰੀ ਗੁਰੂ ਗੋਬਿੰਦ ਸਿੰਘ, ਗਿਦੜੋਂ ਕੀਤੀ ਸ਼ੇਰ।
ਅਕਾਲ ਬੁੰਗੇ ਵਿਚ ਬਿਸ਼ਨ ਸਿੰਘ ਸੀ ਮਸਤਾਨੇ ਦਲ।
ਆਖਰ ਮਾਰੋ ਕੋਟਲਾ, ਬੁਚੜ ਜਾਕੇ ਚਲ।

★

ਗੁਰਮਤਾ ਮਸਤਾਨਿਆਂ ਸਿੰਘਾਂ ਦਾ

ਜਥੇਦਾਰ ਵਰਿਆਮ ਸਿੰਘ, ਮਹਿਰਾਜੋਂ ਸੀ ਸਰਦਾਰ।
ਸ਼ਿਆਮ ਸਿੰਘ, ਲੱਦਾ ਸਿੰਘ, ਜਵਾਹਰ ਸਿੰਘ ਜਥੇਦਾਰ
ਤਿੰਨੇ ਜੋਗੇ ਪਿੰਡ ਦੇ, ਚਹਿਲ ਗੋਤ ਪ੍ਰਧਾਨ,
ਮਹੰਤ ਸੋਭਾ ਸਿੰਘ ਰਬੋਂ ਤੇ, ਗਿਆਨੀ ਸੀ ਵਿਦਵਾਨ।
ਹਰਨਾਮ ਸਿੰਘ ਕਟਾਰ ਸਿੰਘ, ਧਨੌਲੇ ਦੋ ਸੀ ਦੋ।
ਗੁਰਮੁਖ ਸਿੰਘ ਫਰਵਾਹੀ ਪਿੰਡ ਤੋਂ ਜਥੇਦਾਰ [illegible]।
ਸਕਰੌਦੀ ਤੋਂ ਸਰਦਾਰ ਸਨ, [illegible] ਜੋਧੇ ਵੀਰ।
ਹੀਰਾ ਸਿੰਘ ਲਹਿਣਾ ਸਿੰਘ ਜੀ, ਅਨੂਪ ਸਿੰਘ ਤਦਬੀਰ।
ਇੰਦ ਕੌਰ ਜਥੇਦਾਰਨੀ, ਪਰੀ ਨੰਦ ਸਿੰਘ ਸਾਥ [illegible]
ਇੱਕ ਕਿਆਮੇ ਤੋਂ ਇਹ ਮਸਤ ਸੀ, ਖੇਮ ਕੌਰ ਵਿਚ ਪਰਵਾਸ।
ਗੁਰਮਤਾ ਸੋਧਾ ਬੈਠ ਕੇ, ਚੌਦਾਂ ਸਿੰਘ ਹੋਏ ਵੱਖ।
ਕਰਨਾ ਮੁਲਕ ਅਜ਼ਾਦ ਜੀ, ਦਿਓ ਜਗਤ ਵਿਚ ਦੱਸ।
ਜਗੀਰਦਾਰ ਸਰਦਾਰ ਜੋ, ਸਾਰੇ [illegible] ਉਹ ਲਾਲਚੀ।
ਪਹਿਲੇ ਮਾਰਕੇ ਕੋਟਲਾ, [illegible]
[illegible]

ਗੋਰਿਆਂ ਨੂੰ ਕਢੋ ਦੇਸ਼ ਤੋਂ, ਕਰਕੇ ਜ਼ੋਰ [illegible]
ਚਿਠੀਆਂ ਲਿਖੀਆਂ ਸਿੰਘਾਂ ਨੇ ਆਪਣੇ ਸਾਰੇ ਸੰਗ।
ਦੇਸ਼ ਅਜ਼ਾਦ ਕਰਨ ਹਿਤ, ਕਰਨਾ ਅਸਾਂ ਨੇ ਜੰਗ।

★

ਸਿੰਘਾਂ ਚਿੱਠੀਆਂ ਲਿਖਣੀਆਂ

ਬੈਂਤ—

ਹੀਰਾ ਸਿੰਘ ਜੀ ਚਿੱਠੀਆਂ ਲਿਖਣ ਲੱਗੇ,
ਪਹਿਲੇ ਸਗਨ ਨੇ ਲਿਖੇ ਵਧਾਈਆਂ ਦੇ।
ਸਿਹਰੇ ਬੰਨ ਆਵੋ ਸਿੰਘੋ ਦੇਸ਼ ਖਾਤਰ,
ਪਹਿਲੇ ਕਟਣੇ ਮੂੰਡ ਕਸਾਈਆਂ ਦੇ।
ਕਰਨਾ ਦੇਸ਼ ਅਜ਼ਾਦ ਦਾ ਜੰਗ ਸਿੰਘੋ,
ਮਰਨ ਧਰਮ ਉਤੇ ਪੁਤਰ ਮਾਈਆਂ ਦੇ।
ਗਾਨੇ ਬੰਨ ਕੇ ਮੌਤ ਨੂੰ ਹੈ ਵਰਨਾ [illegible]
[illegible] ਬੀਰ [illegible] ਪੁਤਰ [illegible] ਦੇ।
[illegible] ਕੋਟਲੇ ਉਤੇ ਆਵੋ ਹਥਿਆਰ ਲੈ [illegible]
ਹੱਲਾ ਕਰਨਾ ਹੈ ਸਿੰਘ ਭੁਜੰਗੀਆਂ [illegible]
ਬਿਸ਼ਨ ਸਿੰਘ ਰਲੋ ਸਾਰੇ ਨਾਲ [illegible]
ਪਿੰਡੋਂ ਭਜਣਾ ਫੇਰ ਫਰੰਗੀਆਂ [illegible]

ਬੈਂਤ—

ਤੁਸੀਂ ਸਿੰਘੋ ਸਰਦਾਰੋ [illegible]
[illegible] ਆਖਣੇ ਲੋ ਹਥਿਆਰ [illegible]
[illegible] ਆਪਣੇ ਸਿਰਾਂ ਚੋ ਬੰਨ੍ਹ ਆਵੋ [illegible]
ਪ੍ਰੇਮ ਮਰਨ ਦਾ ਧਾਰ ਤਿਆਰ [illegible]
[illegible] ਰਾਜ ਵਿਚ ਜਿਊਣ ਤੋਂ [illegible]
[illegible] ਪਿਆਰਾ ਹੈ ਸਿੰਘੋ [illegible]

ਇਕ ਮਿਕ ਹੋ ਹੰਭਲਾ ਮਾਰਨਾ ਹੈ,
ਗਰੀਬ ਕੰਗਾਲ ਅਮੀਰ ਸਰਦਾਰ ਆਵੋ।
ਭਾਫਤ ਵਰਸ਼ ਵਿਚ ਅੱਸੀ ਹਜ਼ਾਰ ਗੋਰਾ,
ਹਿੰਦੋਂ ਕਢ ਦਿਊ ਅਜ ਫਰੰਗੀਆਂ ਨੂੰ।
ਦੇਸ਼ ਦੀ ਖਾਤਰ ਕੁਰਬਾਨ ਹੋ ਜਾਓ,
ਬਿਸ਼ਨ ਸਿੰਘ ਹੁਣ ਕਢੋ ਫਰੰਗੀਆਂ ਨੂੰ।

ਵਾਕ ਕਵੀ—

ਲਿਖੀਆਂ ਚਿੱਠੀਆਂ ਸਿੰਘ ਸੀ ਤੋਰ ਦਿਤੇ,
ਭਾਗ ਸਿੰਘ ਜੋ ਮਹਿਰਾਜੋਂ ਸਰਦਾਰ ਕੂਕਾ।
ਜਗੀਰਦਾਰਾਂ ਸਰਦਾਰਾਂ ਦੇ ਪਾਸ ਜਾਂਦਾ,
ਨਾਭੇ ਵਿਚ ਪਟਿਆਲੇ ਦੇ ਯਾਰ ਕੂਕਾ।
ਬਲਾੜੀ ਪਿੰਡ ਦੇ ਸਕੇ ਸੀ ਦੋ ਭਾਈ,
ਰੂਮ ਸਿੰਘ ਗਿਆਨ ਤਿਆਰ ਕੂਕਾ।
ਜੀਂਦ ਨਾਭੇ ਪਟਿਆਲੇ ਵਿਚ ਗਏ ਪਿੰਡੀਂ,
ਮਸਤਾਨੇ ਦਲ ਦੇ ਜੋ ਅਨੁਸਾਰ ਕੂਕਾ।
ਪੰਜਾਬ ਸਿੰਘ ਭੰਗੂ ਗਿਆ ਲੈ ਚਿੱਠੀ
ਸਨਾਮ, ਪਰਗਨੇ ਵਿਚ ਵੀਚਾਰ ਕੂਕਾ।
ਖਬਰਾਂ ਘਲੀਆਂ ਸਿੰਘ ਮਸਤਾਣਿਆਂ ਨੇ,
ਜਿਥੇ ਜਿਥੇ ਸੀ ਮਰਜ਼ੀ ਮਸਤਾਨਿਆਂ ਦੀ।
ਮਾਰ ਮਰਨ ਦੇ ਵਸਿੜੇ ਹੋਏ ਕੱਠੇ,
ਜੋਤ ਬਲਦੀ ਸਦਾ ਪਰਵਾਨਿਆਂ ਦੀ।
ਊਧਮ ਸਿੰਘ ਅੰਡਿਆਏ ਤੋਂ ਤੋਰ ਦਿਤਾ,
ਕਰੇ ਕੋਟਲੇ ਸ਼ਹਿਰ ਨੂੰ ਸਾਰ ਜਾਕੇ।
ਰਿਆਸਤ ਕੋਟਲੇ ਪਿੰਡਾਂ ਦੇ ਵਿਚ ਜਾਕੇ,
ਦਸਦਾ ਸਿੰਘਾਂ ਨੂੰ ਨਾਲ ਪਿਆਰ ਜਾਕੇ।
ਗਊ ਮਾਰਨ ਤੋਂ ਤੁਰਕਾਂ ਨਾ ਬਾਜ਼ ਆਉਂਦੇ,

ਸਿੰਘ ਕਰਨਗੇ ਨਹੀਂ ਖੁਆਰ [illegible]
ਲਗੀ ਖਬਰ ਸੀ ਕੋਟਲੇ ਵਾਲਿਆਂ ਨੂੰ,
ਕੌਂਸਲ ਸੁਣੇ [illegible] ਗਲ ਹੰਕਾਰ [illegible]
ਉਧਮ ਸਿੰਘਾਂ ਨੇ ਚਜਿਆ ਸਿੰਘਾਂ ਤਾਈਂ [illegible]
ਆਉਣ ਬਾਜ ਨਾ ਤੁਰਕ ਹਥਿਆਰ ਤੇਜੀ [illegible]
ਮਸਤਾਨੇ ਆਖਦੇ ਲਵੋ ਹਥਿਆਰ ਛੇਤੀ,
ਲਵੋ ਮਦਦ ਕਿਸੇ ਸਰਦਾਰ ਤੋਂ ਜੀ।

—o—

ਸ: ਹੀਰਾ ਸਿੰਘ ਜੀ ਅਕਾਲ ਬੁੰਗੇ ਸ੍ਰੀ ਭੈਣੀ ਸਾਹਿਬ ਵਿਚ [illegible]

ਚਿਠੀਆਂ ਲੈ [illegible] ਗਏ ਸਿੰਘ, [illegible] ਬੋਲ ਜੈਕਾਰਾ।
ਹੀਰਾ ਸਿੰਘ ਸੁਦਾਰ ਕਹੇ, ਜੋ ਗਿਆਨ ਭੰਡਾਰਾ।
ਗੀਤਾ ਦਾ ਗਿਆਨ ਜਿਤਸੀ, ਕ੍ਰਿਸ਼ਨ ਸੁਣਾਇਆ।
ਆਤਮਾ ਅਤੇ ਸਰੀਰ, ਨਿਰਨਾ ਕਰਵਾਇਆ।
ਮਾਂ ਬਾਪ ਤੇ ਪੁਤਰ ਧੀ, ਕਲਪਤ [illegible] ਸਾਰਾ।
ਰਚਨਾ ਰਚੀ ਹੈ ਰਾਮ ਨੇ, ਕਰ ਜੀਵ [illegible]।
ਆਤਮਾ ਮਰੇ ਨਾ ਕਦੇ ਵੀ, ਹੈ ਕਲਪ[illegible]।
ਸੁਪਨੇ ਦੇ ਵਾਂਗ ਦਿਸਦਾ, ਜਗ ਸੁ[illegible]।
ਜੋ ਪੰਛੀ ਵਿਚ ਪਿੰਜਰੇ, ਪੀਂਦਾ [illegible] ਖਾਂਦਾ।
ਉਠ ਜਾਂਦਾ ਛਡ ਪਿੰਜਰਾ, ਖਾਲੀ ਰਹਿ ਜਾਂਦਾ।
ਦੁਖ ਸੁਖ ਹੈ ਕਲਪਣਾ, [illegible] ਘੁਮ ਘੁਮਾ[illegible]।
ਹੇਠਾਂ ਉਤੇ ਘੁੰਮਦਾ, ਜਿਉਂ ਟਿੰਡ [illegible]।
ਮਾਇਆ ਸ੍ਰਿਸ਼ਟੀ ਕਲਪਣਾ, ਜਿਉਂ ਖੇਲ [illegible]।
ਜੰਮਣ ਮਰਨ ਦੀ ਕਲਪਣਾ, [illegible]।
ਨਹੀਂ ਮੌਤ ਮਾਰਦੀ ਕਿਸੇ ਨੂੰ, ਕਲਪਣ [illegible]

Sri Satguru Jagjit Singh Ji Elibrary NamdhariElibrary@gmail.com

ਦੁਧ ਮਖਣ ਜੋ ਕਲਪਨਾ, ਮਦ ਮਦ ਮਧਾਣੀ।
ਬੁਚੜ ਜ਼ਾਲਮ ਸੋਧਣੇ, ਕੋਟਲੇ ਵਿੱਚ ਜਾ ਕੇ।
ਗੁਲਾਮ ਦੇਸ਼ ਆਜ਼ਾਦ ਕਰੇ, ਸਿੰਘ ਸਿਰ ਲਾ ਕੇ।
ਮਸਤਾਨੇ ਸਿੰਘ ਸੂਰੇ ਬੋਲਦੇ, ਤੇ ਮਾਰ ਜੈਕਾਰੇ।
ਬਿਸ਼ਨ ਸਿੰਘ ਬੁਚੜ ਮਾਰਨੇ, ਪਾਪੀ ਹਤਿਆਰੇ।

ਸ: ਲਹਿਣਾ ਸਿੰਘ ਜੀ

ਕਹਿਆ ਉਸ ਸਰਦਾਰ ਨੇ, ਮੌਤੋਂ ਨਹੀਂ ਡਰਨਾ।
ਪਹਿਲੇ ਬੁਚੜ ਮਾਰਨੇ, ਜੰਗ ਕਰਕੇ ਮਰਨਾ।
ਵਿੱਚ ਕੋਟਲੇ ਜਾ ਕੇ, ਹਥਿਆਰਾਂ ਨੂੰ ਪਾ ਕੇ।
ਫਰੰਗੀਆਂ ਤਾਈਂ ਕਢਣਾ, ਸਭ ਸਾਥ ਮਿਲਾ ਕੇ।
ਲੁਟਣਾ ਨਹੀਂ ਕੋਟਲਾ, ਚਾਂਦੀ ਅਤੇ ਸੋਨਾ।
ਤੋਸੇਖਾਨੇ ਜਾਇ ਕੇ, ਹਥਿਆਰਾਂ ਨੂੰ ਪਾਉਣਾ।
ਜਾਲਮ ਗਊਆਂ ਮਾਰਦੇ, ਬੁਚੜ ਹੰਕਾਰੀ।
ਸੋਧੇ ਉਹਨਾਂ ਨੂੰ ਖਾਲਸਾ, ਅੱਜ ਕਰਨੀ ਤਿਆਰੀ।
ਜੇਕਰ ਹਿੰਦੂ ਤੁਰਕ ਵੀ, ਆ ਜ਼ੋਰ ਦਿਖਾਵੇ।
ਮਾਰ ਭਜਾਵੋ ਉਸ ਨੂੰ, ਮੁੜਕੇ [illegible]।
ਜਿਸ ਧਰਮ ਤੇ ਸਿਰ ਵਾਰਨੀ, ਨਾਲ ਸਾਡੇ ਚਲੇ।
ਖਾਣ ਪੀਣ ਦੇ ਬੁਜ਼ਦਿਲ, ਇਥੋਂ ਨਾ ਹੱਲੇ।
ਸਿਰ ਤਲੀ ਤੇ ਮਾਰਨ ਦਾ, ਪੂਰੇ ਬੀਰੇ ਫਿਰ [illegible]
ਜਥੇਦਾਰ ਦੇ [illegible] ਨੂੰ [illegible] ਮਾਰਨ ਜੈਕਾਰੇ।
ਮੂਹਿ ਮਰਨੇ ਦਾ ਚਾਉ [illegible] ਸਿਰ ਧਰਮ ਤੇ ਵਾਰੇ।
ਜ਼ਾਲਮ ਬੁਚੜ ਮਾਰ ਕੇ, ਸੱਚਖੰਡ ਸਿਧਾਰੇ।

ਸ: ਨੰਦ ਸਿੰਘ ਜੀ [illegible]

ਸੋਧੇ ਪਹਿਲੇ ਜਾਇ ਕੇ, ਪਟਿਆਲੇ ਦਾ ਰਾਜਾ।
ਜੋ ਮਦਦ ਕਰੇ ਅੰਗਰੇਜ ਨਾਲ, ਸਿੱਖ ਗੁਰ ਦਾ [illegible]।
ਨਾਭਾ ਰਾਜਾ ਸੰਗਰੂਰ ਸੋਧ, ਕਰਕੇ ਤੇ ਤਿਆਰੀ।
ਫਰੀਦ ਕੋਟ ਅਤੇ ਜੀਂਦ ਕੇ, ਕਰਨੀ ਹੁਸ਼ਿਆਰੀ।
ਚੜੋ ਫਿਰ ਲਾਹੌਰ ਤੇ, ਕਢ ਦਿਉ ਫਰੰਗੀ।
ਕਰੋ ਜੰਗ ਅੰਗਰੇਜ ਨਾਲ, ਸਿੰਘ ਸੂਰੇ ਜੰਗੀ।
ਸਿੱਖ ਰਾਜ ਦਰਬਾਰ ਦਾ, ਕਬਜ਼ਾ ਹੈ ਕੀਤਾ।
ਪਕੜ ਲਿਆ ਦਲੀਪ ਸਿੰਘ, ਕੈਦੀ ਕਰ ਲੀਤਾ।
ਕੋਹਿਨੂਰ ਹੀਰਾ ਲੈ ਗਏ, ਲੰਡਨ ਵਿੱਚ ਗੋਰੇ।
ਕੀਮਤੀ ਚੀਜ ਦਰਬਾਰ ਦੀ, ਲੁਟ ਪਾਈ ਚੋਰੇ।
ਰਾਜੇ ਸਿੱਖ, ਜਗੀਰਦਾਰ, ਜੋ ਜੀ ਹਜੂਰੀ।
ਗੁਲਾਮੀ ਕਰੇ ਅੰਗਰੇਜ਼ ਦੀ, ਜਿਹੜੇ ਸਿੱਖ ਪੂਰੀ।
ਅੰਮ੍ਰਿਤਸਰ ਗੁਰਧਾਮ ਵਿੱਚ, ਗਊ ਘਾਤ ਕਰਾਇਆ।
ਸਿੱਖ ਧਰਮ ਤੇ ਅਣਖ ਨੂੰ, ਹੈ ਬੱਟਾ ਲਾਇਆ।
ਬੁਚੜ ਖਾਨੇ ਕਰ ਦਿਤੇ, ਹਰ ਸ਼ਹਿਰਾਂ ਅੰਦਰ।
ਸ਼ਰੇਆਮ ਗਊਆਂ ਮਾਰਦੇ, ਜੋ ਪਾਪੀ ਬੰਦਰ।
ਅਸੀਂ ਅਣਖੀ ਸਿੰਘ ਬੀਰ ਹਾਂ, ਨਹੀ ਮੌਤੋਂ ਡਰਦੇ।
ਦੁਸ਼ਮਣਾਂ ਤਾਈਂ ਮਾਰ ਕੇ, ਅਸੀਂ ਹਸ ਹਸ ਮਰਦੇ।
[illegible] ਜਥੇਦਾਰ [illegible] ਰਹੇ [illegible]।
ਇਹ ਹਾਲ ਸੁਣਦੇ ਸਿੰਘ ਸੀ, ਹੋ ਗਏ ਮਸਤਾਨੇ।
ਕਢ ਦੇਣੇ ਅੰਗਰੇਜ ਨੂੰ, ਹੋ [illegible]।
ਨਹੀਂ ਤਾਂ ਸਿੰਘਾਂ ਆਪਣੀ, ਜਿੰਦ ਘੋਲ ਘੁਮਾਈ।
[illegible]

ਮਹੰਤ ਸੋਭਾ ਸਿੰਘ ਜੀ ਰੱਬੋਂ ਵਾਲੇ

ਮੇਰਾ ਰੱਬੋਂ ਨਗਰ ਹੈ, ਕੋਟਲੇ ਸ਼ਹਿਰ ਨਜ਼ਦੀਕ।
ਕੌਂਸਲ ਰਾਜ ਕਰ ਰਹੀ, ਪਰਜਾ ਰਹੀ ਹੈ ਚੀਕ।
ਅੰਗਰੇਜ਼ ਪਰੈਜ਼ੀਡੈਂਟ ਹੈ, ਰਿਆਸਤ ਦਾ ਪਰਧਾਨ।
ਲਾਟ ਹਿੰਦ ਲਾਹੌਰ ਨੇ, ਕੀਤਾ ਇਹ ਬੰਧਾਨ।
ਬੁਚੜ ਕੋਟਲੇ ਸਦਕੇ, ਗਊ ਕਰਨ ਕਤਲੇਆਮ।
ਰਾਮ ਗਊਆਂ ਦੇ ਬਗ ਜੋ, ਫੜ ਕੇ ਮਾਰੇ ਸਾਨ।
ਕੌਂਸਲ ਕਰਦੀ ਰਾਜ ਹੈ, ਨਵਾਬ ਨੂੰ ਕੀਤਾ ਬੰਦ।
ਰਿਆਸਤ ਵਿੱਚ ਨੇ ਅਹਿਲਕਾਰ, ਪਾਇਆ ਕੋਟਲੇ ਗੰਦ
ਮਾਂ, ਧੀ ਦੀ ਇਜ਼ਤ ਨੂੰ, ਕਰਦੇ ਉਹ ਬਿਰਾਨ।
ਨਵੇਂ ਨਵੇਂ ਕਰਨ ਜ਼ੁਲਮ ਉਹ, ਕੋਟਲੇ ਦੇ ਮੁਸਲਮਾਨ
ਚਲੋ ਸਿੰਘੋ ਕੋਟਲਾ, ਲੜ ਨਾ ਸਕਣ ਪਠਾਣ।
ਮਾਰੋ ਬੁਚੜ ਜਾ ਕੇ, ਪਾਪੀ ਬੇਈਮਾਨ।
ਗੁਰਮੁਖ ਸਿੰਘ ਦੇ ਸਾਹਮਣੇ, ਕੀਤਾ ਜ਼ੁਲਮ ਅਪਾਰ।
ਬੈਲ ਇਕ ਨੂੰ ਕੂਹਕੇ, ਦਿਤਾ ਸਾਹਮਣੇ ਮਾਰ।
ਆਖਰਕ ਬੁਚੜ ਸੌਂਪਦੇ, ਰਿਆਸਤੀ ਅਹਿਲਕਾਰ।
ਲੜ ਨਾ ਸਕਣ ਸਿੰਘਾਂ ਨਾਲ, ਦੋ ਪਹਿਰ ਨਾ ਚਾਰ।
ਹਥਿਆਰ ਨਹੀਂ ਹੈ ਅਸਾਂ ਪਾਸ, ਖਾਲੀ ਸਾਡੇ ਹੱਥ।
ਦੁਸ਼ਮਣ ਬਿਨਾਂ ਹਥਿਆਰ ਤੇ, ਆਵੇ ਨਾ ਹੀ ਵੱਸ।
ਕਰੋ ਜੰਗ ਨਿਸੰਗ ਹੋ, ਪਹਿਲੇ ਲੋ ਹਥਿਆਰ।
ਚਲੋ ਸਿੰਘੋ ਕੋਟਲੇ, ਦੇਈਏ ਬੁਚੜ ਸਿੜ੍ਹ।
ਚੜ੍ਹਿਆ ਜੋਸ਼ [illegible], ਮਾਰਨ ਉਹ ਲਲਕਾਰ।
ਸ਼ਸਤਰ ਬਿਨਾਂ ਕੀ ਕਰਾਂਗੇ, ਲੜਨਾ ਮਰਨ ਦੀ ਕਾਰ।
ਕੋਈ ਉਠੇ ਸੂਰਮਾ, ਸਾਨੂੰ ਦੇਵੇ ਹਥਿਆਰ।
ਰੜਕ ਕਢੀਏ ਜਾਇਕੇ, ਅਸੀਂ ਹਾਂ ਸਿੰਘ ਤਿਆਰ।

ਕਰੋ ਚੋਸ ਅੰਗ੍ਰੇਜ਼ ਵਿਚ, ਸਿੰਘ ਨਾ ਰਹੇ ਗੁਲਾਮ।
ਕਢੋ ਅੰਗਰੇਜ ਪੰਜਾਬ ਤੋਂ, ਬਲਕਿ ਸਿੰਧ ਤਮਾਮ।
ਗਰਜ ਸੁਣਕੇ ਸਿੰਘਾਂ ਦੀ, ਬੋਲਿਆ ਇਕ ਸਰਦਾਰ।
ਜੇਕਰ ਮਾਰੋ ਕੋਟਲਾ, ਦੇਵਾਂ ਮੈਂ ਹਥਿਆਰ।

ਸ: ਬਦਨ ਸਿੰਘ ਮਲੌਦ ਵਾਲਾ

ਹਥ ਜੋੜਕੇ ਕਹੇ ਸਿੰਘਾਂ ਨੂੰ, ਮੈਂ ਹਾਂ ਤੁਹਾਡਾ ਦਾਸ।
ਦੇਵਾਂ ਮੈਂ ਹਥਿਆਰ ਜੋ, ਹਨ ਰਖੇ ਮੇਰੇ ਜੋ ਪਾਸ।
ਰਿਆਸਤ ਕੋਟਲਾ ਮਾਰਕੇ, ਕੁਝ ਮੈਨੂੰ ਦੇ ਦਿਉ ਪਿੰਡ।
ਕਰ ਦੇਣ ਇਹ ਬਚਨ ਜੋ, ਮੂੰਹੋਂ ਬੋਲਕੇ ਸਿੰਘ।
ਇਹ ਗਲ ਸੁਣੇ ਸਰਦਾਰ ਦੀ, ਹੋਏ ਮਸਤਾਨੇ ਲੋਰ।
ਮਾਰ ਜੈਕਾਰੇ ਆਖਦੇ, ਪੂਰੀ ਹੋ ਗਈ ਲੋੜ।
ਬਦਨ ਸਿੰਘ ਸਰਦਾਰ ਤੂੰ, ਜਨਮ ਤੇਰਾ ਹੈ ਧੰਨ।
ਹਥਿਆਰ ਦੇਂਦਾ ਤੂੰ ਸਿੰਘਾਂ ਨੂੰ, ਤੂੰ ਹੈਂ ਬੀਬਾ ਚੰਨ।
ਗਗਨ ਦਮਾਮਾ ਬਾਜਿਓ, ਪੜ੍ਹਦੇ ਸ਼ਬਦ ਉਚਾਰ।
ਮਸਤਾਨੇ ਮਸਤੀ ਰੰਗ ਵਿਚ, ਹੋਇਆ ਸਰਦਾਰ ਉਭਾਰ।

ਜਥੇਦਾਰਨੀ ਮਾਈ ਇੰਦ ਕੌਰ

ਜਥੇਦਾਰਨੀ ਬੋਲਦੀ, [illegible] ਮਸਤਾਨੀ।
ਆਵੋ ਸਿੰਘੋ ਨਿਤਰੋ, ਜੋ ਸਿਰ ਦਾ ਦਾਨੀ।
ਸ਼ਹੀਦੀ ਜਹਾਜ਼ ਤਿਆਰ ਹੈ, ਬਣ ਚੜ੍ਹੋ ਪਰਵਾਨੇ।
ਮਰਨਾ ਧਰਮ ਤੇ ਦੇਸ਼ ਹਿਤ, ਬੰਨੋ ਮੌਤ ਦੇ ਗਾਨੇ।
ਕੱਢੋ ਗੋਰੇ ਹਿੰਦ ਤੋਂ, ਰਾਜ ਸਿੰਘਾਂ ਕਰਨਾ।
ਫਰੰਗੀ ਕਢੋ ਦੇਸ਼ ਤੋਂ, ਮਰਨੇ ਕੀ ਡਰਨਾ।
ਹੁਕਮ ਗੁਰਾਂ ਤੋਂ ਲੈ ਕੇ ਅਜ ਕਰੋ ਤਿਆਰੇ।
ਮਸਤਾਨੇ ਹੋ ਗਏ, ਰੰਗ ਵਿਚ ਜੋਸ਼ੀਲੇ ਸੀ ਸਾਰੇ।

———

ਹੀਰਾ ਸਿੰਘ ਤੇ ਮਸਤਾਨਿਆਂ ਨੇ ਸਤਿਗੁਰਾਂ ਪਾਸ ਅਗਿਆ ਲੈਣ ਆਉਣਾ

ਮਸਤਾਨੇ ਹੀਰਾ ਸਿੰਘ ਜੀ, ਲਹਿਣਾ ਸਿੰਘ ਤਿਆਰ।
ਮਾਰੋ ~~ਚਲਿਆ ਕੋਟਲੇ~~, ਕੋਇਣ ਆਗੂ ਸਰਦਾਰ।
ਅਕਾਲ ਬੁੰਗੇ ਉਹ ਸਿੰਘ ਕੁਝ, ਪਾਸ ਗੁਰਾਂ ਦੇ ਆਉਣ
ਭੈਣੀ ਸਾਹਿਬ ਗੁਰਮੰਦਰ ਵਿਚ, ਮਸਤਾਨੇ ਸੀਸ ਨਿਵਾਣ
ਬੈਠੇ ਸੂਬੇ ਗੁਰਾਂ ਪਾਸ, ਕਰਦੇ ਸਨ ਬਚਨ ਬਿਲਾਸ।
ਸੀਸ ਨਿਵਾਕੇ ਹੀਰਾ ਸਿੰਘ, ਕਰਨ ਲੱਗੇ ਅਰਦਾਸ।
ਬੈਠੇ ਗੁਰਾਂ ਦੇ ਕੋਲ ਸੀ, ਸੂਬੇ ਵਿਚ ਦਰਬਾਰ।
ਗਲ ਪੱਲਾ ਪਾ ਹੱਥ ਜੋੜਕੇ, ਹੀਰਾ ਸਿੰਘ ਕਹੇ ਪੁਕਾਰ।
ਸੂਬਾ ਬ੍ਰਹਮਾ ਸਿੰਘ ਜੀ, ਜਵਾਹਰ ਸਿੰਘ ਸੀ ਸੰਗ।
ਸੂਬਾ ਸਾਹਬ ਸਿੰਘ ਜੀ, ਕਾਹਨ ਸਿੰਘ ਜੀ ਨਿਹੰਗ।
ਰੂੜ ਸਿੰਘ, ਮਲੂਕ ਸਿੰਘ, ਲੱਖਾ ਸਿੰਘ ਜੀ ਖਾਸ।
ਹੁਕਮਾ ਸਿੰਘ ਤੇ ਖ਼ਾਨ ਸਿੰਘ, ਬੈਠੇ ਗੁਰਾਂ ਦੇ ਪਾਸ।
ਬਿਸ਼ਨ ਪੁਰੀਆ ਸਰਦਾਰ ਵੀ, ਮੰਗਲ ਸਿੰਘ ਦੀਵਾਨ।
ਬੈਠੇ ਗੁਰਾਂ ਦੇ ਪਾਸ ਸਨ, ਕਰੇ ਅਰਜ ਸਿੰਘ ਆਨ।
ਅਕਾਲ ਪੁਰਖ ਤੂੰ ਪਾਤਸ਼ਾਹ, ਜੁਗ ਜੁਗ ਧਰੇਂ ਅਵਤਾਰ
ਭਗਤਾਂ ਦੀ ਕਰੇਂ ਰਖਿਆ, ਦਿੰਦਾ ਦੁਸ਼ਟ ਸਿੰਗਾਰ।
ਹੀਰਾ ਸਿੰਘ ਜੀ ਆਖਿਆ, ਗਲ ਵਿਚ ਪੱਲਾ ਪਾ।
ਆਗਿਆ ਦੇਵੋ ਗੁਰੂ ਜੀ, ਸੀਸ ਦਈਏ ਧਰਮ ਲਾ।
ਕੋਟਲੇ ਗਊਆਂ ਮਾਰ,ਦੇ ਤੁਰਕ ਤੇ ਮੁਗਲ ਪਠਾਣ।
ਜ਼ੁਲਮ ਕਰਨ ਉਹ ਬਹੁਤ ਹੀ, ਰਤਾ ਸ਼ਰਮ ਨਾ ਖਾਣ।
ਜਾਣਾ ਅੱਜ ਹੈ ਕੋਟਲੇ, ਆਗਿਆ ਦੇਵੋ ਆਪ।
ਹੋਣਾ ਅਸੀਂ ਆਜਾਂਦੇ ਹੈ, ਮੇਟ ਗਊਆਂ ਦਾ ਪਾਪ।
ਕਰਦਾ ਸਿੰਘ ਜੀ ਬੇਨਤੀ, ਗਲ ਵਿਚ ਪੱਲਾ ਪਾ।

ਬਿਸ਼ਨ ਸਿੰਘ ਜਾਈਏ ਕੋਟਲੇ, ਦੇਵੋ ਹੁਕਮ ਸੁਣਾ।

ਮਸਤਾਨੇ ਸਿੰਘ ਤੇ ਗੁਰੂ ਜੀ

ਸਿਰ ਖਿੰਡੀ ਛੰਦ–

ਹੀਰਾ ਸਿੰਘ ਸਰਦਾਰ ਪਾਸ ਆ ਗੁਰਾਂ ਦੇ।
ਕੀਤੀ ਅਰਜ ਹਥ ਜੋੜ ਪੱਲਾ ਪਾਇ ਕੇ।
ਅਸੀਂ ਹਾਂ ਤੇਰੇ ਦਾਸ ਤੂੰ ਅਕਾਲ ਹੈਂ।
ਅੰਤਰਜਾਮੀ ਆਪ ਦੀਨ ਦਇਆਲ ਤੂੰ।
ਕੋਟਲੇ ਤੁਰਕ ਪਠਾਣ ਗਊਆਂ ਮਾਰਦੇ।
ਕਰਦੇ ਉਹ ਹੰਕਾਰ ਨੇ. ਲਲਕਾਰਕੇ।
ਗੁਰਮੁਖ ਸਿੰਘ ਪਾਮ ਬਿਠਾਲ ਬੋਲਹੈ ਮਾਰਿਆ
ਫਰੰਗੀ ਪਾਪ ਕਰਾਣ ਦੁਰੰਗੀ ਕਰਨ ਉਹ।
ਸੋਧਣਾ ਕੋਟਲਾ ਅੱਜ ਹੁਕਮ ਸੁਣਾ ਦਿਉ।
ਜਗੀਰਦਾਰ ਸਰਦਾਰ ਸਾਡੇ ਨਾਲ ਨੇ।
ਨਾਭਾ ਪਟਿਆਲਾ ਸੋਧ ਫਰੀਦਕੋਟ ਸੋਧਣਾ।
ਫਰੰਗੀ ਨਾਲ ਕਰ ਜੰਗ ਦੇਸੋਂ ਕੱਢਣਾ।
ਮਰਨਾ ਧਰਮ ਦੇ ਹੇਤ ਦੇਵੋਂ ਆਗਿਆ।
ਦਿਉ ਕੋਟਲੇ ਤੋਰ ਗਰਜ ਨਾ ੋਰ ਹੈ।
ਮਰਨਾ ਨਾਲ ਅਨੰਦ ਨ ਡਰਨਾ ਅਸਾਂ ਨੇ।੧।
ਕਹਿਣ ਗੁਰੂ ਰਾਮ ਸਿੰਘ ਰਖੋ ਸ਼ਾਨਤੀ।
ਅਜੇ ਨਹੀਂ ਹੈ ਵਕਤ ਗਦਰ ਨਾ ਪਾਵਨਾ।
ਪਨੀਰੀ ਛੋਟੀ ਪੰਥ ਅਜੇ ਹੈ ਉਗਰਦੀ।
ਕਾਬਲ ਨਾਲ ਨੇਪਾਲ ਕੀਤੀਆਂ ਸੰਧੀਆਂ।
*ਰੂਸ ਨੂੰ ਘਲਿਆ ਸਿੰਘ ਕਰਨਾ ਜੰਗ ਹੈ।
ਕਢਣੇ ਫਰੰਗੀ ਠੀਕ ਜਲਦੀ ਨਾਲ ਹੈ।

---

*੧੯੨੫ ਵਿਚ ਬਾਬਾ ਚਰਨ ਸਿੰਘ ਜੀ ਗਏ ਰੂਸ ਨੂੰ।

ਝੰਡਾ ਧਰਮ ਝੁਲਾ ਭਾਰਤ ਸੋਧਣਾ।
ਸਤਯੁਗ ਦੇਣਾਂ ਲਾ, ਰਾਜ ਕਰ ਹਿੰਦ ਦਾ।
ਛੇੜੋ ਛੇੜ ਨਾ ਹੋਰ ਜਾ ਕੇ ਕੋਟਲੇ।
ਹੀਰਾ ਸਿੰਘ ਜੀ ਆਖਦੇ ਉਪਰੋਂ ਟਾਲਦੇ।
ਹੁਕਮ ਅੰਦਰੋਂ ਦਿਉ ਭਾਣੇ ਅਕਾਲ ਦੇ।
ਸੀਸ ਦੇਣੇ ਨੇ ਲਾਹ, ਅਸੀਂ ਤਾਂ ਕੋਟਲੇ।
ਸਾਨੂੰ ਹੁਕਮ ਕਰਤਾਰ ਹੈ ਬੁਚੜ ਮਾਰਨੇ।
ਪੁਤਲੀ ਦੇ ਕੀ ਵਸ ਨਚਾਏ ਨਚਦੀ।
ਹੁਕਮ ਦਿਉ ਦਾਤਾਰ ਜਾਈਏ ਚਲ ਹੁਣ।
ਮਾਰਨੇ ਕੋਟਲੇ ਬੁਚੜ ਅਸੀਂ ਤਾਂ ਕਲ ਨੇ ।੩।
ਬੋਲੇ ਦੀਨ ਦਇਆਲ ਤੁਸੀਂ ਹੋ ਲਾਡਲੇ।
ਤੁਸੀਂ ਹੋ ਮੇਰੀ ਜਾਨ, ਪੰਥ ਦੀ ਸ਼ਾਨ ਹੋ।
ਨਾ ਪਕੜੋ ਹਥਿਆਰ ਠਹਿਰੋ ਸਿੰਘ ਜੀ।
ਮਾਲਾ ਉਨ ਦੀ ਨਾਲ ਮੈਂ ਦੇਸ਼ ਨੂੰ ਤਾਰਨਾ।
ਭਾਰਤ ਕਰਾਂ ਅਜਾਦ ਫਰੰਗੀ ਕਢਕੇ।
ਹੈ ਮੇਰੀ ਤਦਵੀਰ ਬਹੀਰ ਨਾ ਪਾਵਣਾ।
ਹੀਰਾ ਸਿੰਘ ਸਰਦਾਰ ਨਾ ਕੋਟਲੇ ਜਾਵਣਾ ।੪।
ਆਖੇ ਹੀਰਾ ਸਿੰਘ ਕੀਤਾ ਪੂਣ ਹੈ।
ਸ਼ਮ੍ਹਾਂ ਤੇ ਪਰਵਾਨੇ ਨਚਕੇ ਮਰਨ ਉਹ।
ਅਕਾਲ ਪੁਰਖ ਅਵਤਾਰ, ਤੂੰ ਜੁਗ ੨ ਆਇਆ,
ਪਾਪੀ ਦਿਤੇ ਮਾਰ ਸੰਤ ਅਭਾਰ ਦਾ।
ਰਾਮ ਰੂਪ ਕਰ ਆਪ ਰਾਵਨ ਮਾਰਿਆ।
ਬਣ ਕੇ ਫੇਰ ਸ਼ਿਆਮ ਕੇਸ ਬਧਾਰਿਆ।
ਨਾਨਕ ਗੁਰ ਅਵਤਾਰ ਜਗਤ ਨੂੰ ਤਾਰਦਾ।
ਗੁਰੂ ਗੋਬਿੰਦ ਸਿੰਘ ਬਣ ਖੰਡਾ ਪਕੜਿਆ।
ਨਿਰੰਕਾਰੀ ਖੜਗ ਧਾਰੀ ਤੇਰਾ ਰੂਪ ਹੈ।

ਅੰਮ੍ਰਿਤ ਖੰਡਿਓਂ ਦੇਹ ਕੀਤਾ ਦਲੇਰ ਤੂੰ।
ਕੰਨ ਵਿਚ ਮੰਤਰ ਦਸ ਕੀਤੇ ਸ਼ੇਰ ਨੇ।
ਭੇਟਾ ਕਰਦੇ ਸੀਸ, ਸਿੰਘ ਮਸਤਾਨੜੇ।
ਹੋਲੀ ਖੇਡਣ ਜਾਣਾ ਵਿਚ ਹੁਣ ਕੋਟਲੇ।
ਲਏ ਅਰਦਾਸੇ ਸੋਧ ਅਸੀਂ ਨ ਹਟਣਾ।
ਨੌਵਾਂ ਗੁਰੂ ਤੇ ਪੰਜਵਾਂ ਦਰਸ਼ਨ ਦੇਣ ਨਿੱਤ,
ਮੰਗਣ ਸੀਸ ਦੀ ਭੇਟ ਧਰਮ ਨੂੰ ਤੋਰਨਾ।੫।
ਚੌਥੇ ਲਹਿਣਾ ਸਿੰਘ ਜਥੇਦਾਰ ਕੀਤੀ ਬੇਨਤੀ।
ਧਰਮ ਤੇ ਮਰ ਜਾਈਏ ਕਾਹਦੀ ਤੋਟ ਹੈ।
ਸਾਡਾ ਭਜਨ ਤਲਵਾਰ ਬੁਚੜ ਮਾਰਨੇ।
ਫਰੰਗੀ ਦੇਣੇ ਕਢ ਕਰਨਾ ਰਾਜ ਨੂੰ।
ਸ਼ਹੀਦੀ ਜਹਾਜ ਤਿਆਰ ਅਸ਼ਾਂ ਦੇ ਕੁਦਣਾ।
ਸਾਡੀ ਗਰਜ ਨਾ ਹੋਰ ਅਰਜ਼ ਹੈ ਮਰਨ ਦੀ
ਹੁਕਮ ਆਏ ਹਾਂ ਲੈਣ, ਆਪ ਫੁਰਮਾ ਦਿਓ।
ਰੁਕਦੇ ਨਹੀਂ ਸਿੰਘ ਸ਼ੇਰ ਨਾ ਡਰਦੇ ਮੌਤ ਤੋਂ।
ਤੂੰ ਦਾਤਾ ਹੈ ਦਿਆਲ ਮਿਹਰਵਾਨ ਤੂੰ।
ਦੇਵੋ ਹੁਕਮ ਕਰ ਤੋਰ ਸੋਧੀਏ ਕੋਟਲਾ।੬। ਪਾਠੀ
ਸਤਿਗੁਰੂ ਕਹਿਣ ਪੁਕਾਰ ਗਊਆਂ ਦਾ ਪਾਪ ਜੋ
ਦੇਣਾ ਅਸਾਂ ਨੇ ਮੇਟ ਫੜ ਤਲਵਾਰ ਹੈ।
ਧਰਮ ਤੋਂ ਦੋਣੀ ਜਾਣ ਸ਼ਹੀਦੀ ਪਾਵਣੀ।
ਸਿੰਘਾਂ ਦੀ ਹੈ ਅਣਖ ਜਿੰਦ ਘੁਮਾਵਣੀ।
ਮਸਤਾਨੇ ਸੁਣਕੇ ਬਚਨ ਜੇਕਾਰੇ ਬੋਲਦੇ,
ਗੁਰੂ ਰਾਮ ਸਿੰਘ ਜੀ ਸਿੰਘਾਂ ਨੂੰ ਆਖਦੇ।
ਕੀਤਾ ਗੁਰਾਂ ਨੇ ਬਚਨ ਸਿੰਘਾਂ ਦੇ ਨਾਲ ਫਿਰ।
ਕਰਨਾ ਮੁਲਕ ਅਜ਼ਾਦ ਮਾਲਾ ਦੇ ਨਾਲ ਮੈਂ।
ਗਦਰ ਪਊਗਾ ਪੰਜਾਬ ਸਾਰੇ ਦੇਸ਼ ਵਿਚ।

ਸ੍ਰੀ ਗੁਰੂ ਗੋਬਿੰਦ ਸਿੰਘ ਭੰਗਾਣੀ ਜੰਗ ਵਿਚ।

ਸਯਦ ਬੁਧੂ ਸ਼ਾਹ ਨੇ ਵਾਰੇ ਫਰਜ਼ੰਦ ਸੀ।
ਧਰਮ ਤੋਂ ਹੋਏ ਸ਼ਹੀਦ ਮੁਸਲਵਾਨ ਵੀ।
ਮੈਂ ਸੱਦਾਂ ਅਹਿਲਕਾਰ ਪਠਾਣ ਜੋ ਕੋਟਲੇ।
ਦੇਵੇ ਮੈਂ ਸਮਝਾ ਕਰੋ ਨਾ ਗਊਆਂ ਨੂੰ।
ਹਰ ਚਰੂੰ ਹੈ ਨੂਰ ਉਸ ਅਕਾਲ ਦਾ।
ਮਾਰੋ ਜੀਅ ਨਾ ਜੰਤ ਗਾਏ ਤੇ ਸੂਰ ਨੂੰ।
ਜਪਨ ਇਕ ਅਚਾਲ ਰਬ ਦਾ ਨੂਰ ਜੋ।੮।
ਆਖੇ ਜਥੇਦਾਰ ਨਾਵ ਗੁਰ ਆਖਦੇ।
ਰਾਤੀ ਦੇਣ ਦੀਦਾਰ ਮੰਗਣ ਸੀਸ ਨੂੰ।
ਸਾਨੂੰ ਹੁਕਮ ਅਕਾਲ ਪੁਰਖ ਤੋਂ ਆ ਗਿਆ।
ਜਰਨਣ ਮੌਤ ਨਾ ਵੇਖ ਸਿੰਘ ਜੋ ਆਪ ਦੇ।
ਕਰਨਾ ਹਿੰਦ ਦਾ ਰਾਜ ਭਾਰਤ ਵਿਚ ਹੈ।੯।
ਸਤਿਗੁਰੂ ਕੀਤਾ ਵਾਕ ਧਰਮ ਦੀ ਕਾਰ ਜੋ।
ਸੀਸ ਵਾਰੇ ਬਿਨ ਧਰਮ ਨਾ ਤੁਰੇ ਜਗਤ ਵਿਚ।
ਬੁਚੜ ਕਰਨੇ ਨਾਸ ਜੋ ਗਊਆਂ ਮਾਰਦੇ।
ਭਾਰਤ ਕਰਾਂ ਅਜ਼ਾਦ ਝੰਡਾ ਧਰਮ ਦਾ।
ਸੁਣ ਕੇ ਹੀਰਾ ਸਿੰਘ ਜੈਕਾਰਾ ਛਡਦਾ।
ਲਹਿਣਾ ਸਿੰਘ ਜੀ ਆਣ ਕਰਦੇ ਬੇਨਤੀ।
ਆਦਿ ਜੁਗਾਦਿ ਅਵਤਾਰ ਹੈਭੀ ਹੋਨਹਾਰ।
ਜੋਤ ਤੇਰੀ ਪ੍ਰਕਾਸ਼ ਵਿਚ ਸ਼ੰਸਾਰ ਦੇ।
ਮਾਲਕ ਖਾਲਕ ਆਪ ਸ੍ਰਿਸ਼ਟੀ ਸਾਜਦਾ।
ਸਿੱਖ ਰੂਪ ਹੈ ਨਾਰ ਮਾਲਕ ਤੂੰ ਗੁਰੂ।
ਮਰਨਾ ਧਰਮ ਦੇ ਹੇਤ ਸ਼ਹੀਦੀ ਬਖਸ਼ਦੇ ਦੇ।
ਦੇਖਕੇ ਹੋਣੀ ਮੌਤ ਨਾ ਅਸੀਂ ਯਰਕੀਏ।
ਸਿਧੇ ਕਰਾਂਗੇ ਜੰਗ ਵੈਰੀ ਮਾਰਨੇ।੧।

ਮਰਨ ਦੇ ਕੀਤੇ ਪ੍ਰਣ ਅਸੀਂ ਤਿਆਰ ਹਾਂ।
ਹੋਏ ਹੁਕਮ ਅਕਾਲ ਤੁਸੀਂ ਮੋਹਰ ਲਾ ਦਿਓ।
ਨੌਵੇਂ ਗੁਰੂ ਦਸਮੇਸ਼ ਦੇਂਦੇ ਦੀਦਾਰ ਨੇ।
ਸੀਸ ਕਰੋ ਕੁਰਬਾਨ ਧਰਮ ਹੈ ਤੋਰਨਾ।
ਤੂੰ ਹੈਂ ਪੁਰਖ ਅਕਾਲ ਹੁਕਮ ਕਰ ਤੋਰਦੇ।
ਹੋ ਕੇ ਅੰਤਰ ਧਿਆਨ ਗੁਰੂ ਜੀ ਆਖਦੇ।
ਸੀਸ ਦਿਓ ਧਰਮ ਹੇਤ ਅਸੀਂ ਵੀ ਤਿਆਰ ਹਾਂ
ਜਾਣਾ ਵਿਚ ਪ੍ਰਦੇਸ਼ ਹੁਕਮ ਅਕਾਲ ਦੇ।
ਫਰੰਗੀ ਛਡਣ ਦੇਸ਼ ਹੋਏ ਅਜਾਦ ਸਭ।
ਚਿੰਤਾ ਕੀ ਜੇ ਕਿਓਂ ਹੁਕਮ ਅਕਾਲ ਦਾ।
ਹੁਕਮ ਇਹੋ ਕਰਤਾਰ ਥਿਰ ਨਾ ਜੀਵਣਾ।
ਗੁਰੂ ਨੌਵੇਂ ਤੇ ਦਸ਼ਮੇਸ਼ ਦਾ ਹੁਕਮ ਪਰਤਾਵਣਾ।
ਹੋ ਕੇ ਸਿੰਘੋ ਤਿਆਰ ਸੀਸ ਨੂੰ ਵਾਰਿਓ।
ਮਰੋ ਧਰਮ ਦੇ ਹਿਤ ਧਰਮ ਨਾ ਹਾਰਿਓ।
ਭਾਰਤ ਹੋਏ ਅਜਾਦ ਕਰਨਾ ਰਾਜ ਹਿੰਦ।
ਕੀਤਾ ਬਚਨ ਇਹ ਗੁਰੂ ਰਾਮ ਸਿੰਘ ਜੀ।
ਮਸਤਾਨੇ ਸਿੰਘ ਤਿਆਰ ਜੈਕਾਰੇ ਬੋਲਦੇ।
ਜਾਉ ਸਿੰਘ ਤਿਆਰੇ ਕੋਟਲੇ ਜਾਣ ਨੂੰ।
ਸਤਗੁਰ ਕਿਹਾ ਉਚਾਰ ਦੀਦਾਰੇ ਅੰਤ ਦੇ।
ਛਕੋ ਘਰ ਪ੍ਰਸ਼ਾਦਿ ਚਾਲੇ ਪਾ ਦਿਓ।
ਮੰਦਰ ਭੈਣੀ ਸਾਹਿਬ ਪੰਗਤ ਲਾਇ ਕੇ।
ਵਰਤਾਇਆ ਸੀ ਪ੍ਰਸ਼ਾਦ ਖੀਰ ਸੀ ਦੁਧ ਦੀ।
ਮਸਤਾਨੇ ਸਿੰਘਾਂ ਵਲ ਤਕਣ ਦੀਨ ਦਿਆਲ ਜੀ
ਲਗੇ ਹਥ ਸੀ ਧੋਣ ਪਾਣੀ ਪਾਉਣ ਗੁਰ।
ਹੀਰਾ ਸਿੰਘ ਦੇ ਕੰਨ ਵਿਚ ਗੁਰੂ ਜੀ ਆਖਦੇ।
ਪੈੜ ਜਾਣੀ ਹੈ ਮੇਟ ਹੀਰਾ ਸਿੰਘ ਤੂੰ

ਲਾਡ ਲਡਾਏ ਰੱਜ ਤੁਹਾਡੇ ਨਾਲ ਹੁਣ।
ਨਦੀ ਨਾਮ ਸੰਜੋਗੀ ਮੇਲੇ ਹੋਣਗੇ ।
ਪੜਨ ਮਸਤਾਨੇ ਸ਼ਬਦ ਮਰਨ ਦਾ ਚਾਅ ਹੈ।
ਬਖਸੋ ਸਿੱਖੀ ਸਿਦਕ ਵੇਲੇ ਅੰਤ ਦੇ ।
ਜੈਕਾਰੇ ਲਗੇ ਬੁਲਾਉਣ ਬਿਸ਼ਨ ਸਿੰਘ ਸੂਰੇਸ।
ਲਵੋ ਸ਼ਹੀਦੀਆਂ ਪਾ ਸਿੰਘੋ ਕੋਟਲੇ ।੧੦।

★

ਜਥੇਦਾਰਨੀ ਮਾਈ ਇੰਦ ਕੌਰ

ਕੋਠੇ ਚੜੀ ਇੰਦ ਕੌਰ, ਸ਼ਹੀਦੀ ਹੱਥ ਨਿਸ਼ਾਨ ।
ਸ਼ਹੀਦੀ ਜਹਾਜ ਤਿਆਰ ਹੈ, ਦਿਤਾ ਉਸ ਬਿਆਨ।
ਸੂਰਾ ਸੋਈ ਸਿੰਘ ਹੈ ਜੋ ਲੜੇ ਧਰਮ ਕੇ ਹੇਤ।
ਪੁਰਜਾ ਪੁਰਜਾ ਕਟ ਮਰੇ, ਕਬਹੂ ਨਾ ਛਾਡੇ ਖੇਤ।
ਗਗਨ ਦਮਾਮਾ ਬਾਜਿਓ, ਲਗਾ ਨਿਸ਼ਾਨੇ ਘਾਹ।
ਰਣ ਮਾਡੋਂ ਅੱਜ ਸੂਰਮੇ ਜੂਝਣ ਦਾ ਹੈ ਚਾਅ ।
ਸਿਰ ਕੱਢ ਰਖੋ ਤਲੀ ਤੇ, ਕਰਨਾ ਦੇਸ਼ ਅਜ਼ਾਦ।
ਮਰ ਜਾਣਾ ਹੈ ਧਰਮ ਹੇਤ, ਰੱਖਣੀ ਕਾਹਦੀ ਲਾਜ।
ਜਹਾਜ਼ ਧਰਮ ਦਾ ਚਲਿਆ, ਚੜ ਜਾਉ ਸਭ ਵੀਰ।
ਪਿਛਾ ਮੂਲ ਨਾ ਪਰਤੀਏ, ਦੇਣੇ ਵਾਰ ਸਰੀਰ।
ਕਿਉਂ ਡਰਨ ਉਹ ਮਰਨ ਤੇ, ਮਰ ਜਾਣਾ ਹੈ ਅੰਤ।
ਮਰੋ ਧਰਮ ਦੇ ਹੇਤ ਆ, ਮਿਲਸੀ ਪਰਮਾਨੰਦ ।
ਝੋਲੀ ਮੇਰੀ ਪਾ ਦਿਉ, ਸਿਰ ਅੱਜ ਮੰਗੇ ਭੈਣ।
ਮਾਈ ਮਸਤਾਨੀ ਆਖਦੀ, ਇਹੋ ਅੱਜ ਦੀ ਰੈਣ।
ਸਾਡਾ ਦੇਸ਼ ਗੁਲਾਮ ਹੈ, ਕੀਤਾ ਜਿਨ੍ਹਾਂ ਆ ।
ਫਰੰਗੀ ਹਨਗੇ ਕਢਣੇ, ਦੇਵੋ ਜਿੰਦੜੀ ਲਾ ।

ਰਾਜੇ ਦੇਸ਼ ਗਦਾਰ ਜੋ, ਸੋਧਣੇ ਨੇ ਸਰਦਾਰ ।
ਬਿਲਿਆਂ ਦੇ ਜੋ ਮਦਦੀ, ਕਰਨੇ ਅਸੀਂ ਖੁਆਰ ।
ਫੇਰੇ ਲੈਣੇ ਮੌਤ ਨਾਲ, ਗਾਨੇ ਬੰਨ ਕੇ ਹੱਥ ।
ਕਢੋ ਹੁਣ ਅੰਗਰੇਜ ਨੂੰ, ਲਵੋ ਸ਼ਹੀਦੀ ਜੱਸ ।
ਮਾਈ ਇੰਦ ਕੌਰ ਦੇ, ਜੋਸ਼ ਭਰੇ ਸੀ ਵਾਕ ।
ਆਏ ਮਸਤਾਨੇ ਸਿੰਘ ਸੀ, ਝੰਡੇ ਸ਼ਹੀਦੀ ਪਾਸ ।
ਮਾਵਾਂ ਦੇ ਸੀ ਲਾਡਲੇ, ਗਭਰੂ ਵੀਰ ਦਲੇਰ ।
ਮਸਤ ਜੈਕਾਰੇ ਬੋਲਦੇ, ਸਿੰਘ ਮਸਤਾਨੇ ਸ਼ੇਰ ।
~~ਜੋਸ਼ੀਲੇ ਮੁਖ ਨੂੰ ਮਾਈ ਦੇ ਸੁਣਦੇ ਸੀ ਦਾਨੇ ।~~
~~ਝੰਡੇ ਸ਼ਹੀਦੀ ਹੇਠ ਆ ਬਣ ਗਏ ਸਮਝਾਣੇ ।~~
ਮੁਛਾਂ ਨੂੰ ਵਟ ਚਾੜ ਕੇ, ਕਈ ਭੰਗੜੇ ਪਾਉਣ ।
ਸ਼ਹੀਦ ਹੋਣਾ ਹੈ ਕੋਟਲੇ ਬਿਸ਼ਨ ਸਿੰਘ ਸੁਣਾਵਣ ।

—o—

ਮਸਤਾਨੇ ਸਿੰਘਾਂ ਨੇ ਸਤਿਗੁਰਾਂ ਦੇ ਦਰਸਨ ਕਰਕੇ ਕੋਟਲੇ ਨੂੰ ਜਾਣਾ

ਹੀਰਾ ਸਿੰਘ ਸਰਦਾਰ ਨੇ, ਸੀਸ ਚਰਨੀ ਧਰਿਆ ।
ਖੁਸ਼ੀ ਮੰਗੀ ਸੀ ਗੁਰਾਂ ਤੋਂ, ਉਹਨਾਂ ਵਿਦਿਆ ਕਰਿਆ ।
ਵਾਰੋ ਵਾਰੀ ਸਿੰਘ ਆਣ, ਸੀਸ ਗੁਰਚਰਨੀ ਧਰਦੇ ।
ਮੂੰਹ ਰਖਿਆ ਸੀ ਗੁਰਾਂ ਵਲ ਨ ਪਿਠ ਸੀ ਕਰਦੇ ।
ਅਕਾਲ ਬੁੰਗੇ ਨੂੰ ਤੁਰੇ ਸਿੰਘ, ਸੀ ਪੂਨੇ ਪੈਰੀਂ ।
ਦਰਸ਼ਨ ਕਰਨ ਗੁਰਾਂ ਦੇ, ਜੋ ਅੰਤ ਦੇ ਹੋਗੀ ।
ਸ੍ਰੀ ਸਤਿਗੁਰੂ ਰਾਮ ਸਿੰਘ ਰੁਮਾਲਾ ਹਥ ਫੜਿਆ ।
ਨੇਤਰ ਸਜਲ ਗੁਰਾਂ ਦੇ ਦਰਸ਼ਨ ਅੰਤ ਕਰਿਆ ।
ਸਿੰਘ ਪੜਦੇ ਸ਼ਬਦ ਅਕਾਲ ਬੁੰਗੇ ਆਏ

ਕਮਰ ਕਸੇ ਨੇ ਲਾਂਵਦੇ ਤਿਆਰੇ ਕਰਵਾਏ।
‡ਥਾਣੇਦਾਰ ਤੇ ਨੰਬਰਦਾਰ ਸਿੰਘ ਨੂੰ ਵੀ ਦੇਖਣ।
ਅਕਾਲ ਬੁੰਗੇ ਵਿਚ ਸਿੰਘ ਸਨ, ਦੁਸ਼ਾਲੇ ਅਗ ਲਾ ਸੇਕਣ।
ਦੋ ਮਾਘ ਦਿਨ ਢਲ ਗਿਆ, ਸਿੰਘ ਤੁਰੇ ਸਾਰੇ।
ਵਾਧੂ ਬਸਤਰ ਫੂਕ ਦਿਤੇ, ਤੇ ਭਾਂਬੜ ਬਾਲੇ।

ਸ਼ਹੀਦੀ ਝੰਡਾ

ਮਾਈ ਮਸਤਾਨੀ ਇੰਦ ਕੌਰ, ਝੰਡਾ ਹਥ ਫੜਿਆ।
ਅਗੇ ਹੋਈ ਸਿੰਘਾਂ ਤੇ, ਦਲ ਪਿਛੇ ਚੜਿਆ।
ਹੀਰਾ ਸਿੰਘ ਮਿਆਨ ਵਿਚੋਂ ਕ੍ਰਿਪਾਨ ਕਢਾਈ।
ਅਕਾਲ ਬੁੰਗੇ ਦੀ ਧਰਤ ਤੇ, ਲਕੀਰ ਸੀ ਪਾਈ।
ਹੀਰਾ ਸਿੰਘ ਜੀ ਆਖਦੇ, ਉਹ ਲੀਕ ਨੂੰ ਟੱਪੇ।
ਜਿਸ ਜਿੰਦੜੀ ਘੋਲ ਘੁਮਾਵਣੀ, ਖੰਡੇ ਤੇ ਨਚੇ।
ਜੋ ਬੇਲੀ ਦੇਗ ਪਰਸ਼ਾਦ ਦੇ, ਉਹ ਰਹਿਣ ਕਿਨਾਰੇ।
ਹੀਰਾ ਸਿੰਘ ਦੀ ਗਰਜ ਸੁਣ, ਸਿੰਘ ਲੰਘੇ ਸਾਰੇ।
ਇਕ ਸੌ ਚਾਲੀ ਸਿੰਘ ਸੀ, ਜੋ ਮਰਨੋ ਨਾ ਡਰਦੇ।
ਕਈ ਖਿਸਕੂ ਹੋਕੇ ਤੁਰੇ ਸੀ, ਨਾ ਧਰਮ ਤੇ ਮਰਦੇ।
ਮੂੰਹ ਚਮਕਣ ਸਾਰੇ ਸਿੰਘਾਂ ਦੇ, ਚਾਅ ਮਰਨ ਦਾ ਚੜਿਆ।
ਕਰ ਅਰਦਾਸਾ ਤੁਰੇ ਸਿੰਘ, ਰਾਮਪੁਰ ਰਾਹ ਫੜਿਆ।
ਪੈਲ ਸ਼ਹਿਰ ਨੂੰ ਲੰਘ ਕੇ, ਸਿੰਘ ਰਬੋਂ ਆਏ।
ਬੇਰੀਆਂ ਵਾਲੇ ਬਾਗ ਵਿਚ, ਸੀ ਡੇਰੇ ਲਾਏ।

ਨੋਟ—‡ਸਿਕੰਦਰ ਖਾਂ ਠਾਣੇਦਾਰ ਸਾਹਨੇਵਾਲ, ਸੁਖੂ, ਘਮੰਡਾ ਹਮੀਰਾ, ਦੌਲਤ, ਨੰਬਰਦਾਰ, ਭਗਵਾਨਾ ਚੌਕੀਦਾਰ ਪੰਜੇ ਭੈਣੀ ਸਾਹਿਬ ਦੇ ਸਨ। ਸ਼ੁਕਰਵਾਰ ਦਾ ਦਿਨ ਸੀ।

ਸਾਹਿਬ ਸਿੰਘ ਲਹਿਣਾ ਸਿੰਘ ਦਾ ਜੋ ਖੂਹ ਪਿਆਰੇ।
ਸਿੰਘਾਂ ਰਾਤ ਬਿਤਾਉਣੀ ਉਸ ਥਾਂ ਸਿੰਘ ਬੋਲ ਜੈਕਾਰੇ।
ਰਬੋਂ ਦੇ ਨਾਮਧਾਰੀਏ, ਮਸਤਾਨਿਆਂ ਦੇ ਸੰਗੀ।
ਤਿਲ ਗੁੜ ਦੁਧ ਲੈ ਆਏ, ਸੇਵਾ ਕਰ ਚੰਗੀ।
ਮਹੰਤ ਸੋਭਾ ਸਿੰਘ ਵਰਿਆਮ, ਸਿੰਘ ਜੋ ਆਇਆ।
ਖੰਡ ਅਤੇ ਬਦਾਮ ਜੋ, ਸਿੰਘਾਂ ਲਈ ਲਿਆਇਆ।
ਮੀਹਾਂ ਸਿੰਘ ਸੀਹਾਂ ਸਿੰਘ, ਆਟਾ ਘਿਉ ਲਿਆਏ।
ਭਾਈ ਦੇਵਾ ਸਿੰਘ ਜੀ, ਗੁੜ ਲੈਕੇ ਧਾਏ।
ਸੁਜਾਨ ਸਿੰਘ, ਖਜਾਨ ਸਿੰਘ ਨੱਥਾ ਸਿੰਘ ਸਾਥੀ।
ਰਾਮ ਗੜ੍ਹੀਏ ਸਿੰਘ ਜੋ ਕਰਨ ਸੇਵਾ ਖਾਸੀ।
ਉਹਨਾਂ ਲਕੜਾਂ ਪਾੜ ਕੇ, ਧੂੰਆਂ ਸੀ ਲਾਇਆ।
ਪਾਲਾ ਪੈਂਦਾ ਜ਼ੋਰ ਦਾ, ਸੀ ਸਭ ਹਟਾਇਆ।
ਤਿੰਨੇ ਭਾਈ ਰਾਮਦਾਸੀਏ, ਸੀ ਵਿਉਂਤ ਬਣਾਈ।
ਬੇਲਾ ਸਿੰਘ, ਬਜੀਰ ਸਿੰਘ, ਸੇਡਾ ਸਿੰਘ ਭਾਈ।
ਸਿਰ ਤੇ ਚੱਕੀਆਂ ਪਾਥੀਆਂ, ਅਗ ਧੂੰਆਂ ਕਰਿਆ।
ਮਸਤਾਨੇ ਸਿੰਘ ਹਨ ਸੇਕਦੇ, ਫਿਰ ਕੋਈ ਨਾ ਠਰਿਆ।
ਕੀਤਾ ਕੜਾਹ ਪਰਸ਼ਾਦ ਸੀ, ਸਿੰਘਾਂ ਨੇ ਪੰਗਤ ਲਾਈ।
ਪਰਸ਼ਾਦਾ ਛਕ ਕੇ ਰਾਤ ਨੂੰ ਸੀ ਭੁਖ ਹਟਾਈ।
ਰਾਤ ਬਿਤਾਈ ਖਾਲਸੇ, ਫਿਰ ਤਾਰਾ ਚੜ੍ਹਿਆ।
ਸਿੰਘਾਂ ਕਰੇ ਇਸ਼ਨਾਨ ਸੀ, ਫੇਰ ਸਿਮਰਨ ਕਰਿਆ।

* *

ਭੈਣੀ ਸਾਹਿਬ ਵਿਚ ਦਰਬਾਰ

ਅੰਮ੍ਰਿਤ ਵੇਲੇ ਉਠ ਰਾਗੀਆਂ ਵਾਰਾਂ ਲਾਈਆਂ।
ਸਤਿਗੁਰੂ ਵਿਚ ਦੀਵਾਨ ਦੇ, ਅਰਦਾਸਾ ਕਰਵਾਇਆ।
ਸੂਬਾ ਲੱਖਾ ਸਿੰਘ ਨੇ, ਉਠ ਅਰਜ ਗੁਜ਼ਾਰੀ।

ਗਏ ਸਿੰਘ ਜੋ ਕੋਟਲੇ, ਕੋਈ ਨਹੀਂ ਤਿਆਰੀ ।
ਸਫਾ ਜੰਗ ਸੀ, ਉਹਨਾਂ ਪਾਸ ਜੋ ਦਾਤਨਾਂ ਵਾਲੇ ।
ਬੁਚੜ ਕਤਲ ਕਰਨੇ ਲਗੇ, ਪਾ ਗਏ ਨੇ ਚਾਲੇ ।
ਕੋਲ ਨਹੀਂ ਹਥਿਆਰ ਕੀ ਕਰਨਗੇ ਦਾਤਾ ।
ਵਿਚ ਕੋਟਲੇ ਜਾ ਕੇ, ਸਿੰਘ ਮਰਨਗੇ ਦਾਤਾ ।
ਸਤਿਗੁਰੂ ਕਿਹਾ ਲੱਖਾ ਸਿੰਘ ਬਰਤਿਆ ਹੈ ਭਾਣਾ ।
ਹੋਣੇ ਸਿੰਘ ਸ਼ਹੀਦ ਸਭ, ਅਸੀਂ ਫੜਿਆ ਜਾਣਾ ।
ਆ ਨਜ਼ਰਬੰਦ ਕਰਨਗੇ, ਗੋਰੇ ਹੁਣ ਸਾਨੂੰ ।
ਵਿਚ ਪਰਦੇਸ਼ਾਂ ਜਾਵਣਾ ਹੁਣ, ਪੈ ਗਿਆ ਸਾਨੂੰ ।
ਲੱਖਾ ਸਿੰਘ ਜੀ ਆਖਦੇ ਮੈਂ ਬਹੁਤ ਸਿਆਣਾ ।
ਮੈਂ ਰਾਜਨੀਤ ਨੂੰ ਜਾਣਦਾ, ਕਨੂੰਨਾਂ ਨੂੰ ਜਾਣਾਂ ।
ਗਏ ਸਿੰਘ ਜੋ ਕੋਟਲੇ ਮੈਂ ਰਪਟ ਲਖਾਵਾਂ ।
ਪਾਸ ਗੋਰਿਆਂ ਦੇ ਜਾਇਕੇ, ਕੁਝ ਨਾਮ ਬਤਾਵਾਂ ।
ਕੁਝ ਮਸਤਾਨੇ ਗਏ ਕੋਟਲੇ, ਦਸਾਂ ਗਲ ਸਾਰੀ ।
ਗੋਰਿਆਂ ਪਾਸ ਮੈਂ ਦਸ ਦਿਆਂ, ਗਲ ਸਿੰਘਾਂ ਦੀ ਸਾਰੀ
ਸ੍ਰੀ ਗੁਰੂ ਜੀ ਆਖਦੇ ਜੋ ਤੇਰੀ ਮਰਜ਼ੀ ।
ਤੇਰੀ ਮੰਨਣੀ ਗਲ ਨਹੀਂ, ਗੋਰਿਆਂ ਨੇ ਫਰਜ਼ੀ ।
ਹੁਕਮ ਸੀ ਅਕਾਲ ਦਾ, ਉਹ ਬਰਤ੍ਹ ਪਿਆਰੇ ।
ਸੂਬੇ ਲੱਖਾ ਸਿੰਘ ਨੇ, ਕੂਚ ਲਏ ਤਿਆਰੇ ।
ਲੱਖਾ ਸਿੰਘ ਸੂਬਾ ਸਾਹਿਬ ਸਿੰਘ ਲੁਧਿਆਨੇ ਆਏ ।
ਡੀ. ਸੀ. ਦੇ ਪਾਸ ਆ ਉਹ, ਦੇਣ ਰਪਟ ਲਖਾਏ ।
ਜਦੋਂ ਲਿਖੀ ਰਪਟ ਅੰਗਰੇਜ਼ ਨੇ ਸਿੰਘਾਂ ਦੀ ਸਾਰੀ ।
ਸਦੀ ਪੁਲਸ ਉਸ ਨੇ, ਸੀਟੀ ਮਾਰ ਸਾਰੀ ।
ਲੱਖਾ ਸਿੰਘ ਤੇ ਸਾਹਿਬ ਸਿੰਘ, ਗ੍ਰਿਫ਼ਤਾਰ ਸੀ ਕੀਤੇ ।
ਕੀਤੇ ਹਵਾਲਾਤ ਵਿਚ, ਬੈਠੇ ਚੁਪ ਕੀਤੇ ।

—o—

ਸੂਬੇ ਲੱਖਾ ਸਿੰਘ ਦੀ ਰਪਟ ਵਿਚ ਸਿੰਘਾਂ ਦੇ ਨਾਮ

ਹੀਰਾ ਸਿੰਘ ਲਹਿਣਾ ਸਿੰਘ ਸਕਰੌਦੀ ਦੇ ਵਾਸੀ।
ਅਨੂਪ ਸਿੰਘ ਭਾਈ ਤਿੰਨ ਨੇ, ਮਸਤਾਨਿਆਂ ਦੇ ਸਾਥੀ।
ਊਧਮ ਸਿੰਘ ਤੇ ਨੰਦ ਸਿੰਘ ਅੜਿਆਦੇ ਤੋਂ ਆਏ।
ਨੰਦ ਸਿੰਘ ਦੀ ਸਿੰਘਣੀ ਇੰਦ ਕੌਰ ਭੀ ਆਏ।
ਗਿਆਨ ਸਿੰਘ ਸੁਜਾਨ ਸਿੰਘ ਹੈ, ਪਿੰਡ ਫਲੇੜਾ।
ਸੰਗੋਵਾਲ ਦਾ ਕਾਹਨ ਸਿੰਘ, ਰਾਮਗੜ੍ਹੀਆਂ ਜੇਹੜਾ।
ਰਾਜਪੂਤ ਪਿੰਡ ਬੀੜ ਤੋਂ, ਦੋ ਸਿੰਘ ਜੋ ਦੱਸਣ।
ਨੰਦ ਸਿੰਘ ਤੇ ਭਾਗ ਸਿੰਘ, ਸਿੰਘਾਂ ਨਾਲ ਰੱਜਣ।
ਇਕ ਸਿਧੂ [illegible] ਵਰਿਆਮ ਸਿੰਘ, ਮਹਿਰਾਜ ਦਾ ਵਾਸੀ।
ਇਕ ਰੜਦਾ ਭਾਈ ਨਰਾਇਣ ਸਿੰਘ ਸਿੰਘਾਂ ਦਾ ਸਾਥੀ।
ਜੋਗਾ ਸਿੰਘ ਤੇ ਸਾਹਬ ਸਿੰਘ, ਮਾਰ ਤੁਰੇ ਜੈਕਾਰੇ।
ਗਏ ਸਿੰਘ ਇਹੋ ਕੋਟਲੇ, ਪੰਦਰਾਂ ਸਿੰਘ ਸਾਰੇ।
ਪੀ ਕੇ ਦੇਗ ਸੀ ਆਖਦੇ, ਰਾਜ ਸਿੰਘਾਂ ਕਰਨਾ।
ਅਸੀਂ ਕਢਣਾ ਕਹਿਣ ਅੰਗਰੇਜ ਨੂੰ, ਨਹੀਂ ਮੌਤ ਤੋਂ ਡਰਨਾ।
ਸੂਬੇ ਲੱਖਾ ਸਿੰਘ ਨੇ, ਜਦੋਂ ਰਪਟ ਲਿਖਾਈ।
ਹਥ ਕੜੀ ਲਾਈ ਦੋਹਾਂ ਦੇ ਸੂਬੇ ਦੋ ਭਾਈ।

ਨੋਟ—ਲੱਖਾ ਸਿੰਘ ਜੀ ਮਲੌਦ ਵਾਲੇ ਸਰਦਾਰ ਬਦਨ ਸਿੰਘ ਦੇ ਚਾਚੇ ਹੇਮ ਸਿੰਘ ਦੇ ਪੁਤਰ ਸਨ । ਇਹ ਇਕ ਛੋਟੀ ਜਿਹੀ ਰਿਆਸਤ ਸੀ; ਪਰ ਸੂਬੇ ਲੱਖਾ ਸਿੰਘ ਜੀ ਨੇ ਗ੍ਰਿਫਤਾਰ ਹੋਣ ਸਮੇਂ ਨਾ ਆਪਣਾ ਪਿੰਡ ਤੇ ਨਾ ਆਪਣੇ ਮਾਤਾ ਪਿਤਾ ਦੇ ਨਾਂ ਦਸੇ। ਨਾ ਦਸਣ ਦਾ ਮਤਲਬ ਇਹ ਸੀ ਕਿ ਇਹ ਸਾਡੀ ਸਿੱਖਾਂ ਦੀ ਰਿਆਸਤ ਜ਼ਬਤ ਨਾ ਹੋ ਜਾਵੇ। ਸੂਬਾ ਲੱਖਾ ਸਿੰਘ ਜੀ ਈ: ੧੯੯੫ ਨੂੰ ਮੋਰ ਮਈ ਵਿਚ ਅੰਤ ਸਮਾਂ ਪਾ ਗਏ।

ਸ਼ਿੰਘ ਕੀਤੇ ਸੀ ਹਵਾਲਾਟ. ਘੋੜੇ ਵੀ ਪਕੜੇ।
ਦੇਖੋ ਕੁਦਰਤ ਰਬ ਦੀ, ਕੀ ਕਰਦੇ ਝਕੜੇ।

—o—

ਮਸਤਾਨੇ ਸਿੰਘਾਂ ਨੇ ਰਬੋਂ ਦੇ ਖੂਹ ਉਤੇ ਸ਼ਹੀਦੀ ਦੇਗ ਰਗੜਨੀ

ਅੰਮ੍ਰਿਤ ਵੇਲੇ ਇਸ਼ਨਾਨ ਕਰ ਨਿਤਨੇਮ ਸਿੰਘ ਕਰਦੇ।
ਅਕਾਲਉਸਤਤ ਤੇ ਚੰਡੀ ਦੀ ਵਾਰ, ਉਚੀ ਸੁਨ ਪੜਦੇ
ਸੂਰਜ ਦਾ ਪ੍ਰਕਾਸ਼ ਸੀ, ਰਗੜਾ ਸੀ ਲਾਇਆ।
ਬਦਾਮ ਖੰਡ ਸਰਦਾਈ ਪਾ, ਸੀ ਦੇਗ ਬਨਾਇਆ।
ਕੀਤੀ ਸੀ ਅਰਦਾਸ, ਸਿੰਘ ਬਾਟੇ ਭਰ ਪੀਂਦੇ।
ਸਿਰੋਪਾ ਹੀਰਾ ਸਿੰਘ ਜੀ, ਹਰ ਸਿੰਘ ਨੂੰ ਦਿੰਦੇ।
ਮਹੰਤ ਸੋਭਾ ਸਿੰਘ ਵਰਿਆਮ ਸਿੰਘ ਦੋਵੇਂ ਆਏ।
ਨੱਥਾ ਸਿੰਘ, ਸੁਜਾਨ ਸਿੰਘ, ਰਾਮਗੜੀਏ ਧਾਏ।
ਚੱਕਰ ਦਿਤੇ ਸਿੰਘਾਂ ਨੂੰ, ਲੋਹੇ ਦੇ ਆ ਕੇ।
ਜੰਗ ਵਿੱਚ ਕਰਦੇ ਚੋਟ ਨੇ, ਦੁਸ਼ਮਣ ਨੂੰ ਜਾ ਕੇ।
ਵਜੀਰ ਸਿੰਘ ਸੇਡਾ ਸਿੰਘ, ਬੇਲਾ ਸਿੰਘ ਤਿੰਨੇ।
ਰਹਤੀਏ ਸਿੰਘ ਇਹ ਦੇਗ ਪੀਣ, ਮਸਤਾਂ ਨੇ ਵਿੰਨੇ।
ਰਬੋਂ ਦੇ ਇਹ ਸਤ ਸਿੰਘ, ਸੀ ਸਿੰਘ ਮਸਤਾਨੇ।
ਸ਼ਹੀਦ [illegible] ਕੋਟਲੇ, ਹੱਥ ਬੰਨੇ ਗਾਨੇ।

ਨੋਟ—ਸੂਬਾ ਸ਼ਾਹਬ ਸਿੰਘ ਜੀ ਹਾਜਰੀ ਬਾਗ ਦੀ ਜੇਹਲ ਵਿਚ ਗਏ ੧੯੭੯ ਦੀ ੧੦ ਜੂਨ ਨੂੰ।

ਇਹ ਕਥਾ ਬਾਗੀ ਕੂਕੇ ਵਿਚ ਪੜੋ।

★

ਇਕ ਗਭਰੂ

ਇਕ ਗਭਰੂ ਉਨੀ ਸਾਲ ਦਾ, ਆ ਮਸਤਾਨਿਆਂ ਪਾਸ।
ਉਹ ਫਤਹਿ ਬੁਲਾਕੇ ਆਖਦਾ, ਮੈਂ ਤੁਹਾਡਾ ਹਾਂ ਦਾਸ।
ਕੱਛ ਤੇੜ ਨਾ ਕੜਾ ਹੱਥ, ਨਾ ਅੰਮ੍ਰਿਤਧਾਰੀ।
ਹੋਣਾ ਮੈਂ ਸ਼ਹੀਦ ਹੈ, ਉਸ ਅਰਜ਼ ਗੁਜਾਰੀ।
ਪੁਛੇ ਹੀਰਾ ਸਿੰਘ ਜੀ, ਪਿੰਡ ਕਿਹੜਾ ਤੇਰਾ।
ਕੀ ਨਾਮ ਤੇ ਕੌਣ ਤੂੰ, ਕਿਥੇ ਕੀਤਾ ਬਸੇਰਾ।
ਅੱਗੋਂ ਗਭਰੂ ਆਖਦਾ, ਮੇਰਾ ਨਾਉ ਹਰਨਾਮਾ।
ਮੇਰਾ ਪਿੰਡ ਧੰਮੋਟ ਹੈ, ਮੈਂ ਬਣਨਾ ਮਸਤਾਨਾ।
ਜਥੇਦਾਰ ਨੇ ਕੰਨ ਵਿਚ ਹੀ ਭਜਨ ਸੁਣਾਇਆ।
ਸ਼ਹੀਦੀ ਰੰਗ ਚੜ੍ਹਾ ਦਿੱਤਾ, ਉਸ ਸ਼ੁਕਰ ਮਨਾਇਆ।
ਹਰਨਾਮੇ ਵੀਰ ਧੰਮੋਟ ਦੀ, ਸ਼ਹੀਦੀ ਕੁਰਬਾਨੀ।
ਤੋਪ ਦੇ ਮੂਹਰੇ ਉਸ ਦੀ, ਹੈ ਅਜਬ ਕਹਾਣੀ।
ਕਥਾ ਉਸ ਦੀ ਲਿਖੀ ਹੈ, ਇਤਿਹਾਸ ਦੇ ਅੰਦਰ।
ਹਰਨਾਮਾ ਸਿੰਘ ਸ਼ਹੀਦ ਹੈ, ਕਲਰ ਜੀ ਮੰਦਰ।

★

ਭਾਈ ਊਧਮ ਸਿੰਘ ਅਡਿਆਏ ਵਾਲੇ ਨੇ ਰਬੋਂ ਆ ਕੇ ਸਿੰਘਾਂ ਨੂੰ ਸੁਨੇਹਾ ਦੇਣਾ

ਇਹ ਗਿਆ ਰਿਆਸਤ ਕੋਟਲੇ, ਅਹਿਲਕਾਰਾਂ ਦੇ ਪਾਸ
ਉਹਨੇ ਦਸਿਆ ਆ ਕੇ ਸਿੰਘਾਂ ਨੂੰ, ਸਾਰਾ ਇਤਿਹਾਸ।
ਉਹ ਭਰੇ ਹੰਕਾਰ ਦੇ ਵਿੱਚ ਹੈ, ਰਤਾ ਨਹੀਂ ਸੰਗੇ।
ਉਹ ਆਖਣ ਦੀਨ ਇਸਲਾਮ ਦੇ, ਗਡਣੇ ਹਨ ਝੰਡੇ।
ਉਹ ਜਾਲਮ ਜੁਲਮ ਕਰਨ ਤੋਂ, ਬਾਜ ਨਾ ਆਉਂਦੇ।
ਸੁਣ ਮਸਤਾਨੇ ਸਿੰਘ ਨੇ, ਦਿਲ ਜੋਸ਼ ਚੜ੍ਹੋਂਦੇ।

ਬਿਸ਼ਨ ਸਿੰਘ ਮਮ੍ਤਾਨੇ ਸਿੰਘ ਜੋ, ਸੋਧਨੇ ਅਰਦਾਸੇ ।
ਚਲ ਲਵੋ ਹਥਿਆਰ ਮਲੌਦ ਤੋਂ, ਤੇ ਗੁਰੂ ਭਰਵਾਸੇ ।

*
*

ਰਬੋਂ ਤੋਂ ਸਿੰਘਾਂ ਨੇ ਤੁਰਨਾ

ਕਮਰ ਕਸੇ ਲਾਏ ਜਿੰਘਾਂ ਨੇ, ਸਫਾ ਜੰਗ ਚਕਰ ਹੱਥ ।
ਰਬੋਂ ਦੇ ਇਕ ਮੈਦਾਨ ਵਿੱਚ, ਖੜੇ ਸਿੰਘ ਸਨ ਨੱਸ ।
ਹੀਰਾ ਸਿੰਘ ਸ੍ਰਦਾਰ ਨੇ. ਗਾਤਰਿਓਂ ਕਢ ਕ੍ਰਿਪਾਨ ।
ਕਿਹਾ ਜੈਕਾਰਾ ਮਾਰ ਕੇ, ਖਿੱਚੀ ਲੀਕ ਮੈਦਾਨੇ ।
ਛਡ ਜਾਣ ਉਹ ਸਾਥ ਨੂੰ, ਜਿਨ੍ਹਾਂ ਨੂੰ ਪਿਆਰੀ ਜਿੰਦ ।
ਉਹ ਟੱਪਣ ਨਾ ਏਸ ਲੀਕ ਨੂੰ,ਜਿਨ੍ਹਾਂ ਨਹੀਂ ਮੌਤ ਪਸੰਦ ।
ਇਕ ਸੌ ਚਾਲੀ ਸਿੰਘ ਜੋ, ਗਏ ਲੀਕ ਸੀ ਟੱਪ ।
ਮਰਨਾ ਕੀਤਾ ਕਬੂਲ ਸੀ, ਧਰਮ ਤੋਂ ਜਿਨ੍ਹਾਂ ਹੱਸ ।
ਫੇਰ ਕੀਤੀ ਅਰਦਾਸ ਏਹ, ਸ਼ਹੀਦੀ ਦੇ ਗੁਰਦਾਨ ।
ਪਹਿਲੇ ਬੁਚੜ ਮਾਰੀਏ, ਦਈਏ ਧਰਮ ਤੇ ਜਾਨ ।
ਇੰਦ ਕੌਰ ਜਥੇਦਾਰਨੀ, ਝੰਡਾ ਸ਼ਹੀਦੀ ਹੱਥ ।
ਤੁਰਿਆ ਸਭ ਵਹੀਰ ਹੈ, ਲੈਣ ਸ਼ਹੀਦੀ ਰਸ ।
ਤੁਰਦੇ ਆਏ ਸਿੰਘ ਸਨ, ਨੇੜੇ ਦਿਸਦਾ ਪਿੰਡ ।
ਮਾਈ ਆਖਦੀ ਵੀਰ ਨੂੰ, ਕਿਹੜਾ ਕਿਲਾ ਹੈ ਨਰਿੰਦ ।
ਸਿੰਘਾਂ ਕਿਹਾ ਮਾਈ ਜੀ, ਇਹ ਹੈ ਸ਼ਹਿਰ ਮਲੌਦ ।
ਬਦਨ ਸਿੰਘ ਸ੍ਰਦਾਰ ਦਾ,ਹਥਿਆਰਾਂ ਦੀ ਕਰੀ ਸਰੌਦ ।
ਮਾਈ ਕਿਹਾ ਫਿਰ ਸਿੰਘਾਂ ਨੂੰ, ਚਲੋ ਉਹਨਾਂ ਦੇ ਪਾਸ ।
ਸਿਧੂ ਮੇਰਾ ਵੀਰ ਹੈ, ਕਿਹਾ ਮਸਤਾਨੀ ਖਾਸ ।
ਕਿਲੇ ਪਾਸ ਟਿੱਬਾ ਰੇਤ ਦਾ, ਡੇਰਾ ਦਿੱਤਾ ਸੀ ਲਾ ।
ਗੁਰਮਤਾ ਕੀਤਾ ਬੈਠ ਕੇ, ਸਿੰਘਾਂ ਤਾਈਂ ਸੁਣਾ ।
ਤੇਰਾਂ ਚੌਦਾਂ ਸਿੰਘ, ਜਾਣ ਕਿਲੇ ਦੇ ਵਲ ।

ਬਦਨ ਸਿੰਘ ਸਰਦਾਰ ਨੂੰ ~~ਫਤਿਹ ਬੁਲਾਉਣ~~ ਚਲ।
ਮਾਈ ਸਣੇ ਸਿੰਘ ਜੋ, ਗਏ ਸਰਦਾਰ ਦੇ ਪਾਸ।
ਫਤਹਿ ਬੁਲਾ ਕੇ ਉਸ ਦੇ, ਬੈਠੇ ਆਸ ਪਾਸ।
ਹੀਰਾ ਸਿੰਘ ਜੀ ਆਖਦੇ, ਅਸੀਂ ਹੈ ਕਰਨਾ ਜੰਗ।
ਹਥਿਆਰ ਦਿਉ ਸਰਦਾਰ ਜੀ, ਸਾਡੀ ਇਹੋ ਮੰਗ।
ਪਹਿਲਾਂ ਬੁਚੜ ਮਾਰ ਕੇ, ਅਹਿਲਕਾਰ ਕਰਨੇ ਨਾਸ।
ਫਿਰ ਕਢਣੇ ਫਰੰਗੀ ਹਿੰਦ ਚੋਂ, ਸਾਡੀ ਏਹ ਅਰਦਾਸ।
ਵਾਹਿਦਾ ਕੀਤੋਂ ਅਸਾਂ ਨਾਲ, ਘੋੜੇ ਦੇ ਹਥਿਆਰ।
ਅਸੀਂ ਮਰਨਾ ਹੈ ਧਰਮ ਤੇ, ਸੀਸ ਧਰਮ ਤੇ ਵਾਰ।
ਪੀਲਾ ਹੋਇਆ ਬਦਨ ਸਿੰਘ, ਬੋਲੇ ਉਹ ਸਰਦਾਰ।
ਕਹਿੰਦਾ ਮੈਂ ਨਾ ਦਿਆਂਗਾ, ਘੋੜੇ ਤੇ ਹਥਿਆਰ।
ਤੁਸੀਂ ਸੁਖੇ ਪੀਤੇ ਘੋਟ ਕੇ, ਤੁਹਾਡੀ ਗਈ ਮਾਰੀ ਮਤ।
ਹਾਮੀ ਮੈਂ ਅੰਗਰੇਜ ਦਾ, ਤੁਸੀਂ ਕੀ ਸਮਝੋ ਜੱਟ।
ਹਥਿਆਰ ਨਾ ਦੇਵਾਂ ਕਦੇ ਮੈਂ, ਅੰਗਰੇਜਾਂ ਦਾ ਹਾਂ ਯਾਰ।
ਗਲਾਂ ਨਾ ਮਾਰੋ ਬੈਠ ਕੇ, ਕਿਲਿਉਂ ਜਾਉ ਬਾਹਰ।
ਨੌਕਰ ਕਸ਼ਮੀਰੀ ਮੇਰੇ ਨੇ, ਲੜਾਕੇ ਮੁਸਲਮਾਨ।
ਮਾਰਨ ਤੁਹਾਨੂੰ ਆਣ ਕੇ, ਤੁਸੀਂ ਤਾਂ ਹੋ ਅਨਜਾਨ।
ਹੀਰਾ ਸਿੰਘ ਲਹਿਣਾ ਸਿੰਘ ਆਖਦੇ, ਸਰਦਾਰਾ ਦੇ ਹਥਿਆਰ।
ਮੁਕਰ ਗਿਆ ਸਰਦਾਰ ਸੀ, ਵਧੀ ਸਿੰਘਾਂ ਨਾਲ ਗਾਰ।
ਦਹਿਲ ਗਿਆ ਸਰਦਾਰ ਜੀ, ਹੋ ਗਿਆ ਹੈਸੀ ਕਾਇਰ।
ਸਿੰਘਾਂ ਨੂੰ ਤਾਅਨੇ ਮਾਰਦਾ, ਬਿਸ਼ਨ ਸਿੰਘ ਬਣ ਗੈਰ।

★

ਮਾਈ ਮਸਤਾਨੀ

ਮਾਈ ਮਸਤਾਨੀ ਆਖਦੀ, ਵੇ ਵੀਰਾ ਹੋਸ਼ ਸੰਭਾਲ।
ਵਾਹਿਦਾ ਕਰਕੇ ਮੁਕਰਦਾ, ਸਿੰਘੋ ਹੋਇਆ ਸਿਆਲ।

ਤਾਹਨੇ ਕਾਹਨੂੰ ਮਾਰਦੈਂ, ਬਦਲੀ ਤੇਰੀ ਨੀਤ।
ਝੂਠਾ ਤੂੰ ਸਰਦਾਰ ਹੈਂ, ਗੁਰਸਿੱਖੀ ਛਡੀ ਰੀਤ।
ਸਿੰਘ ਨਹੀਂ ਤੂੰ ਗੁਰੂ ਦਾ, ਕੰਜਰੀਆਂ ਹੈਂ ਦਾ ਯਾਰ।
ਹੁੰਦਾ ਪੁਤ ਜੇ ਸਿੰਘ ਦਾ, ਦਿੰਦਾ ਤੂੰ ਹਥਿਆਰ।
ਮਾਈ ਦੀ ਇਹ ਗਲ ਸੁਣ, ਸਰਦਾਰ ਹੋਇਆ ਸੀ ਲਾਲ।
ਘੂਰਨ ਲਗਾ ਮਾਈ ਨੂੰ, ਬੋਲੇ ਕਰੋਧ ਦੇ ਨਾਲ।
ਕਿਹਾ ਸੀ ਉਸ ਮਾਈ ਨੂੰ, ਤੇਰੀ ਗਿੱਚੀ ਪਿਛੇ ਮਤ।
ਮਾਰਨ ਉਠਿਆ ਮਾਈ ਨੂੰ, ਮਾਈ ਨੇ ਦੇਖਿਆ ਤਕ।
ਮਸਤਾਨੀ ਦੇ ਸੀ ਹਥ ਵਿਚ, ਸਫਾ ਜੰਗ ਹਥਿਆਰ।
ਉਹ ਮਾਰਨ ਆਇਆ ਮਾਈ ਨੂੰ, ਮਾਈ ਮਾਰੀ ਭਭਕਾਰ
ਸਫ਼ਾ ਜੰਗ ਦੀ ਚੁੰਜ ਸੀ, ਮਥੇ ਲਗੀ ਆਣ।
ਲਹੂ ਦੀ ਚਲੀ ਧਾਰ ਸੀ, ਹੋਇਆ ਉਹ ਹੈਰਾਨ।
ਰੌਲਾ ਪਾਕੇ ਬੋਲਿਆ, ਮਾਰ ਦਿਤਾ ਮੈਂ ਅੱਜ।
ਦੌੜ ਕੇ ਅੰਦਰ ਵੜ ਗਿਆ, ਕੁੰਡਾ ਲਾਇਆ ਭੱਜ।
ਰੌਲਾ ਸੁਣ ਸਰਦਾਰ ਦਾ, ਨੌਕਰ ਆਏ ਚਾਰ।
ਕਸ਼ਮੀਰ ਜਾਤ ਦੇ ਮੁਸਲਮਾਨ, ਹਥ ਉਨਾਂ ਹਥਿਆਰ।
ਫਟੜ ਕੀਤੇ ਸਿੰਘ ਦੋ, ਸਿੰਘ ਸਨ ਖ਼ਾਲੀ ਹੱਥ।
ਹੀਰਾ ਸਿੰਘ ਲਹਿਣਾ ਸਿੰਘ ਜੀ, ਸਰਬ ਕਲਾ ਸਮਰਥ।
ਭਰੇ ਰੇਤ ਦੇ ਬੁਕ ਸੀ, ਤੁਰਕਾਂ ਦੇ ਪਾਏ ਅੱਖ।
ਹਥਿਆਰ ਖੋਹੇ ਫਿਰ ਸਿੰਘਾਂ ਨੇ, ਨੌਕਰਾਂ ਕੋਲੋਂ ਝੱਟ।
ਕਿਸ਼ਨਾ ਚਪੜਾਸੀ ਮਾਰਿਆ, ਬੂਟਾ ਸੀ ਕੋਚਵਾਨ।
ਮੁਨਸ਼ੀ ਨਵੀਆ ਬਖਸ਼ ਖ਼ਾਂ, ਪੰਜੇ ਮਰੇ ਜਵਾਨ।
ਪੰਜ ਦਸ ਆਏ ਹੋਰ ਵੀ, ਲੜਦੇ ਸਿੰਘਾਂ ਨਾਲ।
ਫਟੜ ਹੋਕੇ ਦੌੜ ਗਏ, ਲਹੂ ਸੀ ਚਲੇ ਲਾਲ।
ਰਾਜਪੂਤ ਇਕ ਕਿਸ਼ਨਾ, ਦੋਸਤ ਸੀ ਸਰਦਾਰ।
ਫਟੜ ਕੀਤੇ ਸਿੰਘ ਨੇ, ਉਸ ਨੇ ਆਕੇ ਚਾਰ।

ਫਲੇੜੇ ਵਾਲਾ ਗਿਆਨ ਸਿੰਘ, ਫਟੜ ਕੀਤਾ ਆਨ।
ਥੰਮਣ ਸਿੰਘ ਜੀ ਉਸ ਨਾਲ,ਧਰਤੀ ਡਿਗੇ ਸਨ ਆਨ।
ਭਾਈ ਭਗਵਾਨ ਸਿੰਘ ਦੇ, ਬੁਲ ਵਿਚ ਲਗੀ ਤਲਵਾਰ
ਚੌਥਾ ਫਟੜ ਮੇਹਰ ਸਿੰਘ.. ਦਿਤੀ ਲਤ ਸੀ ਪਾੜ।
ਇਕ ਗੋਲੀ ਮਾਰੀ ਸਿੰਘ ਦੇ, ਗਈ ਲਤ ਵਿਚੋਂ ਲੰਘ।
ਮੇਹਰ ਸਿੰਘ ਦੀ ਲਤ ਜੋ, ਦੂਜੀ ਕਰਤੀ ਭੰਗ।
ਇਕ ਜੈਮਲ ਸਿੰਘ ਸਰਦਾਰ ਸੀ, ਹੈਸੀ ਜੋ ਮੁਖਤਿਆਰ
ਉਹ ਹੀਰਾ ਸਿੰਘ ਨੇ ਦੇਖਿਆ ਉਹਦੇ ਪਿਆ ਲਲਕਾਰ
ਡਾਂਗ ਮਾਰ ਹੀਰਾ ਸਿੰਘ ਨੇ, ਦਿਤੀ ਬਾਂਹ ਸੀ ਤੋੜ।
ਬੰਦੂਕ ਖੋਹੀ ਸੀ ਉਸਦੀ, ਦੂਜੀ ਬਾਂਹ ਮਰੋੜ।
ਵਾਸਤਾ ਪਾ ਕੇ ਆਖਦਾ, ਮੈਨੂੰ ਨਾ ਦੇਣਾ ਮਾਰ।
ਕੁੰਜੀ ਲੈ ਲਵੋ ਮੇਰੇ ਤੋਂ, ਘੋੜੇ ਲਵੋ ਹਥਿਆਰ।
ਕੁੰਜੀਆਂ ਦਿਤੀਆਂ ਸਿੰਘਾਂ ਨੂੰ ਖੋਲ ਲਿਆ ਸੀਵਾਰ।
ਜਿੰਦਰਾ ਖੋਲ੍ਹਿਆ ਸਿੰਘਾਂ ਨੇ,ਲੈਣ ਹਥਿਆਰ ਸੰਭਾਲ।
ਸੇਲੇ ਤੇ ਕੁਝ ਸ਼ਵੀਆਂ, ਸਫਾ ਜੰਗ ਤੇ ਤਲਵਾਰ।
ਮਨ ਭਾਉਂਦੇ ਲਏ ਸਿੰਘਾਂ ਨੇ, ਘੋੜੇ ਲਏ ਸ਼ਿੰਗਾਰ।
ਸੂਰਜ ਗਿਆ ਛਿਪ ਸੀ, ਵਿਚ ਕਿਲੇ ਦੇ ਸਿੰਘ।
ਰੌਲਾ ਪੈ ਗਿਆ ਕਿਲੇ ਵਿਚ ਡਾਕੂ ਲੁਟਦੇ ਇੰਜ।
ਚਪੜਾਸੀ ਇਕ ਸਰਦਾਰ ਦਾ, ਉਸ ਕੀਤੇ ਬੰਦ ਕੁਆੜ
ਸਿੰਘ ਵਿਚ ਸਨ ਕਿਲੇ ਦੇ, ਜਿੰਦਰਾ ਲਾਇਆ ਤਾੜ।

★

ਸਿੰਘਾਂ ਨੇ ਕਿਲੇ ਵਿਚੋਂ ਬਾਹਰ ਨਿਕਲਣਾ

ਧੌਂਸਾ ਵਜਿਆ ਕਿਲੇ ਵਿਚ, ਲੁਟਿਆ ਹੈ ਸਰਦਾਰ।
ਖੇੜੀ ਪਿੰਡ ਦੇ ਜੱਟ ਨੇ, ਜੋ ਸੰਭਲ ਗੋਤ ਗਵਾਰ।
ਕਹੀਆਂ ਫੌਹੜੇ, ਤੰਗਲੀਆਂ, ਜਟਾਂ ਦੇ ਸੀ ਹਥ।

ਕਿਲੇ ਮੁਹਰੇ ਆ ਖੜੇ, ਰਸਤਾ ਰੁਕ ਗਿਆ ਝੱਟ।
ਮੋਰੀ ਹੈ ਸੀ ਕਿਲੇ ਦੀ, ਸਿੰਘ ਆਏ ਉਸ ਪਾਸ।
ਘੋੜਿਓਂ ਹੋਣ ਉਤਰ ਕੇ, ਲੰਘ ਗਏ ਸੀ ਖਾਸ।
ਚਾਰ ਫਟੜ ਸੀ ਸਿੰਘ ਜੋ, ਸਿੰਘਾਂ ਲਏ ਸੰਭਾਲ।
[illegible] ਟਿੱਬੇ [illegible] ਦਿਤੇ ਉਹ ਬਿਠਾਲ।
ਪੰਜਾਬ ਸਿੰਘ ਸੀ ਉਹਨਾਂ ਦਾ, ਸਾਥੀ ਹੈ ਸੀ ਵੀਰ।
ਸੇਵਾ ਕਰਨ ਲਈ ਸਿੰਘਾਂ ਦੀ, ਵਖਰੇ ਹੋਏ ਬਹੀਰ।
ਸੋਭਾ ਸਿੰਘ ਮਹੰਤ ਸੀ, ਰਬੋ ਉਹਦਾ ਪਿੰਡ।
*ਬੇਰੀਆਂ ਵਾਲੇ ਬਾਗ ਵਿਚ, ਲੈ ਗਿਆ ਫਟੜ ਸਿੰਘ।
੧ਨੰਦ ਸਿੰਘ ਅੱਡਿਆਏ ਪਿੰਡ ਤੋਂ, ਹੈਸੀ ਜਥੇਦਾਰ।
ਕੱਲਾ ਰਹਿ ਗਿਆ ਕਿਲੇ ਵਿਚ, ਮੋਰੀ ਦੀ ਨਾ ਲਗੀਸਾਰ
ਹੌਲੀ ੨ ਸੀ ਲੰਘਦਾ, ਹਨੇਰੀ ਹੈਸੀ ਰਾਤ।
ਪਥਰ ਕਿਸੇ ਨੇ ਮਾਰਿਆ, ਸਿੰਘ ਮਾਰ ਕੀਤਾ ਘਾਤ।
੨ ਗੋਰਖਾ ਸਿੰਘ ਮਸਤਾਨੜਾ, ਸੀ ਮਸਤੀ ਦਾ ਲੋਰ।
ਜੈਕਾਰੇ ਰਿਹਾ ਮਾਰਦਾ, ਟਿੱਬੇ ਤੇ ਬੈਠਾ ਬੋਲ।
ਜੱਟਾਂ ਘੇਰਿਆ ਉਸ ਨੂੰ, ਖੂਹ ਵਿਚ ਦਿਤਾ ਸਿਟ।
ਦੋ ਸਿੰਘ ਹੋਏ ਸ਼ਹੀਦ ਸਨ, ਮਲੌਦ ਦੀ ਧਰਤੀ ਵਿਚ।
ਤੀਜਾ ੩ ਬਹੀਰ ਛਡ ਕੇ ਅਤਰ ਸਿੰਘ, ਵਖਰਾ ਜਾਂਦਾ ਰਾਹ।
ਜਟਾਂ ਨੇ ਕੁਟ ਮਾਰਿਆ, ਖੇੜੀ ਪਿੰਡ ਗਵਾਹ।
ਉਧਰ ਸਿੰਘ ਅਸਵਾਰ ਹੋਏ, ਕੋਟਲੇ ਦੇ ਪਏ ਰਾਹ।
ਕੁਝ ਪੈਦਲ ਸੀ ਜਾਂਵਦੇ, ਠੰਢ ਸੀ ਬੇ ਅਥਾਹ।

---

*ਨੋਟ—ਇਸਦਾ ਸਾਰਾ ਹਾਲ ਅਗੇ ਆਵੇਗਾ।

ਨੋਟ—੧. ਨੰਦ ਸਿੰਘ ਅਡਿਆਏ ਤੋਂ।
੨. ਗੋਰਖਾ ਸਿੰਘ ਭੈਣੀ ਸਾਹਿਬ।
੩ ਅਤਰ ਸਿੰਘ ਰੁੜਕੇ ਦਾ। [ਬਾਕੀ ਅਗਲੇ ਸਫੇ ਤੇ

ਆਏ ਸਿੰਘ ਸੀ ਕੋਟਲੇ, ਡੇਰਾ ਲਾਇਆ ਚਲ।
ਆਤਮਾ ਰਾਮ ਦੇ ਡੇਰੇ ਪਾਸ, ਬੈਠੇ ਸਿੰਘ ਸੀ ਬਲ।
ਦਸਿਆ ਕਿਸੇ ਨੇ ਜਾ ਕੇ, ਅਹਿਲਕਾਰਾਂ ਦੇ ਪਾਸ।
ਕੋਟਲੇ ਆਏ ਸਿੰਘ ਨੇ, ਕਰਨੇ ਬੁਚੜ ਨਾਸ।
ਪਹਿਰੇ ਲਾਏ ਉਹਨਾਂ ਨੇ, ਹਰ ਦਰਵਾਜੇ ਵਿਚ।

੧੪ ਜਨਵਰੀ ਦੀ ਰਾਤ ਕੋਟਲੇ ਦੀ ਧਰਤੀ ਵਿਚ ਮਸਤਾਨਾ ਦਲ

ਡੇਰਾ ਆਤਮਾ ਰਾਮ ਦਾ, ਰੋਹੀ ਬੀਆ ਬਾਨ।
ਕੋਟਲੇ ਤੋਂ ਲਹਿੰਦੇ ਵਲ ਹੈ, ਧਰਤ ਇਕ ਬੈਰਾਨ।
ਡੇਰਾ ਲਾਇਆ ਸਿੰਘਾਂ ਨੇ, ਰਾਤ ਪਈ ਸੀ ਠੰਢ।
ਅੱਗ ਬਾਲ ਕੇ ਸੇਕਦੇ, ਬਜੇ ਹਟਣੋਂ ਦੰਦ।
ਕੌਂਸਲ ਵਾਲੇ ਅਹਿਲਕਾਰ, ਦਹਿਲ ਗਏ ਪਠਾਣ।
ਕਰੇ ਦਰਵਾਜੇ ਬੰਦ ਸਨ: ਪਹਿਰੇ ਰਾਤ ਘੜਾਣ।
ਪੰਦਰਾਂ ਜਨਵਰੀ ਚਮਕਿਆ ਸੂਰਜ ਦਾ ਪ੍ਰਕਾਸ਼।
ਕੀਤੇ ਕਮਰ ਕਸੇ ਫਿਰ ਸੋਧਨ ਸਿੰਘ ਅਰਦਾਸ।
ਆਏ ਕੋਟਲੇ ਸ਼ਹਿਰ ਵਲ, ਦਰਵਾਜੇ ਵੇਖਣ ਬੰਦ।
ਸ਼ਹਿਰ ਉਦਾਲੇ ਕੋਟ ਸੀ, ਪੱਕੀ ਉਚੀ ਕੰਧ।
ਸਿੰਘ ਦੇਖ ਕੇ ਸ਼ਹਿਰ ਨੂੰ, ਹੋਏ ਖੜੇ ਉਦਾਸ।

ਕੌਂਸਲ ਅਹਿਲਕਾਰ ਆਖਦੇ, ਬਣਨ ਨ ਦੇਣੇ ਸਿਖ।

ਇਹ ਤਿੰਨੇ ਸਿੰਘ ਮਲੌਦ ਦੇ ਜੰਗ ਵਿਚ ਸ਼ਹੀਦ ਹੋ ਗਏ ਸਨ। ਜਿਹੜੇ ਫਟੜ ਸਿੰਘ ਸਨ ਉਹ ਰਬੋਂ ਬੇਰੀਆਂ ਦੇ ਬਾਗ ਵਿਚੋਂ ੧੭ ਜਨਵਰੀ ਨੂੰ ਸੂਬੇ ਗੁਜਰ ਨੇ ਫੜਾ ਦਿਤੇ ਸਨ। ਉਨ੍ਹਾਂ ਨੂੰ ੧੯ ਜਨਵਰੀ ਨੂੰ ਕੈਦ ਕਰਕੇ ਕਾਲੇ ਪਾਣੀ ਭੇਜ ਦਿਤਾ ਸੀ।

ਢਾਬੀ ਦਰਵਾਜੇ ਖੜੇ ਸਨ, ਇਕ ਆਇਆ ਬੰਦਾਪਾਸ।
ਗੋਹਲਾ ਸਿੰਘ ਉਹ ਨਾਈ ਸੀ, ਦੋਨੋਂ ਦਰਵਾਜੇ ਬੰਦ।
ਉਹਨੇ ਦਸਿਆ ਸਿੰਘਾਂ ਨੂੰ, ਢਠੀ ਪਈ ਹੈ ਕੰਧ।
ਪੰਜ ਸਿੰਘ ਕੰਧ ਟੱਪ ਗਏ, ਦੌੜੇ ਪਹਿਰੇਦਾਰ।
ਜੰਦਰਾ ਸਿੰਘਾਂ ਭੰਨਿਆ, ਦਿਤੇ ਖੋਹਲ ਕਵਾੜ।
ਪੈਦਲ ਸਿੰਘ ਅਸਵਾਰ ਜੋ, ਗਏ ਸੀ ਕੂਚ ਬਜਾਰ।
ਬੁਚੜਾਂ ਦੇ ਘਰ ਜਾ ਵੜੇ, ਮਾਰੇ ਸਿੰਘ ਲਲਕਾਰ।
ਬੁਚੜ ਕੀਤੇ ਕਤਲ ਸੀ, ਸਿੰਘਾਂ ਹਥ ਤਲਵਾਰ।
ਔਰਤ ਬਚੇ ਨਾ ਮਾਰੇ, ਰੋਵਣ ਬਾਲ ਤੇ ਨਾਰ।
ਪੰਜ ਸਤ ਗਊਆਂ ਬੱਧੀਆਂ ਸਿੰਘਾਂ ਘਲੀਆਂ ਬੀਆਬਾਨ।
ਰੌਲਾ ਪਿਆ ਵਿਚ ਕੋਟਲੇ, ਭਜ ਗਏ ਮੁਸਲਮਾਨ।

—0—

ਕੌਂਸਲ ਦੇ ਅਹਿਲਕਾਰ

ਕੌਂਸਲ ਵਾਲੇ ਅਹਿਲਕਾਰ, ਬੁਰਕੇ ਸਿਰਾਂ ਤੇ ਪਾ।
ਛਡ ਗਏ ਉਹ ਕੋਟਲਾ, ਰੋਹੀ ਵਿਚ ਗਏ ਆ।
ਕੁਝ ਅਹਿਲਕਾਰ ਲੁਕੇ ਸਨ, ਉਹਨਾਂ ਦਾ ਇਹ ਹਾਲ।
ਲੁਕੇ ਚਰੀ ਦੀ ਸੌਰ ਵਿਚ, ਸਿੰਘ ਰਹੇ ਸੀ ਭਾਲ।
ਜਦ ਨਾ ਲਭੇ ਉਹ ਸੀ, ਫਿਰ ਸਿੰਘ ਹੋਣ ਹੁਸ਼ਿਆਰ।
ਆਏ ਕਤਵਾਲੀ ਵਲ ਨੂੰ, ਅਗੋਂ ਥਾਣੇਦਾਰ।
ਲੜੇ ਸਿੰਘਾਂ ਨਾਲ ਆਣਕੇ, ਪੁਲਸੀਏ ਕਈ ਮਲੰਗ।
ਕਾਜੀ ਹੈਸੀ ਨੂਰਦੀਨ; ਕਤਲ ਕੀਤਾ ਵਿਚ ਜੰਗ।
ਧਿਆਨ ਸਿੰਘ ਸਰਦਾਰ ਨੇ, ਸਿਰ ਦਿਤਾ ਸੀ ਕਟ।
ਪੁਲਸ ਹਥਿਆਰ ਬੰਦ ਸੀ, ਲੜੇ ਆਣਕੇ ਝਟ।
ਸਿੰਘਾਂ ਨੇ ਸੀ ਮਾਰਿਆ, ਅਹਿਮਦ ਖਾਂ ਥਾਣੇਦਾਰ।
ਮੁਨਸ਼ੀ, ਗੈਂਡਾ, ਅਲੀਸ਼ੇਰ, ਮਾਰੇ ਨੇ ਲਲਕਾਰ।

ਗੰਡਾ, ਕੌੜੇ ਖਾਂ ਜੋ, ਖੁਦਾਈਆ ਯਹੀਆ ਖਾਨ।
ਹਰੀਮਾ ਗਿਆ ਮਾਰਿਆ, ਬੀਰ ਖਾਨ, ਪਠਾਣ।
ਕਤਲ ਕਰੀ ਸੀ ਪੁਲਸ ਜੋ, ਫਟੜ ਕਰੇ ਸੀ ਹੋਰ।
ਤੁਰਕ ਗਏ ਸੀ ਭੱਜ ਜੋ, ਆਖਣ ਸਿੰਘਾਂ ਨੂੰ ਚੋਰ।
ਕਤਵਾਲੀ ਤੋਂ ਹਥਿਆਰ ਕੁਝ, ਆਏ ਸਿੰਘਾਂ ਨੇ ਹਥ।
ਜੰਗ ਛਿੜ ਪਿਆ ਜਿਤ ਹਾਰ ਦਾ, ਪਠਾਣ ਤੁਰਕ ਦੀ ਮਤ।
ਕਾਹਨ ਸਿੰਘ ਪਿੰਡ ਬੀੜ ਤੋਂ, ਕੋਰ ਗਿਆ ਚੜ੍ਹਾਈ।
ਊਧਮ ਸਿੰਘ ਅੰਡਿਆਏ ਹੋਰੀ ਜਾਨ ਹੋਈ ਹਵਾਈ।
ਰਾਮ ਸਿੰਘ ਬਲਾੜੀ ਪਿੰਡ ਤੋਂ, ਬਾਂਹ ਕਟੀ ਗਈ ਮਰਿਆ।
ਬਜੀਰ ਸਿੰਘ ਫਟੜ ਹੋ ਗਿਆ, ਸਚ ਖੰਡ ਮੂੰਹ ਕਰਿਆ।
ਫਿਰ ਕੀਤਾ ਹਲ ਸਿੰਘਾਂ ਨੇ, ਮਾਰ ਦੋ ਡੇਲੀ।
ਇਹ ਸੀ ਪਾਪੀ ਬਹੁਤ ਹੀ ਬੁਚੜਾਂ ਦੇ ਮੇਲੀ।
ਕਤਵਾਲੀ ਚੋਂ ਅਸਵਾਰ ਸਿੰਘ, ਦੇਂਦੇ ਸੀ ਗੇੜੇ।
ਅਹਿਲਕਾਰ ਤਾਂ ਲੁਕੇ ਸੀ ਭਾਲ ਵੇਖੇ ਡੇਰੇ।

—o—

ਸ: ਹੀਰਾ ਸਿੰਘ ਜੀ ਨਵਾਬ ਦੇ ਮਹਿਲਾਂ ਵਿਚ

ਘੋੜਿਓਂ ਉਤਰ ਹੀਰਾ ਸਿੰਘ; ਹੁਰਮਾਂ ਵਿਚ ਵੜਿਆ।
ਦੌੜੇ ਪਹਿਰੇਦਾਰ ਸਨ, ਨਾ ਕੋਈ ਸੀ ਖੜਿਆ।
ਇਕ ਲੜਕੀ ਪੰਦਰਾਂ ਸਾਲ ਦੀ, ਬਾਹਰ ਹੁਰਮੋਂ ਆਈ
ਉਸ ਹੀਰਾ ਸਿੰਘ ਨੂੰ ਵੇਖ ਕੇ ਸਲਾਮ ਸੁਣਾਈ।
ਥਰ ਥਰ ਕੰਬੇ ਕੁੜੀ ਉਹ, ਆਖੇ ਸੁਣ ਭਾਈ।
ਮਹਿਲਾਂ ਦੇ ਵਿਚ ਬੇਗਮਾਂ, ਰੋਂਦੀ ਹੈ ਮਾਈ।
ਅੰਦਰ ਨਾ ਜਾਇਓ ਵੀਰ ਜੀ, ਨ ਕਰੋ ਅਨਗਹਿਲੀ।
ਬੇਗਮਾਂ ਹਨ ਪਿਟਦੀਆਂ, ਪਈਆਂ ਨੇ ਦਹਿਲੀ।
ਬੀਬੀ ਬਸ਼ੀਰਾਂ ਆਖਦੀ, ਇਹ ਬਸਤਰ ਗਹਿਣੇ।

ਪਟਿਆਰੀ ਲਿਆਈ ਚੁਕ ਕੇ, ਆਖੇ ਲੌ ਲੈਣੇ।
ਜੇਵਰ ਸ਼ਾਰੇ ਏਸ ਵਿਚ, ਹਨ ਕੀਮਤੀ ਭਾਈ।
ਸੋਨੇ ਚਾਂਦੀ ਦੇ ਬਣੇ ਨੇ, ਹੀਰਿਆਂ ਦੀ ਜੜਾਈ।
ਕੀਮਤੀ ਬਸਤਰ ਲਿਬਾਸ ਜੋ, ਬੰਦ ਹੈਨ ਉਸ ਪੇਟੀ।
ਲੈ ਜਾਉ ਮਨ ਭਾਂਵਦੇ, ਪਰ ਬਾਹਰ ਜਾਵੋ ਛੇਤੀ।
ਹੁਰਮਾਂ ਅੰਦਰ ਬੇਗਮਾਂ, ਤੁਸੀਂ ਅੰਦਰ ਨਾ ਜਾਇਓ।
ਧਨ ਲੈ ਜਾਵੋ ਮਨ ਭਾਂਵਦਾ, ਜੇ ਲੁਟਣ ਆਇਓ।
ਘੋੜੇ ਲਵੋ ਮਨ ਭਾਂਵਦੇ, ਹਨ ਵਿਚ ਤਬੇਲੇ।
ਸਭ ਕੀਮਤੀ ਹਨ ਜਾਨਵਾਰ, ਹਨ ਕਈ ਅਲਬੇਲੇ।
ਹੀਰਾ ਸਿੰਘ ਜੀ ਆਖਦੇ, ਸੁਣ ਮੇਰੀਏ ਭੈਣੇ।
ਨਾ ਘੋੜੇ ਬਸਤਰ ਲੁਟਣੇ, ਨਾ ਚੁਕਣੇ ਗਹਿਣੇ।
ਅਸੀਂ ਬੁਚੜ ਕੀਤੇ ਕਤਲ ਨੇ, ਜ਼ੁਲਮ ਕਰੇ ਕਸਾਈਆਂ।
ਕਤਵਾਲੀ ਕੀਤੀ ਕਤਲ ਹੈ, ਜੋ ਕਰਦੀ ਬੁਰਆਈਆਂ।
ਅਸੀਂ ਲੈਣੇ ਸ਼ਾਸਤਰ. ਹੋਰ ਜੋ ਹਥਿਆਰ ਸਰਕਾਰੀ।
ਲੈਣੇ ਨੇ ਹਥ ਆਪਣੇ, ਸਾਰੇ ਇਕ ਵਾਰੀ।
ਕਹੇ ਬਸ਼ੀਰਾ ਬੀਰ ਜੀ, ਜੋ ਸ਼ਸਤਰ ਸਾਰੇ।
ਤੋਸ਼ੇਖਾਨੇ ਪਏ ਨੇ, ਪਹਿਰੇ ਹਨ ਭਾਰੇ।
ਸੁਣ ਕੇ ਹੀਰਾ ਸਿੰਘ ਜੀ, ਹਥਿਆਰਾਂ ਨੂੰ ਧਾਏ।
ਦੌੜੇ ਪਹਿਰੇਦਾਰ-ਸਨ ਨਾ ਚਾਬੀ ਹਥ ਆਏ।
ਜਿੰਦਰਾ ਨਾ ਟੁਟਿਆ ਸਿੰਘਾਂ ਤੇ, ਪਥਰ ਦੇ ਤਖਤੇ।
ਕੀਤਾ ਜਤਨ ਸਿੰਘਾਂ ਨੇ, ਹਥਿਆਰ ਨਾ ਲਭਤੇ।
ਸਿੰਘ ਫਿਰਦੇ ਵਿਚ ਸ਼ਹਿਰ ਦੇ, ਅਹਿਲਕਾਰ ਨਾ ਥਿਆਏ।
ਖਾਲੀ ਵੇਖ ਸ਼ਹਿਰ ਨੂੰ, ਸਿੰਘ ਬਾਹਰ ਆਏ।

ਕੋਟਲਾ ਸ਼ਹਿਰ ਦਾ ਹਾਲ

ਕਈ ਬੁਰਕੇ ਪਾ ਕੇ ਦੌੜ ਗਏ, ਬਣ ਬਣ ਉਹ ਨਾਰੀਆਂ
ਖੁਲੇ ਘਰਾਂ ਨੂੰ ਛੱਡ ਗਏ, ਰੋਂਦੀਆਂ ਮੁਟਿਆਰਾਂ।
ਕਈ ਦੌੜੀਆਂ ਵਿਚ ਬਜ਼ਾਰ ਦੇ, ਡਿਗ ਦੰਦ ਭਨਾਏ।
ਰੱਬਾ ਦਿਤੀ ਮਾਰ ਮੈਂ, ਬੂੰ ਬੂੰ ਕੁਰਲਾਏ।
ਭਾਬੋ ਭਜੀਆਂ ਛਡ ਕੇ, ਜੋ ਨਣਦਾਂ ਨੱਠੀਆਂ।
ਮਾਵਾਂ ਧੀਆਂ ਨੂੰ ਛਡਕੇ, ਮਾਸੀਆਂ ਵੀ ਭਜੀਆਂ।
ਸਿੰਘ ਜੈਕਾਰੇ ਬੋਲਦੇ, ਤੁਰਕ ਲੁਕਣ ਤੇ ਨੱਸਣ।
ਦੌੜੇ ਤੁਰਕ ਤੇ ਨੱਠੀਆਂ ਵੇਖ ਸਿੰਘ ਜੋ ਹੱਸਣ।
ਕਈ ਤਹਿਮਤ ਛਡ ਕ, ਦੌੜਦੇ ਅਲਫੋ ਸੀ ਨੰਗੇ।
ਪੁਤਰ, ਪਿਤਾ, ਮਾਂ, ਪੁਤਰ ਛਡ, ਮਾਰ ਚਾਂਗਾਂ ਕੰਬੇ।
ਘਰ ਘਰ ਖਾਲੀ ਸ਼ਹਿਰ ਵੇਖ, ਸਿੰਘ ਬਾਹਰ ਧਾਏ।
ਬਿਸ਼ਨ ਸਿੰਘ ਵੇਖ ਤੁਰਕ ਫਿਰ [illegible] ਆਏ।

★

ਕੋਟਲੇ ਦੇ ਹਿੰਦੂ ਪਠਾਣੀ ਫੌਜ ਨਾਲ ਸਿੰਘਾਂ ਦਾ ਆਹਮੋ ਸਾਹਮਣਾ ਜੰਗ

ਨਦੀ ਬਰਸਾਤੀ ਥਲ ਉਤੇ, ਰੇਤਾ ਸੀ [illegible]
ਸਿੰਘ ਆਏ ਉਸ ਥਲ ਉਤੇ, ਤੁਰਕੀ ਦਲੁ [illegible]
ਚੜੇ ਤੁਰਕ ਮਲੇਰ ਤੋਂ, ਸੀ ਢੋਲ ਬਜਾਕੇ।
ਛਵੀਆਂ ਗੰਡਾਸੇ ਕੋਲ ਸਨ, ਕਈ [illegible] ਪਟਾਕੇ।
ਪਟੇ ਬਨੇਰੇ [illegible] ਹਿੰਦੂਆਂ, ਝੋਲੀ ਪਾਏ ਖੰਗਰ।
ਹਿੰਦੂ ਮੁਸਲਮ ਆਏ [illegible] ਥਲ ਦੇ ਅੰਦਰ।
ਸਿੰਘਾਂ ਕਿਹਾ ਹਿੰਦੂਓ, ਤੁਸੀਂ ਮਗਰ ਕਿਉਂ ਆਏ।
ਨਿਕਲੋ ਸਾਡੇ ਸ਼ਹਿਰ ਤੋਂ, ਉਹ ਕਹਿਣ ਸੁਣਾਏ।

ਬਿਸ਼ਨ ਸਿੰਘ ਦੇਖੋਂ ਧਿਆਨ ਧਰ; ਹਿੰਦੂਆਂ ਮਤ ਮਾਰੀ।
ਗਲ ਪਏ ਸਿੰਘਾਂ ਦੇ ਆਣਕੇ ਨਹੀਂ ਗਲ ਵਿਚਾਰੀ।

★

ਕੋਟਲੇ ਦੇ ਹਿੰਦੂ

ਬੈਂਤ—ਬ੍ਰਾਹਮਣ, ਬਾਣੀਏ, ਖਤਰੀ, ਭਾਵੜੇ ਜੋ,
ਇੱਟਾਂ ਮਾਰਦੇ ਸਿੱਖਾਂ ਨੂੰ ਆਣ ਹਿੰਦੂ।
ਕਰੇ ਸਿੰਘ ਫਟੜ ਉਹਨਾਂ ਬਹੁਤ ਸਾਰੇ,
ਕਠੇ ਹੋਏ ਸ਼ਹਿਰੀ ਮੁਸਲਮਾਨ ਹਿੰਦੂ।
ਗਹਿਰੀ ਨਿਗਾਹ ਕੀਤੀ ਜਦੋਂ ਖਾਲਸੇ ਨੇ,
ਛਡ ਕੇ ਭਜੇ ਉਹ ਬੇਈਮਾਨ ਹਿੰਦੂ।
ਸਿੰਘ ਮਾਰਦੇ ਚਕਰ ਘੁਮਾ ਕੇ ਤੇ,
ਫਟੜ ਹੋਏ ਨੇ ਲਹੂ ਲੁਹਾਨ ਹਿੰਦੂ।
ਕੋਈ ਆਏ ਲੜੇ ਡੋਲ ਮਾਰਦੇ ਨੇ,
ਸਿੰਘ ਸੁਟਦੇ ਤੁਰਕ ਨੂੰ ਫਟ ਕੇ ਜੀ।
ਇਕ ਪਾਸੇ ਮਸਤਾਨੇ ਸੀ ਸਿੰਘ ਲੜਦੇ,
ਹਿੰਦੂ ਤੁਰਕ ਵੀ ਲੜਦੇ ਡਟ ਕੇ ਜੀ।

ਤਥਾ

ਕਤਵਾਲੀ ਕਤਲ ਕੀਤੀ, ਤੁਸੀਂ ਕਿਉਂ ਸਿੰਘੋ,
ਬੁਚੜ ਮਾਰ ਦਿਤੇ ਕਿਹੜੀ ਗਲ ਤੇ ਜੀ।
ਗਏ ਵਿਚ ਹੁਰਮੀ ਤੁਸੀਂ ਕਿਉਂ ਹੈਸੀ।
ਅਸੀਂ ਕਢ ਦੇਣਾ ਵਿਚ ਪਲ ਤੇ ਜੀ।
ਮੁਸਲਮਾਨ ਹਿੰਦੂ ਅਸੀਂ ਹਾਂ ਕਠੇ,
ਛਡੋ ਕੋਟਲੇ ਨੂੰ ਕਿਉਂ ਨਹੀਂ ਹਲਤੇ ਜੀ।
ਸਿੰਘ ਕਰਨ ਹਲਾ ਦੌੜ ਜਾਣ ਸਾਰੇ,
ਵਾਂਗ ਮੱਖੀਆਂ ਦੇ ਵੈਰੀ ਨੂੰ ਝਲਤੇ ਜੀ।

ਹੀਰਾ ਸਿੰਘ ਜੀ ਆਖਦੇ ਹਿੰਦੂਆਂ ਨੂੰ,
ਅਸੀਂ ਜਾਲਮਾਂ ਦੀ ਲੈਣ ਖਬਰ ਆਏ।
ਬੂਚੜ ਮਾਰੇ ਕਤਵਾਲੀ ਨੇ ਗਏ ਘਾਤੀ,
ਹਿੰਦੂ ਲੜਨ ਲਈ ਕਿਉਂ ਸਾਡੇ ਮਗਰ ਆਏ।

[illegible] ਆਖਿਆ ਤਥਾ

ਕਹਿਣ ਹਿੰਦੂਆਂ ਨੂੰ ਸਿੰਘ ਢੰਗ [illegible]
ਸਾਡੇ ਨਾਲ ਕਿਉਂ ਲੜਣਾ ਚਾਹੁੰਦੇ ਹੋ।
ਹਿੰਦੂ ਤੁਰਕਾਂ ਨਾਲ ਨਾ ਵੈਰ ਸਾਡਾ,
ਤੁਸੀਂ ਬੂਚੜਾਂ ਦੀ ਮਦਦ ਆਂਵਦੇ ਹੋ।
ਇੱਟਾਂ ਮਾਰਦੇ ਸਿੰਘਾਂ ਤੇ ਤੁਸੀਂ ਸਾਰੇ,
ਹਿੰਦੂ ਤੁਰਕ ਨੂੰ ਨਹੀਂ ਸਮਝਾਂਵਦੇ ਹੋ।
ਹਿੰਦੂ ਤੁਰਕ ਪਏ ਅਗੋਂ [illegible], [illegible]
ਅਸੀਂ ਇਕੋ ਹਾਂ ਤੁਸੀਂ ਡਰਾਂਵਦੇ ਹੋ।
ਹੀਰਾ ਸਿੰਘ ਨੇ ਹੱਲਾ ਕਰਵਾ ਦਿਤਾ,
ਹਿੰਦੂ ਤੁਰਕ ਹੈਸੀ ਸਾਰੇ ਦੌੜ ਗਏ।
ਲੜਣ ਮਰਨ ਆਏ ਖਾਹ ਮਖਾਹ ਦੇਖੋ,
ਖਰੀਦਨ ਮੌਤ ਕਈ ਕਰਨ ਚੌੜ ਆਏ।

ਤਥਾ

ਮਦਦ ਹਿੰਦੂ ਵੀ ਤੁਰਕ ਦੀ ਕਰਨ ਲੱਗੇ,
ਸਿੰਘ ਹਥ ਭਗਉਤੀ ਤੇ ਪਾਇਆ ਜੀ।
ਜਿਹੜਾ ਅੜਿਆ ਉਸ ਨੂੰ ਪਾਰ ਕੀਤਾ,
ਜਿਹੜਾ ਡਰਿਆ ਉਹਨੂੰ ਭਜਾਇਆ ਜੀ।
ਲੜਣ ਆਏ ਹਿੰਦੂ ਤੁਰਕ ਦੌੜਦੇ ਸੀ,
ਕਈਆਂ ਡਿਗ ਕੇ ਮੂੰਹ ਭਨਾਇਆ ਸੀ।
ਕਈ ਵਾਸਤੇ ਪਾ ਕੇ ਛੁਟ ਗਏ ਨੇ,
ਜਿਹਨਾਂ ਮਲੰਗ ਫਕੀਰ ਬਤਾਇਆ ਜੀ।

ਤਕ ਤੁਰਕਾਂ ਨੇ ਸਿੰਘ ਸੀ ਮਾਰ ਛਿੱਡੇ,
ਗੁਜਰ ਦੋ ਸੀ ਸਿੰਘਾਂ ਮੁਕਾ ਦਿਤੇ।
ਲੁਕੇ ਸ਼ਹਿਰ ਵਿਚ ਆਕੇ ਤੁਰਕ ਫੌਜੀ,
ਸਿੰਘਾਂ ਹਲਾ ਕਰ ਤੁਰਕ ਭਜਾ ਦਿਤੇ।

* ਅਤੇ ... ਮ੦

ਸਿੰਘਾਂ ਨਾਲ ਪਠਾਣੀ ਫੌਜ ਦਾ ਚੌਥਾ ਜੰਗ

ਹੀਰਾ ਸਿੰਘ ਜੀ ਬੰਨ ਰੁਹੇ, ਫਣੜ ਸਿੰਘ ਭਾਰੇ।
ਢੋਲ ਬਜਾਕੇ ਆਏ ਫਿਰ, ਮੁਗਲ ਬੋਲਣ ਨਾਹਰੇ।
ਗੁਜਰ ਅਤੇ ਰੌਂਤ ਵੀ, ਖੁਸਰਿਆਂ ਦੇ ਟੋਲੇ।
ਤੇਲੀ ਕਾਲੀ ਪੋਸ ਸੀ, ਸ਼ਹਿਰੀ ਬੜਬੋਲੇ।
ਰਾਂਈ ਫਕੀਰ ਮਲੰਗ ਵੀ ਮਜੌਰ ਨਕਾਰੇ।
ਐਲੀ ਐਲੀ ਕਰਨ ਉਹ, ਮਾਰਨ ਲਲਕਾਰੇ।
ਲੁਹਾਰ, ਸੁਨਿਆਰ ਠਠਿਆਰ ਬੀ ਜੈਨੀ ਕਈ ਹਿੰਦੂ।
ਬ੍ਰਾਹਮਣ ਨਾਲ ਡਕੌਂਤ ਸਨ, ਘਮਿਆਰੇ ਘੜ ਵਿੰਦੂ।
ਮਾਰਨ ਪੱਥਰ ਇਟ ਜੋ, ਪਾਏ ਉਹਨਾਂ ਝੋਲੀ।
ਨਾਲੇ ਮਾਰਨ ਚਾਂਗਰਾਂ, ਜਿਉਂ ਖੇਲਣ ਹੋਲੀ।
ਇਕ ਤੁਰਕ ਦੇ ਹਥ ਬੰਦੂਕ ਸੀ, ਬੈਠਾ ਸੀ ਓਹਲੇ।
*ਇਕ ਗੋਲੀ ਛੱਡੀ ਸਿੰਘ ਨੂੰ, ਆਈ ਜਗਤ ਸਿੰਘ ਕੋਲੇ।
ਉਹਦੇ ਸੀਨੇ ਲਗੀ ਆਣਕੇ, ਸਚਖੰਡ ਸੁਧਾਇਆ।
ਸਿੰਘਾਂ ਨੂੰ ਚੜਿਆ ਜੋਸ਼ ਸੀ. ਜੈਕਾਰਾ ਲਾਇਆ।
ਬੰਦੂਕ ਹਥ ਜਿਸ ਤੁਰਕ ਦੇ, ਉਹ ਦੌੜਿਆ ਜਾਂਦਾ।
ਨਰੈਣ ਸਿੰਘ ਅਸਵਾਰ ਸੀ, ਜਾ ਤੁਰਕ ਨੂੰ ਢਾਂਹਦਾ।

---

*ਜਗਤ ਸਿੰਘ ਸੀ ਜ਼ਿਲਾ ਫੀਰੋਜ਼ਪੁਰ ਪਿੰਡ ਗੰਜੀ ਸਰਦਾਰ ਪੰਜਾਬ ਸਿੰਘ ਦਾ ਪੁਤਰ ਸੀ।

ਭਾਈ ਨਰੈਣ ਸਿੰਘ ਬੀਰ ਨੇ, ਖੰਡਾ ਲਸ਼ਕਾਇਆ।
ਸਿਰ ਕੱਟ ਦਿਤਾ ਤੁਰਕ ਦਾ, ਜਿਉਂ ਕੱਦੂ ਲਾਹਿਆ।
†ਸ੍ਰ: ਨਰੈਣ ਸਿੰਘ ਨੇ ਤੁਰਕ ਮਾਰ ਘੋੜਾ ਰਜ਼ ਕੀਤਾ।
ਤੁਰਕਾਂ ਘੇਰਾ ਪਾ ਕੇ, ਸਿੰਘ ਵਿੱਚ ਸੀ ਲੀਤਾ।
ਨਰੈਣ ਸਿੰਘ ਦੇ ਤੁਰਕ ਨੇ, ਸੀ ਮਾਰਿਆ ਸੇਲਾ।
ਹੋ ਗਿਆ ਉਹ ਸ਼ਹੀਦ ਸੀ, ਕਰ ਜਨਮ ਸੁਹੇਲਾ।
੫੧

★

ਸਿੰਘਾਂ ਦਾ ਤੁਰਕਾਂ ਨਾਲ ਜੰਗ

ਦੋਹਾਂ ਧਿਰਾਂ ਦਾ ਹੋ ਰਿਹਾ ਸੀ ਜੰਗ ਜੋ ਭਾਰਾ।
ਹੀਰਾ ਸਿੰਘ ਸਰਦਾਰ ਨੇ, ਬੋਲਿਆ ਜੈਕਾਰਾ।
ਘੋੜੇ ਤੇ ਸਵਾਰ ਹੋਏ, ਲਹਿਣਾ ਸਿੰਘ ਭਾਈ।
ਦੋਹਾਂ ਬੀਰਾਂ ਆਣ ਕੇ, ਤਲਵਾਰ ਘੁਮਾਈ।
*ਚੜ੍ਹਤ ਸਿੰਘ ਤੇ ਉਤਮ ਸਿੰਘ, ਰੁੜਕੇ ਪਿੰਡ ਵਸਨੀਕ।
ਬਿਰਕ ਲੜਾਕੇ ਗੋਤ ਦੇ, ਜੰਗ ਵਿਚ ਨੇ ਨਿਰਭੈ।
ਸਾਥੀ ਭਾਈ ਸਹੇਲ ਸਿੰਘ, ਲਹਿਰੇ ਪਿੰਡ ਵਾਸੀ।
ਮਾਰੇ ਤੁਰਕ ਕਈ ਸਨ, ਨਹੀਂ ਛੱਡੀ [illegible]।
‡ਹਿੰਮਤ ਪੁਰੇ ਤੋਂ ਇਕ ਸਿੰਘ, ਹਜ਼ਾਰਾ ਸਿੰਘ ਸੂਰਮਾ।

---

†ਭਾਈ ਨਰੈਣ ਸਿੰਘ ਸ਼ਹੀਦ ਦਾ ਪਿੰਡ ਮਾਨਸਾ ਮੰਡੀ ਨਜਦੀਕ ਭਿੱਖੀ ਪਿੰਡ ਹੈ। ਇਨ੍ਹਾਂ ਦੇ ਪਿਤਾ ਦਾ ਨਾਮ ਭਾਈ ਸੋਣ ਸਿੰਘ ਸੀ। ਇਹ ਦੋਵੇਂ ਪਿਉ ਪੁਤਰ ਅਗਰਵਾਲ ਘੋਟਲੇ ਦੇ ਜੇਲ ਵਿਚ ਸਨ ਪਰ ਭਾਈ ਸੋਣ ਸਿੰਘ ਜੀ ੧੯੫੫ ਵਿਚ ਭੈਣੀ ਸਾਹਿਬ ਗੁਜ਼ਰ ਗਏ।

‡੧੯੫੫ ਵਿਚ ਹਿੰਮਤ ਪੁਰੇ ਵਿਚ ਸਚਖੰਡ ਗਏ।

‡ਪਰਸਾ ਸਿੰਘ ਜੰਡ ਵਾਲਿਓਂ, ਲੜਦਾ ਸੀ ਪੂਰਾ।
()ਹੀਰਾ ਸਿੰਘ ਪਿੰਡ ਘੋਹਿਲ ਤੋਂ, ਜੋਧਾ ਸੀ ਜੰਗੀ।
[ ]ਭਗਵਾਨ ਸਿੰਘ ਮਹਾਰਾਣਿਓਂ ਲੜਦਾ ਅੜਬੰਗੀ।
ਮਾਰ ਮਾਰਕੇ ਤੁਰਕ ਨੇ ਵਿਚ ਜੰਗ ਖਪਾਏ।
ਬਿਜਲੀ ਵਾਂਗੂ ਚਰਦੀ ਤਲਵਾਰ ਘੁਮਾਏ।
ਕਈ ਮਰੇ ਤੁਰਕ ਅਜਾਈਂ ਸੀ, ਚਕਰ ਸਿੰਘ ਮਾਰਨ।
ਫਟੜ ਸੀ ਕਈ ਤੜਫਦੇ, ਚਾਂਗ ਮਾਰ ਪੁਕਾਰਨ।

ਮਾਈ ਮਸਤਾਨੀ ਦਾ ਝੰਡਾ

ਮਾਈ ਮਸਤਾਨੀ ਵੇਖਦੀ, ਸੀ ਜੰਗ ਨਜਾਰਾ।
ਹਥ ਝੰਡਾ ਸ਼ਹੀਦੀ ਪਕੜਿਆ, ਬੋਲੇ ਜੈਕਾਰਾ।
ਇਕ ਤੁਰਕ ਨੇ ਝੰਡਾ ਖੋਹਣ ਦਾ, ਦਾਅ ਹੈਸੀ ਲਾਇਆ।
ਉਹ ਹੌਲੀ ੨ ਤੁਰਕ ਸੀ, ਕੋਲ ਮਾਈ ਦੇ ਆਇਆ।
ਝੰਡਾ ਖੋਹ ਕੇ ਦੌੜਿਆ, ਦੇਖਿਆ ਸੀ ਜਾਂਦਾ।
ਮਾਈ ਮਸਤਾਨੀ ਤਕਦੀ, ਕਿਹਾ ਸੂਰ ਹੈ ਜਾਂਦਾ।
ਸ਼ੀਹਨੀ ਵਾਂਗੂ ਦੌੜਕੇ, ਮਗਰ ਤੁਰਕ ਦੇ ਧਾਈ।
ਸਭਾ ਜੰਗ [illegible] ਸੀ ਜਾਨ ਗਵਾਈ।
ਪਾਣੀ ਮੰਗੇ ਤੜਫਦਾ, ਅਜਾਈਂ [illegible]।

---

‡੧੯੫੭ ਵਿਚ ਜੰਡ ਵਾਲੇ ਵਿਚ ਸਚਖੰਡ ਗਏ।
()੧੯੭੯ ਦੀ ਫਗਣ ਨੂੰ ਉਦਾਸੀ ਰੂਪ ਵਿਚ ਜ਼ਿਲਾ ਜਲੰਧਰ [illegible] ਅੱਟੀ ਵਿਚ ਚੜਾਈ ਕੀਤੀ।
[ ] ਭਗਵਾਨ ਸਿੰਘ ਨੇ ਭੇਣੀ ਸਾਹਿਬ ਵਿਆਹ ਗੁਜ਼ਰ [illegible]

*ਕੁਤਬੇ ਖਾਂ ਗੁਜਰ ਆਖਦੇ; ਭਿਸਤੀ ਰਾਹ ਖੜਿਆ।
ਮਾਈ ਕਹੇ ਮੇਰੇ ਦੇਸ਼ ਦਾ, ਇਹ ਝੰਡਾ ਉਚਾ।
ਇਸ ਕਰਨਾ ਦੇਸ਼ ਅਜਾਦ ਹੈ, ਹੈ ਸਭ ਤੋਂ ਸੁਚਾ।
ਮੈਂ ਭਾਰਤ ਅਜਾਦ ਕਰ, ਝੰਡਾ ਲਹਿਰਾਉਣਾ।
ਕਢਾਂ ਗੋਰੇ ਦੇਸ਼ 'ਚੋਂ, ਹਿੰਦ ਸ਼ਤਰ ਝੁਲਾਉਣਾ।
ਕਲੀ ਮਾਈ ਵੇਖ, ਤੁਰਕਾਂ ਨੇ ਘੇਰਾ ਪਾਇਆ।
ਹੀਰਾ ਸਿੰਘ ਸਰਦਾਰ ਨੇ, ਦੇਖ ਅਸਬ ਦੌੜਾਇਆ।
ਹੀਰਾ ਸਿੰਘ ਜੀ ਬੋਲਿਆ, ਜਦੋਂ ਇਕ ਜੈਕਾਰਾ।
ਦੌੜ ਗਏ ਸੀ ਤੁਰਕ ਲੋ, ਸੁਣ ਸਿੰਘ ਦਾ ਨਾਅਰਾ।

ਪ ੜ

★

ਤੁਰਕ ਤੇ ਸਿੰਘ

ਫੌਜੀ ਤੁਰਕ ਪਠਾਣ ਜੋ, ਜੰਗ ਛਡ ਕੇ ਭੱਜੇ।
ਸ਼ੇਰ ਵਾਂਗ ਸਰਦਾਰ ਸਿੰਘ, ਰਣ ਵਿਚ ਨੇ ਗੱਜੇ।
ਫਟੜ ਤੁਰਕ ਸਨ ਤੜਫਦੇ, ਧਰਤੀ ਦੇ ਉਤੇ।
ਕਈ ਮਸਤ ਹੋ ਪਏ ਸੀ, ਜੋ ਪਏ ਨੇ ਸੁਤੇ।
ਧਰਤੀ ਲਹੂ ਲੁਹਾਨ ਸੀ, ਜੀ ਪਈ ਜੋ ਰੰਗੀ।
ਮਰੇ ਕਈ ਅਣਜਾਨ ਸੀ, ਮੌਤ ਲਗੀ ਬਿਨ ਮੰਗੀ।
ਛੈਂਤੀ ਮਾਰੇ ਤੁਰਕ ਸਨ ਸਿੰਘਾਂ ਜੰਗ ਅੰਦਰ।
ਨੌਂ ਸਿੰਘ ਹੋਏ ਸ਼ਹੀਦ ਸੀ, ਨਦੀ ਥਲ ਦੇ ਅੰਦਰ।
ਵੇਖੇ ਫਟੜ ਸਿੰਘ ਜੋ, ਫਟ ਬੰਨਣ ਲਗੇ।
ਘੋੜਿਆਂ ਉਤੇ ਚੜ੍ਹਾਏ ਸਿੰਘ, ਜੋ ਫਟੜ ਸਾਰੇ।
ਤੁਰਕ ਤੇ ਸ਼ਹਿਰੀ ਲੋਕ ਜੋ, ਸੀ ਪਠਾਣੀ।
ਲੁਕ ਗਏ ਵਿਚ ਕੋਟਲੇ. ਪੀਂਦੇ ਰਜ ਪਾਣੀ।

---

*ਕੁਤਬੇ ਖਾਂ ਜਮਾਲ ਪੁਰ ਤੋਂ ਸਰਕਾਰੀ ਦਰੋਗਾ ਸੀ

ਤੁਰੇ ਸਿੰਘ ਮੈਦਾਨ ਤੋਂ, ਸੀ ਬੋਲ ਜੈਕਾਰੇ।
ਰਤੋਂਵਾਲੀ ਢਾਬ ਪਾਸ ਆ ਗਏ ਸਿੰਘ ਸਾਰੇ।
ਬੈਠੇ ਸਿੰਘਾਂ ਨੂੰ ਵੇਖ ਕੇ, ਤੁਰਕ ਢੋਲ ਬਜਾਇਆ।
ਸਿੰਘਾਂ ਦੇ ਨਾਲ ਲੜਨ ਨੂੰ, ਮਲੰਗ ਟੋਲਾ ਆਇਆ।

★ ੫੪

ਮਲੇਰ ਦੇ ਮਲੰਗਾਂ ਦੀ ਸਿੰਘਾਂ ਤੇ ਚੜ੍ਹਾਈ

ਲੜਣ ਆਏ ਉਹ ਸਿੰਘਾਂ ਨਾਲ, ਕਹਿਣ ਸਿੰਘ ਲੈਣੇ ਘੇਰ
ਐਲੀ ੨ ਉਹ ਬੋਲਦੇ, ਮਲੰਗ ਫਕੀਰ ਮਲੇਰ।
ਕਾਲੀ, ਪੋਸਤ, ਕਰੂੰਜੜੇ, ਰਾਂਈਂ ਨਾਲ ਜੁਆਨ।
ਵੇਖ ਸਿੰਘਾਂ ਨੂੰ ਆ ਗਏ, ਗਿਦੜ ਲਗੇ ਡਰਾਨ।
ਹਲਾ ਕੀਤਾ ਖਾਲਸੇ, ਗਏ ਪਤਰਾ ਹੋ।
ਕਸਮਾਂ ਖਾਕੇ ਆਏ ਸੀ, ਲੈ ਗਏ ਜਾਨ ਲਕੋ।
ਮਲੰਗ ਫਕੀਰ ਲੜਣ ਕੀ, ਜਿਨ੍ਹਾਂ ਖਾਧਾ ਮੰਗ।
ਬਿਸ਼ਨ ਸਿੰਘ ਨਾ ਲੜਣਾ ਜਾਣਦੇ, ਉਡਗੇ ਵਾਂਗ ਪਤੰਗ।

★ ੫੫

ਸਿੰਘਾਂ ਨੇ ਕੋਟਲੇ ਤੋਂ ਕੇਲੋਂ ਪਿੰਡ ਦੇ ਰਾਹ ਤੁਰਨਾ

ਜੰਗ ਜਿਤ ਕੇ ਤੁਰੇ ਸਿੰਘ, ਬੁਕੇ ਜਿਉਂ ਸ਼ੇਰ।
ਸੂਰਜ ਹੈਸੀ ਢਲ ਗਿਆ, ਹੋ ਰਹੀ ਅਵੇਰ।
ਸਤ ਮੀਲ ਆ ਗਏ ਸਿੰਘ ਸੀ, ਭੂਦਨ ਸ਼ੇਹ ਵੇਖ।
ਡੇਰੇ ਲਾਏ ਸਿੰਘਾਂ ਨੇ, ਉਚੇ ਥਾਂ ਵਸੇਖ।

★ ੫੬

ਕੋਟਲੇ ਦੀਆਂ ਔਰਤਾਂ

ਖਾਵੰਦ ਮਰੇ ਸੀ ਜਿਹਨਾਂ ਦੇ, ਰੋਂਦੀਆਂ ਨੇ ਨਾਰਾਂ।

ਵੀਰ ਮਰੇ ਸੀ ਜਿਹਨਾਂ ਦੇ ਪਿਟਦੀਆਂ ਮੁਟਿਆਰਾਂ।
ਸਿਰ ਦੇ ਖੁਲੇ ਵਾਲ ਸੀ ਜੋ, ਲੁਛ ਲੁਛ ਪੈਂਦੇ।
ਜੋ ਸੁਣਦੇ ਉਨ੍ਹਾਂ ਦੇ ਵੈਣ ਨੂੰ, ਦਿਲ ਘਿਰਨੇ ਲੈਂਦੇ।
ਮਰੇ ਮਾਂਵਾਂ ਦੇ ਪੁਤ ਸੀ, ਮਾਂ ਪਿੱਟਣ ਭੈਣਾਂ।
ਝਾਟੇ ਹੈਸਨ ਖਿਲਰੇ ਦਿਸਣ ਉਹ ਡੈਣਾਂ।
ਅਹਿਲਕਾਰਾਂ ਦੇ ਪਾਸ ਆ ਉਹ ਕਰਨ ਸਿਆਪੇ।
ਜਵਾਨ ਮਰੇ ਪੁਤ ਉਹਨਾਂ ਦੇ, ਧਾਹ ਮਾਰਨ ਮਾਪੇ।
ਤਾਹਨੇ ਮਾਰਨ ਔਰਤਾਂ, ਤੁਸੀਂ ਬਣੇ ਹੋ ਗਾਜ਼ੀ।
ਡਰ ਸਿੰਘਾਂ ਤੋਂ ਲੁਕੇ ਸੀ, ਬਣ ਗਏ ਅਜ ਪਾਜੀ।
ਪੁਟ ਗਏ ਮੁਛ ਪਠਾਣ ਦੀ ਜੋ ਸਿੰਘ ਨੇ ਕੂਕੇ।
ਤੁਸੀਂ ਕੀਤੇ ਭਾਰੇ ਜੁਲਮ ਨੇ, ਜੋ ਬੜੇ ਕਸੂਤੇ।
ਸੁਣਕੇ ਅਹਿਲਕਾਰ ਸੀ, ਖੁਦਾ ਬਖਸ਼ ਮੰਗਵਾਇਆਂ।
ਸਰਮਸਤ ਖਾਂਨ ਤੇ ਸ਼ੇਰ ਖਾਂਨ, ਨੇ ਜੋਸ਼ ਚੜ੍ਹਾਇਆ।
ਮੀਰਾਂ ਬਖਸਣ ਰਸਾਲਦਾਰ, ਸੀ ਕਰੇ ਤਿਆਰੇ।
ਸਮੁੰਦ ਖਾਂ ਪਠਾਨ ਨੇ, ਮੁੱਛਾਂ ਵਟ ਚਾੜ੍ਹੇ।
ਸਮੁੰਦ ਖਾਂ ਆਖੇ ਗਾਜੀਓ ਜੇ ਮੈਂ ਕੋਟਲੇ ਹੁੰਦਾ।
ਮੈਂ ਧੋਧਾ ਕਰਦਾ ਸਿੰਘ ਨਾਲ, ਚੱਕ ਦੇਂਦਾ ਕੁੰਦਾ।
ਮੈਂ ਹੀਰਾ ਸਿੰਘ ਸਰਦਾਰ ਦੇ, ਕਰਦਾ ਦੋ ਫਾੜੇ।
ਜਿਉਂ ਗੇਲੀਆਂ ਨੂੰ ਪਾੜਦੇ, ਫੜ ਹਥ ਕੁਹਾੜੇ।
ਤੁਸੀਂ ਗਿਦੜ ਹੋਏ ਪਠਾਣ ਬਣ, ਡਰ ਲੁਕੇ ਨਕਾਰੇ।
ਕਿਉਂ ਨਾ ਸਿੰਘ ਮੈਦਾਨ ਵਿਚ, ਹਨ ਫੜ ਕੇ ਮਾਰੇ।
ਇਉਂ ਪੰਜ ਸੌ ਫੌਜੀ ਤਿਆਰ ਹੋਏ ਕਸਮਾਂ ਨੂੰ ਖਾਕੇ।
ਸਮੁੰਦ ਖਾਨ ਰਸਾਲਦਾਰ, ਕਿਹਾ ਢੋਲ ਵਜਾ ਕੇ।
ਮਾਰੋ ਪਕੜ ਕੇ ਸਿੰਘਾਂ ਨੂੰ, ਦੇਵੋ ਨਾ ਨੱਸਣ।
ਧਰਤੀ ਉਤੇ ਸਿੰਘਾਂ ਨੂੰ, ਮੈਂ ਦੇਵਾਂ ਨਾ ਵੱਸਣ।
ਪੈਦਲ ਕੁਝ ਅਸਵਾਰ ਸਨ, ਫੌਜੀ ਸਨ ਸਾਰੇ।

ਮਗਰ ਆਏ ਸਿੰਘਾਂ ਦੇ, ਮਾਰਨ ਉਹ ਨਾਹਰੇ।
ਬੈਠੇ ਭੂਦਨ ਦੇ ਥੇਹ ਉਤੇ, ਸੀ ਦਲ ਮਸਤਾਨਾ।
ਲਲਕਾਰਾ ਬੋਲ ਸਮੁੰਦ ਖਾਂ, ਸੀ ਮਾਰਿਆ ਤਾਨਾ।

★

ਸਮੁੰਦ ਖਾਂ ਪਠਾਣ

ਮੈਂ ਸਿੰਘੋ ਦੇਵਾਂ ਜਾਨ ਨਾ, ਹੁਣ ਅਗੇ ਪਿਛੇ।
ਮੈਂ ਮਾਰਾਂ ਤੁਹਾਨੂੰ ਰੋਲ ਕੇ, ਤੁਸੀਂ ਜਾਵੋ ਜਿਥੇ।
ਮੈਂ ਧਰਤੀ ਵਿਚ ਅਜ ਕਰਾਂਗਾ, ਸਿੰਘਾਂ ਦੇ ਟੋਟੇ।
ਮੈਂ ਸਿਰ ਧੜ ਕਰਾਂ ਤਲਵਾਰ ਨਾਲ, ਪੋਟੇ ਬਡ ਪੋਟੇ।
ਤੂੰ ਦੋ ਹਥ ਕਰ ਲੈ, ਹੀਰਾ ਸਿੰਘ, ਕਰ ਜੰਗ ਤਿਆਰੀ।
ਜਾਂ ਕਬਰ ਬਣੇ ਮੇਰੀ ਧਰਤ ਤੇ, ਜਾਂ ਤੇਰੀ ਵਾਰੀ।
ਹੀਰਾ ਸਿੰਘ ਸਰਦਾਰ ਸੁਣ, ਜੈਕਾਰਾ ਲਾਇਆ।
ਗੂੰਜਿਆ ਧਰਤ ਅਸਮਾਨ ਸੀ, ਪਠਾਣਾਂ ਡਰ ਆਇਆ
ਬੁਲਾਂ ਤੇ ਜੀਭ ਫੇਰਦੇ, ਰੰਗ ਹੋ ਗਏ ਪੀਲੇ।
ਮਰਾਂਗੇ ਮੌਤ ਅਜਾਈਂ ਹੁਣ, ਨਹੀਂ ਕੋਈ ਵਸੀਲੇ।
ਦੇਖੀ ਫੌਜ ਸਮੁੰਦ ਖਾਨ, ਜੌ ਸੀ ਘਬਰਾਏ।
ਮਾਰਨ ਚਲੇ ਸਿੰਘਾਂ ਨੂੰ, ਜੋ ਕਸਮਾਂ ਖਾਏ।
ਦੇਖੀ ਫੌਜ ਪਠਾਣ ਨੇ, ਬਾਜੀ ਉਲਟਾਈ।
ਅਜ ਮੇਰੀ ਤੇਰੀ ਵੇਖ ਲੈਣ, ਹੀਰਾ ਸਿੰਘ ਲੜਾਈ।
ਤੂੰ ਬਗਾਨੇ ਪੁਤ ਮਰਵਾਉਣ ਨੂੰ, ਹੈ ਦਿਸਦਾ ਸਿਆਣਾ।
ਆ ਲੜ ਖਾਂ ਮੇਰੇ ਨਾਲ ਹੁਣ, ਮੈਂ ਤੇਨੂੰ ਜਾਣਾਂ।
ਲੜਨ ਭੂਦਨ ਥੇਹ ਉਤੇ, ਜੰਗ ਕਰੀ ਤਿਆਰੀ।
ਹੂਰਾਂ ਅਤੇ ਪਰੀਆਂ, ਆਈਆਂ ਸੀ ਭਾਰੀ।
ਜੋਗਣੀਆਂ ਵੀ ਹਸੀਆਂ, ਗੀਤ ਲਗੀਆਂ ਗਾਵਣ।
ਧਰਤੀ ਤੇ ਅਸਮਾਨ ਦੋ, ਨਚ ਭੰਗੜੇ ਪਾਵਣ।

ਭੂਦਨ ਥੇਹ ਉਤੇ ਹੀਰਾ ਸਿੰਘ ਤੇ ਸਮੁੰਦ ਖਾਂ ਦਾ ਜੰਗ

ਘੋੜੇ ਤੇ ਅਸਵਾਰ ਹੋ, ਸਿੰਘ ਪਿੜ ਵਿਚ ਵੜਿਆ।
ਜੈਕਾਰਾ ਲਾਕੇ ਸਿੰਘਾਂ ਨੇ, ਹਥ ਤੇਗਾ ਫੜਿਆ।
ਘੇਰਾ ਘਤ ਮੈਦਾਨ ਦਾ, ਫਿਰੇ ਚਾਰ ਚੁਫੇਰੇ।
ਜਿਵੇਂ ਨੱਚ ਲੈਂਦੀ ਲਾਡਲੀ, ਲੈਂਦੀ ਹੈ ਫੇਰੇ।
ਸਮੁੰਦ ਖ਼ਾਨ ਪਠਾਣ ਨੇ, ਤਲਵਾਰ ਘੁਮਾਈ।
ਘੋੜੇ ਤੇ ਅਸਵਾਰ ਹੋ, ਲਗਾਮ ਹਲਾਈ।
ਲਈ ਸਲਾਮੀ ਜੰਗ ਦੀ, ਜਦ ਪਿਛਾਂ ਹਟੇ।
ਦੋਂਏ ਭਿੜਦੇ ਪਿੜ ਦੇ ਵਿਚ ਹਨ, ਜਿਉਂ ਸਾਨ੍ਹ ਜਾਂ ਝੋਟੇ।
ਦੋਂਏ ਘੋੜਿਆਂ ਤੇ ਅਸਵਾਰ ਸਨ, ਢਾਲ ਹਥ ਮੁਹਾਰਾਂ।
ਦੋਹਾਂ ਦੇ ਦਿਲ ਧੜਕੀਆਂ, ਲੜ ਮਰਨ ਦੀਆਂ ਤਾਂਘਾਂ।
ਦੋਵੇਂ ਵਾਰ ਦੂਏ ਦੇ ਰੋਕਦੇ, ਖੜਕਣ ਤਲਵਾਰਾਂ।
ਦੋਂਏ ਵਾਰ ਕਰਨ ਨਚਦੇ, ਜਿਉਂ ਨਚੇ ਨੱਚੀ।
ਦੋਵੇਂ ਅਸਪ ਕਰਦੇ ਨਾਚ ਸਨ, ਮਾਰਨ ਜਦ ਅੱਡੀ।
ਦੋਏ ਤੇਗਾਂ ਭਿੜਕਣ ਦੋਹਾਂ ਦੀਆਂ, ਚੰਗਿਆੜੇ ਪਏ ਚਮਕਣ
ਦੋਏ ਵੀਰ ਭਲਥੇ ਬਾਜ ਸੀ, ਨਿਸ਼ਾਨਿਆਂ ਤੇ ਖੜਕਣ।
ਝਮਕਣ ਅੱਖ ਨਾ ਦੋਏਂ ਵੀਰ, ਅੱਖ ਵਿਚ ਅੱਖ ਰਖਣ
ਨਾ ਜ਼ਮਕਣ ਦੋਏ ਬੀਰ ਉਹ, ਨਾ ਖੰਗਣ ਲਮਕਣ।
ਦੋਏ ਮਾਰ ਛੜਪੇ ਉਭੜਦੇ, ਜਿਉਂ ਸੱਪ ਕੜੱਪੇ।

ਨੋਟ—ਕਈ ਦਸਦੇ ਹਨ ਕਿ ਹੀਰਾ ਸਿੰਘ ਪਾਸ [illegible] ਸੀ। ਅਤੇ ਸਮੁੰਦ ਖਾਨ ਦੇ ਖਬੇ ਹਥ ਵਿਚ ਢਾਲ ਸੀ। [illegible] ਸੂਰਮੇ ਮੈਦਾਨ ਵਿਚ ਲੜਦੇ ਹੋਣ ਤਾਂ ਢਾਲ ਦਾ ਕੰਮ ਲਗਾਮਾਂ ਨਾਲ ਲੈਂਦੇ ਹਨ।



ਦੋਏ ਕੁਦਦੇ ਹੈਸਨ ਜੰਗ ਵਿਚ, ਸੀ ਕਦੇ ਨਾ ਥਕੇ।
ਦੋਹਾਂ ਦੇ ਦੋਹਾਂ ਦਿਲਾਂ ਨੂੰ, ਮਾਰਨ ਦੀਆਂ ਸੱਧਰਾਂ।
ਦੋਹੇ ਗਰਮੀ ਗਰਮੀ ਹੋ ਗਏ, ਸੀ ਘੁਟੀਆਂ ਅੱਧਰਾਂ।
ਦੋਏ ਨਚਣ ਵਿਚ ਮੈਦਾਨ ਦੇ, ਵਿਚ ਘੋੜੇ ਠਮਕਣ।
ਜਿਉਂ ਠਠਿਆਰੇ ਘੜਦੇ, ਬਦਾਨਾਂ ਨੂੰ ਕੜਕਣ।
ਸਿੰਘ ਜਾਂਜੀ ਖੜੇ ਮੁਸਲਮਾਨ, ਵੇਖਣ ਚਹੁੰ ਫੇਰੇ।
ਅਜ ਲਾੜੀ ਸੋਹਣੀ ਮੌਤ ਨਾਲ, ਕੌਣ ਲੈਂਦਾ ਫੇਰੇ।
ਦੋਏ ਜੋਸ਼ੀਲੇ ਗਭਰੂ ਮਾਰਨ ਫੁਰਕਾਟੇ।
ਦੋਏ ਸੋਰਦੇ ਦਾਉ ਸੀ, ਪੈ ਰਹੇ ਖੜਾਕੇ।
ਦੋਏ ਮੌਤ ਤੇ ਹੋਣੀ ਹਸੀਆਂ, ਪਰੀਆਂ ਤੇ ਹੂਰਾਂ।
ਦੋਏ ਧਰਤੀ ਤੇ ਅਸਮਾਨ ਨੂੰ, ਚੜ ਗਈਆਂ ਸ਼ਰੂਰਾਂ।
ਦੋਏ ਘੋੜੇ ਆਏ ਨਚਦੇ, ਸੀ ਜੰਗ ਦੇ ਅੰਦਰ।
ਦੋਏ ਖਿੜ੨ ਕਰਕੇ ਹਸੀਆਂ, ਜਿਤ ਹਾਰ ਤੇ ਕੰਦਰ।
ਦੋ ਤੇਗਾਂ ਘੁਮੀਆਂ ਦੋਹਾਂ ਦੀਆਂ, ਬਿਜਲੀ ਚਮਕਾਰਾਂ।
ਅਸਮਾਨੋ ਆਈਆਂ ਕੜਕ ਕੇ, ਜਾਂ ਦੋ ਤਲਵਾਰਾਂ।
ਦੋਏ ਦੋਹਾਂ ਦੇ ਸਾਂਝੇ ਵਾਰ ਸੀ, ਚਲੇ ਇਕ ਵਾਰੀ।
ਸਮੁੰਦ ਖਾਨ ਤੇ ਆਲਗੀ, ਰੋਹ ਭਰੀ ਕਟਾਰੀ।
ਸਿਰ ਧੜ ਤੇ ਲੜ ਕੇ ਖਾਨ ਦਾ, ਰੁਖ ਨਾਲ ਪਪੀਤਾ।
ਹੀਰਾ ਸਿੰਘ ਸਰਦਾਰ ਦਾ, ਹਥ ਕਟ ਸੀ ਲੀਤਾ।
ਬੋਲੇ ਸੋ ਨਿਹਾਲ ਸਿੰਘਾਂ, ਅਕਾਲ ਪੁਕਾਰਾ।
ਮਾਰਿਆ ਗਿਆ ਸਮੁੰਦ ਖਾਂ, ਸਿੰਘ ਕਹਿਣ ਜੈਕਾਰਾ।
ਗੂੰਜਿਅ ਧਰਤ ਅਸਮਾਨ ਸੀ, ਸਭ ਸੁਣੇ ਲੁਕਾਈ।
ਸਮੁੰਦ ਖਾਨ ਗਿਆ ਮਾਰਿਆ, ਗਈ ਮੁਕ ਲੜਾਈ।

—o—

ਇਕ ਤੁਰਕ ਦੀ ਬੰਦੂਕ

ਹੀਰਾ ਸਿੰਘ ਸਰਦਾਰ ਵਲ, ਬੰਦੂਕ ਚਲਾਈ।
ਵਿਚ ਘੋੜੇ ਦੇ ਆ ਲਗੀ, ਕਰ ਗਿਆ ਚੜ੍ਹਾਈ।
ਛਾਲ ਮਾਰ ਹੀਰਾ ਸਿੰਘ ਜੀ, ਧਰਤੀ ਤੇ ਆਇਆ।
ਲਹਿਣਾ ਸਿੰਘ ਨੇ ਹੀਰਾ ਸਿੰਘ, ਛਾਤੀ ਨਾਲ ਲਾਇਆ।
*ਭੂਦਨ ਪਿੰਡ ਪਾਸ ਬੇਹ ਇਹ, ਜੰਗ ਕੀਤਾ ਭਾਰਾ।
ਬਿਸ਼ਨ ਸਿੰਘ ਲੋਕ ਦਸ ਰਹੇ, ਹਨ ਜੰਗ ਨਜਾਰਾ।

* * *

ਭੂਦਨ ਬੇਹ ਉਤੇ ਭਾਈ ਨਰੈਣ ਸਿੰਘ ਦਾ ਸ਼ਹੀਦ ਹੋਣਾ

‡ਨਰੈਣ ਸਿੰਘ ਬੈਠਾ ਫਟੜ ਸੀ, ਚੁਗ ਗੋਤ ਸੀ ਗਾਮ।
ਗੋਲੀ ਮਾਰੀ ਤੁਰਕ ਨੇ, ਗਿਆ ਸਚਖੰਡ ਧਾਮ।
ਕੀਤਾ ਹਲਾ ਸਿੰਘਾਂ ਨੇ, ਫੌਜੀ ਹੋਏ ਉਡਾਰ।
ਕੋਟਲੇ ਆਏ ਚਲਕੇ, ਖਾ ਸਿੰਘਾਂ ਤੋਂ ਹਾਰ।
ਸਿੰਘ ਜਾਂਦੇ ਮਗਰੇ ਤੁਰਕ ਦੇ, ਉਹ ਦੌੜੇ ਜਾਂਦੇ।
ਚੌਂਕੀਦਾਰ ਬਲੌਰ ਖਾਂ ਰੁਕਨੇ ਖਾਂ ਪਾਰ ਬੁਲਾਂਦੇ।
ਮਾਰੇ ਤੁਰਕ ਤਿੰਨ ਸੀ, ਇਕ ਹੋਇਆ ਸਿੰਘ ਸ਼ਹੀਦ।
ਬਿਸ਼ਨ ਸਿੰਘ ਉਹ ਦਸਦੇ ਦੇਖਿਆ ਜਿਨਾਂ ਦੀਦ।

ਨੋਟ*ਭੂਦਨ ਪਿੰਡ ਕਿਸੇ ਸਮੇਂ ਭੂਦਲ ਰਾਜੇ ਦੀ ਰਾਜਧਾਨੀ ਸੀ ਇਹ ਕੋਟਲੇ ਤੋਂ ਸਤ ਮੀਲ ਬੇਹ ਹੈ।

ਨੋਟ—‡ਨਰੈਣ ਸਿੰਘ ਦਾ ਪਿਤਾ ਧਰਮ ਸਿੰਘ ਮਾਤਾ ਰਾਮ ਕੌਰ ਗੋਤ ਚੂੰਗ ਤੇ ਪਿੰਡ ਚੂੰਗ। ਨਰੈਣ ਸਿੰਘ ੨੨ ਸਾਲ ਦੀ ਉਮਰ ਵਿਚ ਸ਼ਹੀਦ ਹੋ ਗਏ। ਇਹ ਜੰਗ ੪ ਮਾਘ ੧੯੨੮ ਨੂੰ ਹੋਇਆ। ਭੂਦਨ ਦੇ ਬੇਹ ਉਤੇ।

ਪਠਾਣੀ ਫੌਜ ਨੇ ਕੋਟਲੇ ਵਿਚ ਅਹਿਲਕਾ ਦੇ ਪਾਸ ਆਉਣਾ

ਭੂਦਨ-ਥੇਹ ਛੱਡ ਕੇ ਆਏ ਪਠਾਨ ਸੀ ਦੌੜ।
ਕੋਟਲੇ ਆ ਕੇ ਦੱਸਦੇ, ਅਹਿਲਕਾਰਾਂ ਨੂੰ ਰੌੜ।
ਅਸੀਂ ਲੜ ਮਾਰੇ ਕਈ ਸੀ, ਪਤਰਾ ਗਏ ਸਿੰਘ ਵਾਰ।
ਸਮੁੰਦ ਖਾਂ ਗਿਆ ਮਾਰਿਆ, ਹੀਰਾ ਸਿੰਘ ਕਰ ਧਾੜ।
ਸਿੰਘ ਗਏ ਪਿੰਡ ਰੜ ਨੂੰ, ਲੈਣਗੇ ਮਦਦ ਪਾ।
ਹਲਾ ਕਰਨਗੇ ਕੋਟਲੇ, ਕਲ ਸਵੇਰ ਨੂੰ ਆ।
ਕੌਂਸਲ ਅਹਿਲਕਾਰ ਸੁਣ, ਥਰ ਥਰ ਗਏ ਕੰਬ।
ਹਲਾ ਕਰਨ ਸਿੰਘ ਕੋਟਲੇ, ਕਢਣਗੇ ਹੁਣ ਖੁੰਬ।
ਸਰਮਸਤ ਖਾਨ ਤੇ ਅਹਿਲਕਾਰ, ਕਰਦੇ ਬੈਠ ਸਲਾਹ।
ਲੁਧਿਆਣੇ ਪਾਸ ਗੋਰੇ ਦੇ, ਦੇਵੇ ਜਾ ਤੁਲਾਹ।
ਰਾਤ ਨੂੰ ਘਲੇ ਦੋ ਸੀ, ਘੋੜੇ ਦੇ ਅਸਵਾਰ।
ਲੁਧਿਆਣੇ ਆ ਕੇ ਆਖਦੇ, ਮਦਦ ਕਰੇ ਸਰਕਾਰ।
ਹੱਲਾ ਕੀਤਾ ਕੂਕਿਆਂ, ਸ਼ਹਿਰ ਕੋਟਲੇ ਆਣ।
ਅਸੀਂ ਉਹ ਭਜਾ ਦਿਤੇ, ਕਠੇ ਹਿੰਦੂ ਮੁਸਲਮਾਨ।
ਕਪਤਾਨ ਸੁਣ ਕੇ ਬੋਲਿਆ, ਦਿਲ ਵਿਚ ਸੀ ਹੰਕਾਰ।
ਰਿਆਸਤ ਅੰਬਾਲੇ ਸ਼ਹਿਰ ਨੂੰ, ਦਿਤੀ ਉਸਨੇ ਤਾਰ।
ਸਿੰਘ ਗਏ ਨੇ ਕੋਟਲੇ, ਮਾਰਨ ਲੁਟਣ ਸ਼ਹਿਰ।
ਮਾਰ ਭਜਾਏ ਇਕ ਵਾਰ, ਠਹਿਰ ਨਾ ਦਿਤੇ ਪਹਿਰ।
ਤੋਪਾਂ ਘਲੋ ਹੁਣ ਕੋਟਲੇ, ਫੌਜੀ ਨਾਲ [illegible]।
ਲੁਟਣ ਸਿੰਘ ਨਾ ਕੋਟਲਾ, ਲੈਣੇ ਖੋਹ ਹਥਿਆਰ।
ਪਟਿਆਲਾ, ਨਾਭਾ, ਸੰਗਰੂਰ ਜੋ, ਸ਼ਹਿਰ ਅੰਬਾਲਾ ਜਾਣ
ਫੌਜੀ ਹੋਏ ਤਿਆਰ ਸਨ, ਗੋਰਖੇ ਸਿਖ ਜਵਾਨ।
ਹਾਥੀਆਂ ਉਤੇ ਲਦੀਆਂ ਤੋਪਾਂ ਕੈਸਨ ਨੌ।

ਗਿਆਰਾਂ ੨ ਉਨ੍ਹਾਂ ਆਦਮੀ, ਆਦਮ ਖਾਨੇ ਕੌਂ।
ਜਲੰਧਰੋਂ ਆਈ ਫੌਜ ਸੀ, ਘੋੜਿਆਂ ਤੇ ਅਸਵਾਰ।
ਰਾਤੋ ਰਾਤ ਆਏ ਕੋਟਲੇ, ਕੌਂਸਲ ਸੂਬੇਦਾਰ।
ਸਤ ਤੋਪਾਂ ਕਲਰ ਵਿਚ ਰਖੀਆਂ, ਦੋ ਕੋਟਲੇ ਆਨ।
ਕਹਿਣ ਤੋਪਾਂ ਰਖਵਾਲੀਆਂ, ਬੀੜੀਆਂ ਸ਼ਹਿਰ ਮੈਦਾਨ।
ਸਲਾਮੀ ਦਰਵਾਜੇ ਤੋਪ ਇਕ, ਦੂਜੀ ਕੇਲੋਂ ਦੇ ਰਾਹ।
ਛੋਟ ਆਉਣ ਸਿੰਘ ਕੋਟਲੇ, ਤੋਪਾਂ ਮਾਰੇ ਠਾਹ।
ਛੱਡ ਦੌੜੇ ਲੋਕ ਸ਼ਹਿਰ ਨੂੰ, ਬੁਢੇ ਗਭਰੂ ਨਾਰ।
ਰੜ ਪਿੰਡ ਕਟਣ ਰਾਤ ਸਿੰਘ, ਕਰਦੇ ਬੈਠ ਬਿਚਾਰ।
ਕਿਕਰ ਵਾਲੇ ਖੂਹ ਤੇ, ਸਿੰਘਾਂ ਦੀ ਸੀ ਠੌਰ।
ਕਮਰ ਕਸੇ ਖੋਲੇ ਸਿੰਘਾਂ ਨੇ, ਹਥਿਆਰ ਧਰੇ ਕਰ ਸੌੜ।

★

ਮਸਤਾਨੇ ਸਿੰਘ ਰੜ ਦੇ ਖੂਹ ਉਤੇ

ਡੇਰੇ ਲਾਕੇ ਸਿੰਘਾਂ ਨੇ, ਦਿਤੇ ਰਖ ਹਥਿਆਰ।
ਖੋਹਲੇ ਕਮਰ ਕਸੇ ਸਨ, ਸੇਲਾ ਲਾਹ ਤਲਵਾਰ।
ਸ਼ਵੀਆਂ ਅਤੇ ਸਫ਼ਾ ਜੰਗ; ਚੱਕਰ ਕੁਹਾੜੀਆਂ ਹੋਰ।
ਦਿਤੇ ਸੀ ਰਖ ਸਿੰਘਾਂ ਨੇ, ਇਕ ਥਾਂ ਲਾ ਕੇ ਸੌੜ।
ਕਈ ਕਰਨ ਇਸ਼ਨਾਨ ਸਿੰਘ, ਖੂਹ ਤੋਂ ਪਾਣੀ ਕੱਢ।
ਹੀਰਾ ਸਿੰਘ ਜੀ ਆਖਦੇ, ਸਿੰਘ ਬੈਠੇ ਕੋਲ ਸਭ।
ਜੋ ਕਰਨਾ ਕੰਮ ਕਰ ਦਿਤਾ, ਹੁਕਮ ਨਾਲ ਕਰਤਾਰ।
ਲੜਣਾ ਹੈ ਨਹੀਂ ਅਸਾਂ ਨੇ, ਹਥ ਫੜ ਕੇ ਹਥਿਆਰ।
ਵਾਰੀ ਸਾਡੀ ਮਰਨ ਦੀ, ਦੇਣੇ ਵਾਰ ਨੇ ਸੀਸ।
ਹੋਣਾ ਅਸੀਂ ਸ਼ਹੀਦ ਹੈ, ਸਿਰ ਦੇਣੇ ਬਿਨ ਫੀਸ।
ਜਿਸ ਨੇ ਮਰਨਾ ਅਸਾਂ ਨਾਲ, ਕੋਲ ਰਹਿਣ ਉਹ ਬੀਰ
ਚਲੇ ਜਾਣ ਉਹ ਸਿੰਘ ਜੋ, ਮਰਨਾ ਜਿਨ੍ਹਾਂ ਨਾ ਤ਼ੀਰ।

ਜਥੇਦਾਰ ਦੀ ਬਾਤ ਸੁਣ, ਕੁਝ ਸਿੰਘ ਹੋਏ ਤਿਆਰ।
*ਪੰਦਰਾਂ ਹੈ ਸੀ ਸਿੰਘ ਜੋ, ਕੋਰੇ ਉਹ ਅਉਡਾਰ।
ਰੜ ਪਿੰਡ ਦੇ ਸਰਦਾਰ ਸਿੰਘ, ਸੇਵਾ ਕਰਦੇ ਆਨ।
ਦੁਧ, ਚੌਲ, ਖੰਡ, ਘਿਉ, ਖੀਰ ਪ੍ਰਸ਼ਾਦ ਛਕਾਨ।
ਧਾਲੀਵਾਲ ਮਹਿਤਾਬ ਸਿੰਘ, ਖੇਮ ਕੌਰ ਉਹਦੀ ਨਾਰ।
ਗੁਰਦਿਤ ਸਿੰਘ ਨਰੈਣ ਸਿੰਘ, ਹਰਨਾਮ ਸਿੰਘ ਸੇਵਾਦਾਰ
ਰਸਤਾਂ ਦਿੰਦੇ ਸਿੰਘਾਂ ਨੂੰ, ਮਿਠਾ ਲਿਆਂਦਾ ਤੇਲ।
ਫਟੜਾਂ ਦੇ ਫਟ ਬੰਨਦੇ, ਪੱਟੀਆਂ ਬੰਨਦੇ ਮੇਲ।

ਨੋਟ—੧. ਸ: ਲਾਲ ਸਿੰਘ ਜੀ ਗੁੰਮਟੀ।
੨. ਸ: ਹਰੀ ਸਿੰਘ ਜੀ ਗੁੰਮਟੀ
੩ ਸ: ਧੰਨ ਸਿੰਘ ਜੀ ਗੁੰਮਟੀ
੪. ਸ: ਦੇਵਾ ਸਿੰਘ ਜੀ ਗੁੰਮਟੀ
੫. ਭਾਈ ਹਜ਼ਾਰਾ ਸਿੰਘ ਹਿੰਮਤ ਪੂਰਾ।
੬. ਪ੍ਰਸਾ ਸਿੰਘ ਜੀ ਗੁਰੂਸਰ।
੭. ਭਾਈ ਬਦਨ ਸਿੰਘ ਭਾਈ ਰੂਪਾ।
੮. ਸ: ਸੁਧ ਸਿੰਘ ਜੀ ਬੱਗਲੀ ਜ਼ਿਲਾ ਲੁਧਿਆਨਾ।
੯. ਬਾਬਾ ਹਰਨਾਮ ਸਿੰਘ ਜੀ ਮੰਡੀ ਬਡੀ।
੧੦. ਸਰਮੁਖ ਸਿੰਘ ਜੀ ਨਿਥਾਨਾ।
੧੧. ਮਹਾਂ ਸਿੰਘ ਜੀ ਨਿਥਾਨਾ।
੧੨. ਭਾਈ ਹੀਰਾ ਸਿੰਘ ਜੀ ਗਹਿਲ।
੧੩. ਸ: ਸਾਹਬ ਸਿੰਘ ਜੀ ਭੰਮਾਬਧੀ।
੧੪. ਸ: ਭਗਵਾਨ ਸਿੰਘ ਜੀ ਅੜਵੰਗੀ ਮਹਾਰਾਣਾ ਜ਼ਿਲਾ ਅੰਮ੍ਰਿਤਸਰ।
੧੫. ਸ: ਪੰਜਾਬ ਸਿੰਘ ਪਿੰਡ ਗੰਜੀ ਜ਼ਿਲਾ ਫਿਰੋਜ਼ਪੁਰ।

ਪੰਦਰਾਂ ਸਿੰਘ ਰੜ ਤੋਂ ਮਸਤਾਨੇ ਦਲ ਤੋਂ ਵਖਰੇ ਹੋ ਕੇ ਰਾਤ ਨੂੰ ਤੁਰ ਪਏ ਸਨ। [illegible]

ਰਾਮਗੜ੍ਹੀਆ ਚੜ੍ਹਤ ਸਿੰਘ, ਰਾਇ ਕੌਰ ਉਹਦੀ ਨਾਰ।
ਇਕ ਪੁਤਰ ਨਾਲ ਉਸ ਦੇ, ਦੇਂਦੇ ਲਕੜਾਂ ਪਾੜ।
ਕਿਸ਼ਨ ਸਿੰਘ ਇਕ ਵੈਦ ਸੀ, ਹਲਦੀ ਲਿਆਵੇ ਤੇਲ
ਫਟੜ ਸਿੰਘਾਂ ਦੇ ਫਟ ਬੰਨ, ਘਿਉ ਹਲਦੀ ਕਰ ਮੇਲ।
ਹੀਰਾ ਸਿੰਘ ਜਥੇਦਾਰ ਦਾ, ਕਟਿਆ ਖੱਬਾ ਹੱਥ।
ਤੇਲ ਗਰਮ ਕਰ ਲਾਂਵਦਾ, ਨਾਲੇ ਰਿਹਾ ਸੀ ਹਸ।
ਤੇਲ ਵਿਚ ਗੁਟ ਰਖਿਆ, ਲਹੂ ਗਿਆ ਸੀ ਰੁਕ।
ਦੁਖ ਪੀੜ ਨਾ ਮੰਨਿਆ, ਸਿੰਘ ਦੁਖ ਨੂੰ ਮੰਨਦੇ ਸੁਖ।
ਖੀਰ ਪ੍ਰਸ਼ਾਦ ਖਾਨ ਪਾਨ ਕਰ, ਸਿੰਘਾਂ ਬਤਾਈ ਰਾਤ।
ਕਰੇ ਇਸ਼ਨਾਨ ਸੀ ਉਠ ਕੇ, ਜਾਗੇ ਸੀ ਪ੍ਰਭਾਤ।
ਦੋਹ ਜੋੜੇ ਮਾਵਾਂ ਦੇ ਲਾਡਲੇ, ਅਰਜ ਕਰਦੇ ਸੀ ਆਨ।
ਅਸੀਂ ਮਾਂ ਦਾ ਕਰੀਏ ਦਰਸ ਹੁਣ,ਦੇਵੋ ਪਿੰਡ ਨੂੰ ਜਾਨ।
ਚਲੇ ਗਏ ਉਹ ਸਿੰਘ ਦੋ, ਬਰਨਾਲੇ ਵਿਚ ਨਿਵਾਸ।
ਮਾਂ ਦਾ ਕਰਨ ਪਿਆਰ ਉਹ, ਨਾਲੇ ਦਸਣ ਬਿਲਾਸ।
ਰਾਤ ਬੀਤੀ ਸੀ ਸਿੰਘਾਂ ਦੀ, ਸੂਰਜ ਦਾ ਪ੍ਰਕਾਸ਼।
ਹੀਰਾ ਸਿੰਘ ਜਾ ਪੁਛਦੇ, ਕਿਤਨੇ ਸਿੰਘ ਹਨ ਪਾਸ।
ਗਿਣ ਕੇ ਦਸੇ ਸੌਣ ਸਿੰਘ, ਸਤਰ ਸਿੰਘ ਨੇ ਨਾਲ।
ਹੀਰਾ ਸਿੰਘ ਹਸ ਆਖਦੇ, ਹੋਰ ਸਿੰਘ ਲੈਣੇ ਭਾਲ।
ਕਈ ਸਿੰਘ ਬਾਣੀ ਉਚਾਰਦੇ, ਕਈ ਸੀ ਜਪਦੇ ਨਾਮ।
ਕਈ ਬੈਠੇ ਗੁਰ ਧਿਆਨ ਧਰ, ਸ਼ਹੀਦੀ ਲੈਣਾ ਜਾਮ।
ਹੀਰਾ ਸਿੰਘ ਜੀ ਬੋਲਦੇ, ਜਥੇਦਾਰ ਸਰਦਾਰ।
ਸਾਡੀ ਪਾਵੋ ਦਸ ਹੁਣ, ਪਕੜ ਲਵੇ ਸਰਕਾਰ।

ਜੈਮਲ ਮੁਕਬਰ

ਰੜ ਪਿੰਡ ਸਰਦਾਰ ਇਕ, ਹੈਸੀ ਜੈਮਲ ਨਾਮ।
ਸਿੰਘਾਂ ਤਾਈਂ ਫੜਾਕੇ, ਲੈਂਦਾ ਚਾਹੇ ਇਨਾਮ।
ਆਇਆ ਸਿੰਘਾਂ ਪਾਸ ਉਹ ਕਰਕੇ ਖੋਟਾ ਚਿਤ।
ਸੇਵਾ ਕਰਾਂ ਮੈਂ ਸਿੰਘ ਜੀ, ਜਿੰਨਾ ਮੇਰਾ ਵਿਤ।
ਘੋੜੇ ਭੁਖੇ ਤੁਸਾਂ ਦੇ, ਮੇਰੇ ਬੰਨੋ ਹਵੇਲੀ ਜਾ।
ਦਾਨਾ ਪਾਵੋ ਸਿੰਘ ਜੀ, ਨਾਲੇ ਖਲਾਵੋ ਘਾਹ।
ਸ਼ੇਰ ਪੁਰੇ ਮੈਂ ਚਲਿਆ, ਰਸਤ ਚਲਿਆ ਮੈਂ ਲੈਣ।
ਸੇਵਾ ਕਰਾਂ ਮੈਂ ਸਿੰਘਾਂ ਦੀ, ਮੇਰੇ ਠੰਢੇ ਹੋਵਨ ਨੈਣ।
ਜੈਮਲ ਗਿਆ ਸ਼ੇਰ ਪੁਰ ਠਾਣੇਦਾਰ ਦੇ ਪਾਸ।
ਸਿੰਘਾਂ ਦੇ ਫੜਾਉਣ ਦੀ, ਵਿਉਂਤ ਪਾਈ ਉਸ ਖਾਸ।

✱

✱

ਥਾਨੇਦਾਰ ਤੇ ਪੁਲਸ ਨੇ ਸ਼ੇਰਪੁਰ ਤੋਂ ਰੜ ਪਿੰਡ ਵਿਚ ਸਿੰਘਾਂ ਪਾਸ ਆਉਣਾ

ਜੈਮਲ ਦੀ ਸੁਣ ਬੇਨਤੀ, ਘੋੜੇ ਲੈ ਗਏ ਸਿੰਘ।
ਬੰਨਣ ਹਵੇਲੀ ਉਸਦੀ, ਔਰਤ ਕਹੇ ਨਰਿੰਦ।
ਵੀਰੋ ਘੋੜ ਨਾ ਬੰਨੋ. ਜੈਮਲ ਹੈਗਾ ਊਤ।
ਠਾਣੇਂ ਗਿਆ ਉਹ ਸ਼ੇਰ ਪੁਰ, ਫੜਾਵੇ ਸਿੰਘਾਂ ਨੂੰ ਭੂਤ।
ਕਰਾਵੇ ਕਾਲਾ ਮੂੰਹ ਉਹ, ਕੁਲ ਨੂੰ ਲਾਵੇ ਦਾਗ।
ਮੁਕਬਰੀ ਕਰੇ ਉਹ ਸਿੰਘਾਂ ਤੇ, ਮੇਰੇ ਘਰ ਦਾ ਸੁਹਾਗ।
ਘੋੜੇ ਖੋਲਕੇ ਸਿੰਘ ਫ਼ਿਰ, ਆਏ ਮਸਤਾਨਿਆਂ ਪਾਸ।
ਜੈਮਲ ਦੀ ਦਸੀ ਗਲ ਸੀ, ਕਰਦੇ ਬਚਨਬਿਲਾਸ।
ਚਿਟੇ ਕਪੜੇ ਪਹਿਣ ਕੇ ਆ ਇਆ ਠਾਣੇਦਾਰ।
ਭੇਖ ਆਪਣਾ ਬਦਲਿਆ, ਜਿਵੇਂ ਠੱਗਾਂ ਦੀ ਕਾਰ।

ਨੀਵੀਂ ਧਾਰੀ ਉਸ ਨੇ, ਫਤਹਿ ਬੁਲਾਈ ਆਨ।
ਠਾਣੇਦਾਰ ਕਹੇ ਸਿੰਘਾਂ ਨੂੰ, ਤੁਸੀਂ ਹੋ ਜਾਨੀ ਜਾਣ।
ਦਰਸ਼ਨ ਦਿਤਾ ਆ ਕੇ, ਮੈਨੂੰ ਦਿਤਾ ਤਾਰ।
ਕਰਾਂ ਮੈਂ ਸੇਵਾ ਸਿੰਘ ਜੀ ਮੈਂ ਹਾਂ ਸੇਵਾਦਾਰ।
ਮੈਂ ਹਾਂ ਸ਼ੇਰ ਪੁਰੇ ਵਿਚ, ਨੌਕਰ ਜੋ ਸਰਕਾਰ।
ਲੰਗਰ ਸ਼ਕੋ ਘਰ ਚਲਕੇ, ਮੈਂ ਹਾਂ ਠਾਣੇਦਾਰ।
ਘਰ ਆਵਨ ਜੇ ਸੰਤ ਜਨ, ਲਖ ਲਖ ਪ੍ਰਨਾਮ।
ਮੈਂ ਬਲਿਹਾਰੇ ਸਿੰਘਾਂ ਦੇ, ਜਪਣ ਗੁਰਾਂ ਦਾ ਨਾਮ।
ਦਸਵੇਂ ਗੁਰਾਂ ਦਾ ਸਿੰਘ ਮੈਂ ਸੇਵਕ ਹਾਂ ਮੈਂ ਪੰਥ।
ਦਾਸਾਂ ਦਾ ਮੈਂ ਦਾਸ ਹਾਂ, ਮੰਨਦਾ ਗੁਰੂ ਗਰੰਥ।
ਮਿਠੀਆਂ ਮਿਠੀਆਂ ਬੋਲਦਾ, ਦਿਲ ਵਿਚ ਉਹਦੇ ਘਾਤ
ਇੰਦ ਕੌਰ ਮਾਈ ਆਖਦੀ, ਦਿਸੇਂ ਤੂੰ ਨਿਪਾਕ।
ਧੋਖੇਬਾਜ ਤੇ ਬੇਈਮਾਨ, ਤੂੰ ਗੋਰਿਆ ਦਾ ਯਾਰ।
ਬਲ ਛਲ ਕਰਦਾ ਸਿੰਘਾਂ ਨਾਲ, ਤੇਰਾ ਕੀ ਇਤਬਾਰ।
ਮਾਈ ਆਖੇ ਪਾਜੀਆ, ਤੂੰ ਹੈਂ ਦੇਸ਼ ਗਦਾਰ।
ਗੱਲਾਂ ਮੋਂ ਮੋਂ ਠਗਣੀਆਂ, ਕਰਦਾ ਸਿੰਘਾਂ ਨਾਲ।
ਤੇਰਾ ਧਰਮ ਨਾ ਇਮਾਨ ਹੈ, ਦਿਸੇਂ ਤੂੰ ਸ਼ੈਤਾਨ।
ਧੋਖਾ ਕਰੇਂ ਤੂੰ ਸਿੰਘਾਂ ਨਾਲ, ਹੋਣਾ ਹੈਂ ਬੇਈਮਾਨ।
ਸਮਝ ਰਹੇ ਤੈਨੂੰ ਸਿੰਘ ਨੇ, ਅਸੀਂ ਨਹੀਂ ਅਨਜਾਨ।
ਗੱਲਾਂ ਕਰੇ ਫਰੇਬ ਦੀ, ਲਗਾ ਸਿੰਘ ਮਰਵਾਨ।
ਮੇਰਾ ਕਰਦਾ ਜੀਅ ਹੈ, ਕੱਢਾਂ ਤੇਰੀ ਜਿੰਦ।
ਸਫਾ ਜੰਗ ਮਾਰਾਂ ਇਕ ਮੈਂ, ਦੇਵਾਂ ਪਟੜ ਨਾ ਗਿੰਦ।
ਰਖੇ ਅਸੀਂ ਹਥਿਆਰ ਹਨ, ਕਮਰੇ ਕੱਸੇ ਤੋਂ ਖੋਲ੍ਹ।
ਮਰਨਾ ਧਰਮ ਦੇ ਵਾਸਤੇ, ਕੀਤੀ ਪ੍ਰਣ ਨੇ ਬੋਲ।
ਸੁਣ ਕੇ ਮਾਈ ਦੀ ਬਾਤ ਨੂੰ, ਕੰਬੇ ਠਾਣੇਦਾਰ।
ਪੀਲਾ ਹੋ ਗਿਆ ਰੰਗ ਸੀ, ਇਕ ਦਮ ਵਾਂਗ ਵਿਸਾਰ।

ਥਾਣੇਦਾਰ ਫਿਰ ਆਖਦਾ, ਮੈਨੂੰ ਗੁਰ ਗਰੰਥ ਸੁਗੰਧ।
ਧੋਖਾ ਕਰਾਂ ਨਾ ਕਦੇ ਮੈਂ, ਮੇਰੇ ਚਿਤ ਨਾ ਗੰਦ।
ਮੈਂ ਸਿੰਘ ਦਸਮੇਸ਼ ਦਾ, ਪਵੇ ਗੁਰੂ ਦੀ ਮਾਰ।
ਸੰਤ ਖਾਲਸੇ ਪੰਥ ਦਾ. ਮੈਂ ਹਾਂ ਤਾਬੇਦਾਰ।
ਸ਼ੇਰ ਪੁਰ ਕਰੋ ਲੰਗਰ ਅਜ, ਕਰੋ ਅਰਜ ਮਨਜੂਰ।
ਤਿੰਨ ਮੀਲ ਹੈ ਸ਼ੇਰ ਪੁਰ, ਨੇੜੇ ਹੈ, ਨਹੀਂ ਦੂਰ।
ਹੀਰਾ ਸਿੰਘ ਸਭ ਜਥੇਦਾਰ, ਜਾਨਣ ਉਹਦੀ ਚਾਲ।
ਅਰਦਾਸੇ ਕਰਕੇ ਤੁਰੇ ਸੀ, ਠਾਣੇਦਾਰ ਦੇ ਨਾਲ।
ਪੜਦੇ ਸ਼ਬਦ ਸਿੰਘ ਸਨ, ਮੁਹਿ ਮਰਨੇ ਕਾ ਚਾ।
ਆਏ ਸ਼ੇਰ ਪੁਰੇ ਸੀ, ਕਿਲੇ ਵਿਚ ਬੈਠੇ ਜਾ।
ਪਹਿਰੇ ਲਾਕੇ ਪੁਲਸ ਦੇ, ਕੀਤੇ ਬੰਦ ਕੁਆੜ।
ਅੰਦਰ ਸਿੰਘ ਸੀ ਬਿਸ਼ਨਸਿੰਘ,ਬਾਹਰ ਸੀ ਪੁਲਸੀ ਧਾੜ।

ਨੋਟ—ਸਿੰਘ ਰੜ ਦੇ ਖੂਹ ਤੇ ਸ਼ਸਤਰ ਘੋੜੇ ਛਡਕੇ ਆਏ ਸਨ ਕੁਝ ਘੋੜੇ ਮੁਕਬਰਾਂ ਦੇ ਹਥ ਆ ਗਏ, ਦੋ ਘੋੜੇ ਤੇ ਸ਼ਸਤਰ ਪੁਲਸ ਲੈਕੇ ਸ਼ੇਰ ਪੁਰ ਆ ਗਏ। ਅਤੇ ਪੰਜ ਪੰਜ ਸਿੰਘ ਗ੍ਰਿਫਤਾਰ ਕਰ ਕੇ ਗਡਿਆਂ ਤੇ ਚਾੜ ਕੋਟਲੇ ਦੇ ਰਾਹ ਲਿਆਂਦੇ।

—o—

ਠਾਣੇ ਸ਼ੇਰ ਪੁਰ ਤੋਂ ਪੰਜ ਪੰਜ ਸਿੰਘ ਗ੍ਰਿਫਤਾਰ ਕਰਨੇ

ਪੰਜ ਸਿੰਘ ਸਦੇ ਵਖ ਕਰ, ਉਤਮ ਠਾਣੇਦਾਰ।
ਕੀਤੇ ਗਏ ਉਹ ਗ੍ਰਿਫਤਾਰ: ਬੰਦ ਕਰੇ ਕੁਆੜ।
ਵਖਰੇ ਵਖਰੇ ਪੰਜ ਸਿੰਘ, ਪੰਜਤਾਲੀ ਲਏ ਸੀ ਬੰਨ।
ਰਸਿਆਂ ਨਾਲ ਉਹ ਨੂੜ ਕੇ, ਉਹ ਕੀਤੇ ਇਕ ਸੁਨ।

ਫਟੜ ਤੇਈ ਸਿੰਘ ਸਨ, ਪੁਲਸ ਕਰੀ ਤਤਵੀਰ।
ਤੇਲ ਲਾਉਣ ਉਹ ਆਏ ਨੇ, ਧੋਖੇਬਾਜ ਬਨ ਵੀਰ।
ਉਹ ਵੀ ਕੀਤੇ ਗ੍ਰਿਫਤਾਰ, ਇਕ ਦਮ ਬੰਨੇ ਹਥ।
ਫਿਰ ਕੀਤੇ ਕਠੇ ਕਿਲੇ ਵਿਚ, ਸਾਰੇ ਸਿੰਘ ਨੇ ਬੱਸ।
ਨਾਜ਼ਮ ਨਿਆਜ ਅਲੀ ਸੀ, ਨਾਜ਼ਮ ਉਹ ਸਰਕਾਰ।
ਲੁਧਿਆਨੇ ਨੂੰ ਭੇਜਦਾ, ਪਟਿਆਲੇ ਨੂੰ ਉਹ ਤਾਰ।
ਆਈ ਪੁਲਸ ਬੇਅੰਤ ਸੀ, ਠਾਨੇਦਾਰ ਪੰਜ ਚਾਰ।
ਅਫਸਰ ਨਾਲ ਅੰਗਰੇਜ ਸੀ, ਪੁਲਸੀਏ ਇਕ ਹਜਾਰ।
ਗਡਿਆਂ ਤੇ ਚਾੜ੍ਹੇ ਸਿੰਘ ਸਨ, ਗਡੇ ਦਿਤੇ ਹੱਕ।
ਰਾਹ ਕੋਟਲੇ ਦੇ ਪਏ, ਅਗੇ ਰੜ ਪਿੰਡ ਸੱਥ।

—o—

ਜੈਮਲ ਮੁਕਬਰ ਨੇ ਰੜ ਪਿੰਡ ਦੇ ਸਿੰਘ ਫੜਾਉਣੇ

ਉਹ ਮੁਕਬਰ ਅੰਗਰੇਜ ਦਾ, ਹੈਸੀ ਦੇਸ ਗਦਾਰ।
ਉਹ ਆਖੇ ਅੰਗ੍ਰੇਜ਼ ਨੂੰ, ਮਸਤਾਨਿਆਂ ਦੇ ਸੇਵਾਦਾਰ।
ਮਹਿਤਾਬ ਸਿੰਘ ਸਰਦਾਰ ਹੈ, ਹੇਮ ਕੌਰ ਉਹਦੀ ਨਾਰ।
ਪੁਤਰ ਤ੍ਰਿਨੇ ਉਸਦੇ, ਹਨ ਕੂਕਿਆਂ ਦੇ ਯਾਰ।
ਧਾਲੀਵਾਲ ਸਿੰਘ ਇਹ ਸਨ, ਗੁੰਮਟੀ ਵਾਲੇ ਨਾਮ।
ਪ੍ਰਵਾਰ ਕੀਤਾ ਸੀ ਗ੍ਰਿਫਤਾਰ, ਘੇਰਕੇ ਡੇਰਿਆਂ ਪਿਡ ਤਮਾਮ।
ਚੜਤ ਸਿੰਘ ਦੀ ਸਿੰਘਨੀ, ਰਾਇਕੌਰ ਉਹਦੀ ਨਾਰ।
ਰਾਮਗੜੀਏ ਸਿੰਘ ਪਕੜਕੇ, ਦਿਤੇ ਗਡੇ ਚਾੜ।
ਹੀਰਾ ਸਿੰਘ ਸਦਾ ਸਿੰਘ ਜੀ, ਮਸਤਾਨੇ ਨਾਲ ਬਹੀਰ।
ਰੜ ਪਿੰਡ ਤੋਂ ਗ੍ਰਿਫਤਾਰ, ਕੀਤੇ ਇਹ ਸਰੀਰ।
ਰਾਹ ਕੋਟਲੇ ਦੇ ਪਏ, ਸੁਣਦੇ ਦੋ ਭਰਾ।
ਦਾਤਰੀਆਂ ਉਨਾਂ ਦੇ ਹਥਾਂ ਵਿਚ, ਗਡੇ ਪਾਸ ਆ।

ਅਨੂਪ ਸਿੰਘ ਪਿੰਡ ਰੜ ਦੇ,ਫ਼ਰਵਾਹੀ ਪਿੰਡ ਆਏ ਚਲ।
ਗੁਰਮੁਖ ਸਿੰਘ ਦਾ ਪਿੰਡ ਸੀ, ਗਡੇ ਦਿਤੇ ਠੱਲ।
ਗੁਰਮੁਖ ਸਿੰਘ ਨੰਬਰਦਾਰ ਦਾ। ਫ਼ੁਰਵਾਹੀ ਹੈਸੀ ਗਾਮ।
ਬੇਲਾ ਸਿੰਘ ਭੂਪ ਸਿੰਘ ਜੀ, ਖੜਕ ਸਿੰਘ ਪਕੜੇਆਨ।
ਨੰਬਰਦਾਰ ਦਾ ਭਾਈ ਸੀ, ਗੁਰਦਿਤ ਸਿੰਘ ਜਵਾਨ।
ਗੁੜ, ਤਿਲ ਦਿਤਾ ਸਿੰਘਾਂ ਨੂੰ, ਜਲ ਦੁਧ ਪਾ ਛਕਾਣ।
ਗੁਰਮੁਖ ਸਿੰਘ ਦੀ ਸਿੰਘਣੀ, ਅਤਰ ਕੌਰ ਲਿਆਵੇ ਦੁਧ
ਉਹ ਵੀ ਕੀਤੇ ਗ੍ਰਿਫ਼ਤਾਰ; ਸਨਮੁਖ ਸਿੰਘ ਪੁਤ ਸੁਧ।
ਲਿਖਾਂਦਾ ਉਹਨਾਂ ਨੂੰ ਕੋਟਲੇ, ਗਡੇ ਉਤੇ ਚਾੜ੍ਹ।
*ਦੌੜ ਗਏ ਦੋ ਭਾਈ ਸੀ, ਜੋ ਸੀ ਨੰਬਰਦਾਰ।

—o—

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬੇ ਮਲੌਦ ਵਿਚ

ਕਮਿਸ਼ਨਰ ਅੰਗਰੇਜ਼ ਸੀ, ਲੁਧਿਆਣੇ ਦਾ ਜਾਨ।
ਕਾਵਨ ਉਹਦਾ ਨਾਮ ਸੀ, ਜ਼ਾਲਮ ਉਹ ਸ਼ੈਤਾਨ।
ਤਾਰਾਂ ਉਹਨੇ ਭੇਜੀਆਂ, ਰਿਆਸਤ ਵਿਚ ਪੰਜਾਬ।
ਬਾਗ਼ੀ ਪਕੜੇ ਗਏ ਨੇ, ਪਾਉਂਦੇ ਗਦਰ ਖਰਾਬ।
ਤਸੀਲਦਾਰ ਉਹਨੇ ਭੇਜਿਆ, ਭੈਣੀ ਸਾਹਿਬੋਂ ਹੋਏ ਤਿਆਰ
ਸੋਧ ਅਰਦਾਸੇ ਚੜ੍ਹੇ ਸੀ, ਘੋੜੀ ਦੇ ਅਸਵਾਰ।
ਸੂਬਾ ਜਵਾਹਰ ਸਿੰਘ ਜੀ,ਸੂਬਾ ਖਜਾਨ ਸਿੰਘ ਨਾਲ।
ਕਾਹਨ ਸਿੰਘ ਬ੍ਰਹਮਾ ਸਿੰਘ ਜੀ,ਜੋਗਾ ਸਿੰਘ ਲਏ ਬਹਾਲ।

---

*ਗੁਰਮੁਖ ਸਿੰਘ ਦੇ ਭਾਈ ਧਨ ਸਿੰਘ ਤੇ ਬਿਸ਼ਨ ਸਿੰਘ ਜੋ ਛੋਟੀ ਉਮਰ ਦੇ ਸਨ, ਦੌੜ ਗਏ, ਮੁੜਕੇ ਨਹੀਂ ਆਏ। ਉਹ ਦੋਵੇਂ ਹਜ਼ੂਰ ਸਾਹਿਬ ਚਲੇ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਸੂਬੇ ਮਲੌਦ ਜਾ ਰਹੇ ਹਨ ।



ਸੇਵਾਦਾਰ ਸੀ ਸੌਣ ਸਿੰਘ, ਰਹਿੰਦਾ ਗੁਰਾਂ ਦੇ ਪਾਸ।
ਆਏ ਗੁੜਥਲੀ, ਪਿੰਡ ਨੇ, ਜੀਵ ਸਿੰਘ ਦੇ ਘਰ ਵਾਸ।
ਰਾਤ ਕਟੀ ਸੀ ਗੁਰਾਂ ਨੇ, ਪਰਭਾਤੇ ਕਰ ਇਸ਼ਨਾਨ।
ਨਿਤ ਨੇਮ ਕਰ ਤਿਆਰ ਹੋਏ, ਕੀਤਾ ਦੁਧ ਸੀ ਪਾਨ।
ਘੋੜੇ ਮੋੜੇ ਭੈਣੀ ਸਾਹਿਬ, ਫਿਰ ਰਥਤੇ ਹੋ ਅਸਵਾਰ।
ਸਤਿਗੁਰ ਆਏ ਮਲੌਦ ਵਿਚ, ਜਿਥੇ ਬਦਨ ਸਿੰਘ ਸਰਦਾਰ
ਦਰਸ਼ਨ ਕਰਕੇ ਗੁਰਾਂ ਦਾ, ਉਹਨੇ ਚਰਨੀ ਰਖਿਆ ਸੀਸ
ਕੀਤਾ ਅਦਬ ਸਤਕਾਰ ਸੀ, ਕਰਦੇ ਜਿਵੇਂ ਰਹੀਸ।
ਪਹਾੜਾ ਸਿੰਘ ਮਲੌਦ ਦਾ, ਸੂਬਾ ਗੁਰਾਂ ਦਾ ਸਿੰਘ।
ਦੁਧ ਛਕਾਇਆ ਗੁਰਾਂ ਨੂੰ, ਲਗਣ ਨਾ ਦਿਤੀ ਬਿੰਘ।

★

ਸਰਦਾਰ ਬਦਨ ਸਿੰਘ ਸਤਿਗੁਰਾਂ ਪਾਸ

ਆਏ ਮਸਤਾਨੇ ਗੁਰੂ ਜੀ, ਦਸਦਾ ਹਾਲ ਸਰਦਾਰ।
ਕਿਲੇ ਵਿਚ ਆ ਕੇ ਉਹਨਾਂ ਨੇ, ਮੰਗੇ ਸੀ ਹਥਿਆਰ।
ਦਿਤੇ ਨਾ ਸੀ ਮੈਂ ਜਦ, ਰਾਜਨੀਤ ਸੀ ਚਾਲ।
ਮਾਈ ਮਸਤਾਨੀ ਇੰਦ ਕੌਰ, ਲੜੀ ਸੀ ਮੇਰੇ ਨਾਲ।
ਤੂੰ ਸਿੰਘ ਨਹੀਂ ਹੈ ਗੁਰੂ ਦਾ, ਉਹਨੇ ਕਿਹਾ ਪੁਕਾਰ।
ਮੈਂ ਮਥੇ ਪਾਇਆ ਵਟ, ਫਿਰ ਘੂਰਿਆ ਅੱਖਾਂ ਨਾਲ।
ਮੈਂ ਕਿਹਾ ਮਸਤਾਨੀਏ, ਤੇਰੀ ਗਿਚੀ ਪਿਛੇ ਮੌਤ।
ਦੇਣੇ ਨਹੀਂ ਹਥਿਆਰ ਮੈਂ, ਉਹਨੂੰ ਚੜ ਗਿਆ ਜੋਸ਼।
ਮੇਰੇ ਵਲ ਆਈ ਦੌੜ ਕੇ, ਕਹਿੰਦੀ ਤੂੰ ਕੰਜਰੀ ਦਾ ਯਾਰ।
ਮੁਕਰ ਗਿਆ ਇਕਰਾਰ ਕਰ, ਸਿੰਘਾਂ ਦੇ ਤੂੰ ਨਾਲ।
ਸਫਾ ਜੰਗ ਹਥ ਮਾਈ ਦੇ, ਮਥੇ ਮਾਰੀ ਚੂੰਸ।
ਧਾਰ ਲਹੂ ਦੀ ਚਲ ਪਈ, ਲੜਨੇ ਲਗੇ ਸੀ ਧੂੰਸ।
ਮਾਰ ਦਿਤਾ ਮੈਂ ਕੂਕਿਆਂ ਰੌਲਾ ਲਗਾ ਪਾਉਣ।

ਅੰਦਰ ਵੜਿਆ ਜਾਇ ਮੈਂ, ਕੁੰਡਾ ਲਗਾ ਲਾਉਣ।
ਸਿੰਘ ਨਿਹਥੇ ਵੇਖ ਕੇ, ਨੌਕਰ ਆਏ ਚਾਰ।
ਲੜੇ ਉਹ ਸਿੰਘਾਂ ਨਾਲ ਸਨ, ਸੇਲਾ ਹਥ ਤਲਵਾਰ।
ਰੇਤ ਬੁਕ ਭਰ ਸਿੰਘਾਂ ਨੇ, ਦਿਤਾ ਅੱਖੀਆਂ ਪਾ।
ਖੋਹੇ ਸੀ ਹਥਿਆਰ ਫਿਰ, ਨੌਕਰਾਂ ਹਥੋਂ ਜਾ।
ਚਾਰ ਮਰੇ ਸੀ ਤੁਰਕ ਜੋ, ਫਟੜ ਕੀਤੇ ਹੋਰ।
ਲੜੇ ਸਿੰਘ ਸੀ ਕਿਲੇ ਵਿਚ, ਕਰਕੇ ਚੰਗਾ ਜ਼ੋਰ।
ਜੈਮਲ ਸਿੰਘ ਨੌਕਰ ਵੇਖਦਾ, ਦਿਤੀ ਬੰਦੂਕ ਚਲਾ।
ਖੁਚ ਵਿਚ ਲਗੀ ਸਿੰਘ ਦੇ, ਉਹ ਧਰਤੀ ਡਿਗਿਆ ਆ
ਜੈਮਲ ਸਿੰਘ ਦੇ ਬਾਂਹ ਤੋੜ, ਸਿੰਘਾਂ ਕੁੰਜੀਆਂ ਕਰੀਆਂ ਹਥ।
ਘੋੜੇ ਤੇ ਹਥਿਆਰ ਜੋ, ਮਨ ਭਾਉਂਦੇ ਲੈ ਗਏ ਚੱਕ।
ਸਿੰਘ ਕਿਲੇ ਦੇ ਵਿਚ ਸਨ, ਸ਼ਹਿਰ ਵਿਚ ਪੈ ਗਿਆ ਸ਼ੋਰ
ਮਾਰ ਦਿਤਾ ਹੈ ਬਦਨ ਸਿੰਘ, ਡਾਕੂ ਆ ਗਏ ਚੋਰ।
ਮੇਰਾ ਚਪੜਾਸ਼ੀ ਇਕ ਸੀ, ਉਹਨੇ ਕੀਤਾ ਬੰਦ ਕੁਆੜ।
ਜਿੰਦਰਾ ਦਿਤਾ ਠੋਕ ਸੀ, ਸਿੰਘ ਕਿਲਿਉਂ ਜਾਣ ਨਾ ਬਾਹਰ।
ਮੋਰੀ ਕਿਲੇ ਦੀ ਵੇਖ ਕੇ, ਘੋੜੇ ਲੈ ਗਏ ਸਿੰਘ।
ਬਾਹਰ ਗਏ ਕਿਲੇ ਦੇ, ਨੰਦ ਸਿੰਘ ਰਿਹਾ ਸੀ ਬਿੰਦ।
ਲੰਘਦਾ ਮੋਰੀ ਉਹ ਸੀ, ਕਿਸੇ ਦਿਤਾ ਪੱਥਰ ਮਾਰ।
ਮਰਿਆ ਹੋਸੀ ਉਹ ਜੋ, ਮੋਰੀ ਦੇ ਵਿਚਕਾਰ।
ਇਕ ਅਤਰ ਸਿੰਘ ਸੀ ਜਾਂਵਦਾ, ਸਿੰਘਾਂ ਤੋਂ ਹੋ ਵੱਖ।
ਉਹਨੂੰ ਮਾਰਿਆ ਜੱਟਾਂ ਨੇ, ਖੇਤੀ ਦੇ ਰਾਹ ਝੱਟ।
ਦਿਤੀ ਮੈਂ ਤਲਾਹ ਫਿਰ, ਜਾ ਡੋਹਲੇ ਵਿਚਕਾਰ।
ਲਿਖਾਇਆ ਰਪਟ ਵਿਚ ਮੈਂ, ਮਿਸਲ ਵਿਚ ਸਰਦਾਰ।
ਦੋ ਲਿਖਾਏ ਮਰੇ ਮੈਂ, ਪਰ ਮਰੇ ਸੀ ਨੌਕਰ ਚਾਰ।
ਇਕ ਘੋੜੀ ਦੋ ਘੋੜੇ ਲੈ ਗਏ ਸਿੰਘ ਉਡਾਰ।
ਮੇਰੇ ਕਈ ਹੋਰ ਆਦਮੀ, ਫਟੜ ਕਰ ਗਏ ਸਿੰਘ।

ਉਹ ਰਪਟ ਮੇਂ ਨਾ ਲਿਖੀ, ਦਸੀ ਬਾਗੀ ਉਂਜ।
ਗਲ ਪਲਾ ਪਾ ਆਖਦਾ, ਬਦਨ ਸਿੰਘ ਸਰਦਾਰ।
ਮੈਨੂੰ ਬਖਸ਼ੋ ਗੁਰੂ ਜੀ, ਮੈਂ ਹਾਂ ਔਗਣ ਹਾਰ।
ਏਨੇ ਨੂੰ ਸੀ ਆ ਗਿਆ ਕਾਵਨ ਜੋ ਅੰਗ੍ਰੇਜ਼।
ਦੇਖ ਕੇ ਉਹ ਸਤਿਗੁਰਾਂ ਨੂੰ, ਹੋ ਗਿਆ ਓ ਸੀ ਤੇਜ਼।

★

ਮਿਸਟਰ ਕਾਵਨ ਸਰਦਾਰ ਦੇ ਕਿਲੇ ਵਿਚ

ਸਤਗੁਰੂ ਜੀ ਕਿਲੇ ਵਿਚ ਨੇ, ਬਦਨ ਸਿੰਘ ਪਾਸ ਸਰੇਦਾ ਰ।
ਅੰਗਰੇਜ਼ ਨੇ ਵੇਖਿਆ ਗੁਰਾਂ ਵਲ, ਦਿਲ ਭਰਿਆ ਹੰਕਾਰ।
ਪਹਿਲੇ ਉਠ ਸਰਦਾਰ ਨੇ, ਕੀਤਾ ਉਠ ਸਲੂਟ।
ਕੁਰਸੀ ਉਤੇ ਬੈਠਦਾ, ਗੋਰਾ ਉਹ ਕਸੂਤ।
ਪੁਛਦਾ ਬਦਨ ਸਿੰਘ ਨੂੰ, ਟੁਮ ਦਿਤੇ ਹਥਿਆਰ।
ਕੋਟਲੇ ਨੂੰ ਤੇਰੇ ਸਿੰਘ ਹੈਂ, ਤੂੰ ਹੈਂ ਮੱਦਦ ਗਾਰ।
ਬੁਚੜ ਮਾਰੇ ਕੋਟਲੇ, ਕਰਵਾਲੀ ਅਹਿਲਕਾਰ।
ਤੈਂ ਹੀ ਸਿੰਘਾਂ ਨੂੰ ਘਲਿਆ, ਤੂੰ ਸਿੰਘਾਂ ਦਾ ਯਾਰ।
ਮੈਂ ਪਤਾ ਬਟਾਵਾਂ ਟੁਮ ਕੋ, ਬਾਗੀ ਤੇਰੇ ਮਿਤ।
ਦੇਹ ਬਿਆਨ ਤੂੰ ਬਦਨ ਸਿੰਘ, ਸੁਚੀ ਗਲ ਕਰ ਇਕ।
ਕੰਬਣ ਲਗਾ ਬਦਨ ਸਿੰਘ, ਰਹੀ ਨਾ ਦਿਲ ਵਿਚ ਧੀਰ।
ਕਾਹਲੀ ਨਾਲ ਹੈ ਬੋਲਦਾ, ਅੱਖੀਂ ਚਲਿਆ ਨੀਰ।
ਹਥਿਆਰ ਮੰਗੇ ਮੈਂ ਨਾ ਦਿਤੇ, ਦਿਤੇ ਉਸ ਬਿਆਨ।
ਮਾਰੇ ਮੇਰੇ ਨੌਕਰਾਂ, ਛੇ ਸਤ ਸਿੰਘ ਜਵਾਨ।
ਤਿੰਨ ਦਿਤੇ ਹਨ ਮਾਰ ਜੋ, ਬਾਕੀ ਥਾਣੇਦਾਰ।
ਚਾਰ ਕੀਤੇ ਸਿੰਘ ਫਟੜ ਮੈਂ, ਉਹ ਸਿੰਘ ਲੈ ਗਏ ਨਾਲ।
ਸਿੱਧੂ ਮੈਂ ਸਰਦਾਰ ਹਾਂ, ਬਰਾੜ ਗੋਤ ਦਾ ਜੱਟ।
ਮਾਰਨ ਅਤੇ ਮਰਨ ਤੇ, ਸਿੱਧੂ ਡਾਢੇ ਪੱਟ।

ਹਠੀ ਸਿਧੂ ਨੇ ਬੜੇ ਹੀ, ਲੜਣ ਨਾ ਕਰਦੇ ਕੰਡ।
ਜਿੰਦ ਜਾਏ ਹਠ ਨਾ ਛਡਦੇ, ਮਿਰਚਾਂ ਨੂੰ ਆਖਣ ਖੰਡ।
ਮੈਂ ਰਜਤ ਸਰਕਾਰ ਦੀ, ਹਾਂਗਾ ਤਾਬੇਦਾਰ।
ਬਾਗੀਆਂ ਨਾਲ ਨਾ ਸਾਂਝ ਹੈ, ਨਾ ਮੈਂ ਮਦਦਗਾਰ।
ਮਿਸਟਰ ਕਾਵਨ ਗਲ ਸੁਣ, ਆਖੇ ਔਲ ਰੈਟ।
ਤੂੰ ਵਫਾਦਾਰ ਅੰਗਰੇਜ ਦਾ, ਬੜਾ ਅੱਛਾ ਗੁਡਨਾਈਟ।
ਫਿਰ ਗੋਰਾ ਪੁਛੇ ਗੁਰਾਂ ਨੂੰ, ਬੜੀ ਹਲੀਮੀ ਨਾਲ।
ਗਦਟ ਰੂਇਨ ਸਿੰਘ ਕੋਟਲੇ, ਘੱਲੇ ਸਿੰਘ ਤੁਸੀਂ ਸਖਾਲ।
ਦਸੋ ਤੁਸੀਂ ਗੁਰੂ ਜੀ, ਕਦ ਆਏ ਪਾਸ ਸਰਦਾਰ।
ਹਥਿਆਰ ਦਵਾਏ ਤੁਸੀਂ ਆਣਕੇ, ਕੀਤੇ ਸਿੰਘ ਤਿਆਰ
ਤੋਰੇ ਸਿੰਘ ਤੁਸੀਂ ਕੋਟਲੇ, ਮਲੌਦ ਤੇ ਲੈ ਹਥਿਆਰ।
ਤੁਸਾਂ ਨੇ ਸੀ ਆਖਿਆ, ਬੁਚੜ ਕਰ ਦਿਉ ਪਾਰ।
ਬਾਗੀ ਤੁਸੀਂ ਅੰਗਰੇਜ ਤੇ, ਜਾਣੇ ਸਭ ਜਹਾਨ।
ਅੰਮ੍ਰਿਤਸਰ ਤੇ ਰਾਇਕੋਟ, ਕਰਾਏ ਕਤਲੇਆਮ।
ਸੁਪਨੇ ਲਵੋ ਤੁਸੀਂ ਰਾਜ ਦੇ, ਰਾਜ ਕਰਨ ਅੰਗਰੇਜ।
ਗ੍ਰਿਫਤਾਰ ਕਰ ਤੁਸਾਂ ਨੂੰ, ਦੇਣ ਬਿਦੇਸ਼ਾਂ ਭੇਜ।
ਭਾਰਤ ਰਾਜ ਅੰਗਰੇਜ ਕਰਨ, ਰਹਿਣ ਸਦਾ ਅਟੱਲ।
ਗਦਰ ਪਾਉਣ ਵਿਚ ਦੇਸ਼ ਦੇ, ਇਹ ਨਹੀਂ ਚੰਗੀ ਗਲ।
ਹਸੇ ਗੁਰੂ ਜੀ ਗਲ ਸੁਣ, ਕਰਦੇ ਆਪ ਬਿਲਾਸ।
ਬਿਸ਼ਨ ਸਿੰਘ ਮਲੌਦ ਦਾ, ਇਹੋ ਹੈ ਇਤਿਹਾਸ।

★

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਅੰਤਰਜਾਮੀ ਪਾਤਸ਼ਾਹ, ਦੀਨ ਦਇਆਲ ਕ੍ਰਿਪਾਲ।
ਕਰਨ ਕਰਾਵਨ ਸਮਰਥ ਗੁਰੂ, ਕਰਦੇ ਬਚਨ ਰਸਾਲ।
ਮੈਂ ਬਾਗੀ ਨਹੀਂ ਬਾਗੀ ਅੱਜ ਤੋਂ, ਬਨਾਵਾਂ ਕੁਲ ਜਹਾਨ

ਭਾਰਤ ਕਰਨ ਅਜਾਦ ਉਹ, ਦੇਖੇ ਸਭ ਹਿੰਦੁਸਤਾਨ।
ਅੰਮ੍ਰਿਤਸਰ ਤੇ ਰਾਇਕੋਟ, ਸਿੰਘਾਂ ਬੁਚੜ ਮਾਰੇ ਜਾ।
ਉਹ ਸਾਰੇ ਤੁਸੀਂ ਪਕੜ ਕੇ ਦਿਤੇ ਫ਼ਾਂਸੀ ਲਾ।
ਸੂਬਾ ਗਿਆਨੀ ਸਿੰਘ ਜੀ, ਰਤਨ ਸਿੰਘ ਸਰਦਾਰ।
ਬਦੋਸ਼ੇ ਫਾਂਸੀ ਲਾਏ ਨੇ. ਉਹ ਨਹੀਂ ਸੀ ਕਾਤਲਾਂ ਨਾਲ
ਸਰਦਾਰਾ ਸਿੰਘਾਂ ਨੂੰ ਜੋਸ਼ ਹੋਏ, ਹੀਰਾ ਸਿੰਘ ਦਲੇਰ।
ਮਸਤਾਨੇ ਸਿੰਘਾਂ ਨਾਲ ਉਹ, ਗਿਆ ਕੋਟਲੇ ਫੇਰ।
ਰਪਟ ਦਿਤੀ ਲੱਖਾ ਸਿੰਘ ਨੇ, ਲੁਧਿਆਣੇ ਪਾਸ ਸੀ ਜਾ
ਦੋ ਸੂਬੇ ਕੀਤੇ ਗ੍ਰਿਫਤਾਰ, ਦਿਤ ਜੇਲ ਵਿਚ ਪਾ।
ਰਾਜ ਤਾਜ ਦੀ ਲੋੜ ਨੂੰ, ਕਰਦੇ ਨਹੀਂ ਪਸਿੰਦ।
ਇਕੋ ਵਤਨ ਪਿਆਰ ਹੈ, ਅਜਾਦ ਕਰਨੀ ਹੈ ਹਿੰਦ।

★

ਮਿਸਟਰ ਕਾਵਨ

ਗੁਰੂ ਜੀ ਮੈਂ ਹਾਂ ਜਾਣਦਾ, ਗਦਰ ਪਵਾਇਆ ਆਪ।
ਸਿੰਘ ਘਲੇ ਟੂਮ ਕੋਟਲੇ, ਮੈਂ ਜਾਣਾ ਕਰਨ ਮਿਲਾਪ।
ਮੈਂ ਚਲਿਆ ਹਾਂ ਕੋਟਲੇ, ਗੋਰਾ ਕਰ ਸਲੂਟ।
ਬਚਨ ਕਰੇ ਸੀ ਗੁਰਾਂ ਨਾਲ, ਮਲੋਦ ਕਿਲੇ ਵਿਚ ਖੂਪ।

**

ਸਤਿਗੁਰੂ ਰਾਮ ਸਿੰਘ ਜੀ ਤੇ ਸੂਬੇ

ਗੁਰੂ ਜੀ ਤੁਰੇ ਮਲੋਦ ਤੋਂ, ਆਏ ਪਿੰਡ ਸਿਆੜ।
ਘਰ ਭਾਈ ਲਾਲ ਸਿੰਘ ਦੇ, ਬੈਠੇ ਸਨ ਰਹੇ ਤਾੜ।
ਤੋਪਾਂ ਕੜਕੀਆਂ ਕੋਟਲੇ, ਕਿਹਾ ਗੁਰੂ ਜੀ ਵਾਕ।
ਭਾਈ ਕਾਹਨ ਸਿੰਘ ਦੇਖ ਤੂੰ; ਤੋਪਾਂ ਦਾ ਖੜਕ ਕ।
ਖਾਲ਼ੀ ਤੋਪਾਂ ਚਲਦੀਆਂ, ਜਾਂ ਹਨ ਭਰਮਾਰ।

ਹੁੰਦੇ ਸਿੰਘ ਸ਼ਹੀਦ ਨੇ, ਸੁਣਕੇ ਕਰੀਂ ਵਿਚਾਰ।
ਕਾਹਨ ਸਿੰਘ ਆਖੇ ਗੁਰੂ ਨੂੰ, ਭਰਮੇ ਹੁੰਦੇ ਫੇਰ।
ਹੁੰਦੇ ਸਿੰਘ ਸ਼ਹੀਦ ਨੇ, ਫੇਰ ਨਾ ਚਲਦੇ ਗੇਰ।
ਭਾਈ ਲਾਲ ਸਿੰਘ ਹੈ ਘਲਕੇ, ਕਹਿੰਦੇ ਕੋਟਲਾ ਵੇਖ।
ਹੁੰਦੇ ਸਿੰਘ ਸ਼ਹੀਦ ਨੇ, ਨਾਲ ਹੌਂਸਲਾ ਦੇਖ।
ਸ੍ਰੀ ਸਤਿਗੁਰੂ ਰਾਮ ਸਿੰਘ, ਕੀਤਾ ਜਲ ਦੁਧ ਪਾਨ।
ਰੋਹੀ ਵਿਚ ਸਿਆੜ ਦੇ, ਕੀਤਾ ਜਲ ਇਸ਼ਨਾਨ।
ਖੇਤ ਅਕਾਲ ਬੁਰ ਆਖਦੇ, ਬੈਠੇ ਗੁਰੂ ਅਕੰਤ।
ਨਿਤ ਨੇਮ ਕਰ ਗੁਰੂ ਜੀ, ਅਰਦਾਸਾ ਕੀਤਾ ਅੰਤ।
ਸਤਿਗੁਰੂ ਪਿੰਡ ਸਿਆੜ ਤੋਂ, ਆਏ ਭੈਣੀ ਸਾਹਿਬਚਲ
ਲਾਲ ਸਿੰਘ ਨੇ ਵੇਖਿਆ, ਦਸੀ ਸੀ ਸਾਰੀ ਗਲ।

ਨੋਟ—ਭਾਈ ਲਾਲ ਸਿੰਘ ਜੀ ਸਿਆੜ ਦੇ ਸਨ ਇਹ ਜਟ ਭੇਸ ਧਾਰ ਕੇ ਘੋੜੀ ਤੇ ਅਸਵਾਰ ਹੋਕੇ, ਮਲੇਰ ਕੋਟਲੇ ਦੇ ਕਲਰ ਵਿਚ ਸਿੰਘਾਂ ਨੂੰ ਸ਼ਹੀਦ ਹੁੰਦਾ ਵੇਖਦੇ ਰਹੇ ਇਕ ਦੂਜੇ ਤੋਂ ਅਗੇ ਵਧ ਵਧ ਜੈਕਾਰੇ ਬੋਲ ਬੋਲ ਕੇ ਆਪੇ ਆਕੇ ਤੋਪ ਦੇ ਮੂਹਰੇ ਖੜਦੇ ਸੀ ਸਤ ਫੇਰ ਇਕ ਵਾਰ ਹੁੰਦੇ ਸਨ ਸਿੰਘ ਵੀ ਸਤ ਸ਼ਹੀਦ ਹੋ ਜਾਂਦੇ ਸਨ। ਜਿਹੜੇ ਸਿੰਘ ਕਲਰ ਵਿਚ ਬੈਠੇ ਸਨ, ਉਹ ਸਿੰਘਾਂ ਦੇ ਸ਼ਹੀਦ ਹੋਣ ਬਾਅਦ ਜੈਕਾਰਾ ਬੁਲਾਉਂਦੇ ਸਨ। ਬਹੁਤ ਸਾਰੇ ਲੋਕ ਹਿੰਦੂ ਮੁਸਲਮਾਨ ਆਸੇ ਪਾਸੇ ਖੜੇ ਸੀ।

★

ਮਸਤਾਨੇ ਸਿੰਘ ਕੋਟਲੇ ਦੇ ਕਲਰ ਵਿਚ

ਕਲਰ ਕੋਟਲੇ ਸ਼ਹਿਰ ਤੋਂ, ਨੌ ਸੌ ਕਰਮ ਮੈਦਾਨ।
ਜਮਾਲ ਪੁਰ ਪਿੰਡ ਪਾਸ ਹੈ, ਜਿਥੇ ਵਸਦੇ ਮੁਸਲਮਾਨ।

ਕਲਰ ਵਿਚ ਕੋਈ ਰੁਖ ਨਹੀਂ, ਫੌਜੀ ਹੈ ਪਰੇਟ ਗਰਾਊਂਡ
ਕਵੈਦਾਂ ਕਰਦੇ ਰਾਤ ਦਿਨ, ਨਵੇਂ ਰੰਗਰੂਟ ਬਰਾਊਂਡ।
ਰੇਤ ਰੋੜ ਤੇ ਭਖੜਾ, ਰਤਨ ਜੋਤ ਚਮਕਾਰ।
ਬਿਸਖਪਰਾ ਤੇ ਲੇਲੜਾ, ਹਰਮਲ ਬੇਸ਼ੁਮਾਰ।
ਕਲਰ ਚੌੜਾ ਸਵਾ ਮੀਲ, ਰੋੜ ਤੇ ਧਰਤੀ ਭੱਖ।
ਜਦ ਹਨੇਰੀ ਚਲੇ ਜੋਰ ਦੀ, ਮਿਟੀ ਭਰਦੀ ਅੱਖ।
ਤੋਪਾਂ ਖੜੀਆਂ ਸਤ ਸਨ, ਫੌਜ ਪਰਤਲਾਂ ਚਾਰ।
ਵਕੀਲ ਫਰੰਗੀ ਡਾਕਦਾਰ, ਮੁਨਸ਼ੀ ਅਹਿਲਕਾਰ।
ਨੰਬਰਦਾਰ ਜਗੀਰਦਾਰ: ਗਭਰੂ ਬੁਢੇ ਬਾਲ।
ਪਿੰਡਾਂ ਤੋਂ ਆਏ ਜ਼ਿਮੀਂਦਾਰ, ਔਰਤਾਂ ਉਹਨਾਂ ਨਾਲ
ਸਤ ਅਠ ਸੌ ਬੰਦਾ ਪੁਲਸ ਦਾ, ਹਥਿਆਰ-ਬੰਦ ਜਵਾਨ
ਚਾਰ ਚੁਫੇਰੇ ਘੁੰਮਦੇ, ਤਲਵਾਰਾਂ ਹਥ ਖੇਠਾਨ।
ਮੇਮਾਂ ਬੁਰਕੇ ਵਾਲੀਆਂ, ਬੁਢੜੀ ਨਢੜੀ ਨਾਰ।
ਦੇਖਣ ਆਈਆਂ ਸਿੰਘਾਂ ਨੂੰ, ਰਹੀਆਂ ਪਾ ਦੀਦਾਰ।
ਜੈਨੀ, ਖਤਰੀ, ਭਾਵੜੇ, ਬਾਣੀਏ ਬ੍ਰਾਹਮਣ ਭੱਟ।
ਪੰਡਤ, ਜੋਤਸ਼ੀ, ਰਵਲੀਏ. ਆਰੀਆ ਸਮਾਜੀ ਨੱਟ।
ਚੁਕ ਚੁਕ ਵੇਖਣ ਅੱਡੀਆਂ, ਸਾਰੇ ਸਿੰਘਾਂ ਵੱਲ।
ਸਿੰਘ ਮਰਨਗੇ ਹਸ ਕੇ, ਜਾਂ ਜਾਣਗੇ ਟੱਲ।
ਗਡੇ ਸਿੰਘਾਂ ਦੇ ਆ ਗਏ, ਕਲਰ ਵਿਚ ਤਮਾਸ਼ਾ।
ਰਸੇ ਖੋਹਲੇ ਹਥਾਂ ਤੋਂ, ਗਡਿਓਂ ਲਾਹੇ ਆਣ।
ਧਰਤੀ ਉਤੇ ਬਿਠਾ ਦਿਤੇ, ਕਲਰ ਦੇ ਸੀ ਵਿਚ।
ਪਹਿਰੇ ਦੇਂਦੇ ਆਣਕੇ, ਪੁਲਸੀਏ ਲੋਕ ਘੁਮਿਣ।
ਪਾਣੀ ਨਾ ਦੇਂਦੇ ਪੀਣ ਉਹ, ਕਰਨ ਨਾ ਦੇਣ ਪੇਸ਼ਾਬ।
ਘੂਰ ਸਿੰਘਾਂ ਨੂੰ ਦੇਖਦੇ, ਪੁਲਸੀਏ ਤੁਰਕ ਖਰਾਬ।
ਪੜ੍ਹਦੇ ਸਿੰਘ ਸ਼ਬਦ ਸਨ, ਗੁਰਬਾਣੀ ਨੂੰ ਗਾ।
ਉਚੀ ਉਚੀ ਆਖਦੇ, ਮੁਹਿ ਮਰਨੇ ਕਾ ਚਾਉ।

ਬਿਕਰਮ ਉਨੀ ਅਠਾਈ ਸੀ, ਮਾਘ ਮਹੀਨਾ ਪੰਜ।
ਪੌਣ ਠੰਢੀ ਸੀ ਚਲਦੀ, ਕਰਦਾ ਪਾਲਾ ਤੰਗ।
ਅਠਾਰਾਂ ਸੌ ਸੀ ਈਸਵੀ, ਬਹੱਤਰਾ ਹੈ ਸੀ ਸਾਲ।
ਸੌਲਾ ਹੈ ਸੀ ਜਨਵਰੀ, ਹੈਸੀ ਰੁਤ ਸਿਆਲ।
ਮਥੇ ਖਿੜੇ ਸਨ ਸਿੰਘਾਂ ਦੇ, ਭਾਣੇ ਵਿਚ ਆਨੰਦ।
ਲਾਲੀਆਂ ਮਥੇ ਵਿਚ ਸਨ, ਪਾਵਣ ਪਰਮਾਨੰਦ।
ਤੋਪਾਂ ਤਾਈਂ ਵੇਖ ਕੇ, ਨਿਰਭੈ ਸਿੰਘ ਅਡੋਲ।
ਸਿੰਘ ਨਾ ਡਰਦੇ ਮੌਤ ਤੋਂ, ਰਹੇ ਜੈਕਾਰੇ ਬੋਲ।

★

ਕੋਟਲੇ ਦੀ ਜਨਤਾ ਕਲਰ ਵਿਚ

ਢੋਲ ਵਜਾ ਕੇ ਦਸਿਆ, ਵਿਚ ਕੋਟਲੇ ਬੋਲ।
ਵੇਖੋ ਤੋਪਾਂ ਚਲਦੀਆਂ, ਜਾਵੋ ਕਲਰ ਕੋਲ।
ਬਾਗੀ ਕੂਕੇ ਮਾਰਨੇ, ਤੋਪਾਂ ਸੱਤਾਂ ਨਾਲ।
ਵੇਖੋ ਤਮਾਸ਼ਾ ਆਣ ਕੇ, ਬੁਢੇ ਗਭਰੂ ਬਾਲ।
ਸੁਣਕੇ ਸਾਰੇ ਸ਼ਹਿਰ ਦੇ, ਆਏ ਮੁਸਲਮਾਨ।
ਤਹਿਮਤ ਲੱਕੀਂ ਬੰਨ ਤੁਰੇ, ਹਾਫਜ਼ ਕਈ ਕੁਰਾਨ।
ਬਸਮੇਂ ਦਾਹੜੀ ਲਾਏ ਕੇ, ਤਸ਼ਵੀਆਂ ਉਨਾਂ ਦੇ ਹਥ।
ਹਦੀਸਾਂ ਕੱਛੀਂ ਉਹਨਾਂ ਦੇ, ਗੱਲਾਂ ਕਰਦੇ ਹੱਸ।
ਮਜੌਰ ਮਲੰਗ ਤੈ ਖੁਸਰੇ, ਰੰਤ ਜਾਤ ਅਲਬੇਲ।
ਮੋਚੀ, ਕਾਲੀ, ਪੋਸ ਜੋ, ਗੁਜਰ, ਤੇਲੀ ਤੇਲ।
ਆਏ ਲੰਗੇ, ਭੈਂਗੜੇ, ਕਾਣੇ ਟੁੰਡੇ ਚੱਲ।
ਹਸ ਹਸ ਗੱਲਾਂ ਕਰਨ ਉਹ, ਵੇਖਕੇ ਸਿੰਘਾਂ ਵਲ।
ਘੁਟ ਘੁਟ ਮੂਹ ਨੂੰ ਲਾ ਤੁਰੇ, ਤੁਰਕਾਂ ਨੂੰ ਸੀ ਚਾ।
ਮਰਦੇ ਵੇਖੋ ਸਿੰਘਾਂ ਨੂੰ, ਤਮਾਸ਼ਾ ਕਹਿਣ ਬੁਲਾ।
ਗਲਾਂ ਕਰਦੇ ਹਸਦੇ, ਮੂਰਖ ਕਈ ਗਵਾਰ।

ਮਰਨਾਂ ਸਿੰਘਾਂ ਦਾ ਦੇਖਕੇ, ਹਸਦੇ ਤੁਰਕ ਮਕਾਰ।
ਕਈ ਆਖਦੇ ਸਿੰਘ ਇਹ, ਸੜਣਗੇ ਵਾਂਗ ਪਤੰਗ।
ਕਈ ਆਖਦੇ ਤੁਰੇ ਸਨ, ਘਰ ਤੋਂ ਮੌਤ ਨੂੰ ਮੰਗ।
ਸੂਰਜ ਗਿਆ ਢਲ ਸੀ, ਲਾਲੀ ਹੋਈ ਅਕਾਸ਼।
ਹਨੇਰ ਗਵਾਰ ਸੰਸਾਰ ਵਿਚ, ਬ੍ਰਹਿਮੰਡ ਦਿਸੇ ਉਦਾਸ।
ਤੋਪਾਂ ਸਤ ਸਨ ਬੀੜੀਆਂ, ਅੰਗਰੇਜ ਸੀ ਅਹਿਲਕਾਰ।
ਖਲਕਤ ਸਿੰਘਾਂ ਵਲ ਤਕਦੀ, ਉਥੇ ਕਈ ਹਜ਼ਾਰ।
ਕਾਵਨ ਗੰਰਾ ਵੇਖਦਾ, ਵਲ ਸਿੰਘਾਂ ਚੋ ਆ।
ਜੈਕਾਰਾ ਬੋਲਿਆ ਸਿੰਘਾਂ ਨੇ, ਦਿਤਾ ਤਵਕ ਹਿਲਾ।
ਏਧਰ ਉਧਰ ਤਕਦਾ, ਘੁੰਮ ਘੁੰਮ ਕੇ ਅੰਗਰੇਜ਼।
ਨਿਰਭੈ ਬੈਠੇ ਸਿੰਘ ਸਨ, ਮਸਤਾਨੇ ਰੰਗ ਸੀ ਤੇਜ।
ਸੀਟੀ ਮਾਰ ਕੇ ਆਖਦਾ, ਫੌਜੀਆਂ ਤਾਈਂ ਪੁਕਾਰ।
ਗੋਲੇ ਪਾਵੋ ਤੋਪ ਵਿਚ, ਜਲਦੀ ਕਰੋ ਤਿਆਰ।
ਬਾਗੀ ਕੂਕੇ ਸਿੰਘਾਂ ਦੇ, ਬੰਨੋ ਪੁਠੇ ਹਥ।
ਫੇਰ ਬੰਨ ਦਿਉ ਤੋਪ ਨਾਲ, ਰਸੇ ਕੁੰਡੇ ਕੱਸ।
ਬਾਗੀ ਭਰੇ ਨੇ ਜੋਸ਼ ਦੇ, ਦੇਵੋ ਜਲਦੀ ਠਾਰ।
ਪਹਿਲੇ ਮਾਰੋ ਸਤ ਸਿੰਘ ਬੰਨ ਕੇ ਤੋਪਾਂ ਨਾਲ।
ਇਹ ਜੋਸ਼ੀਲੇ ਸਿੰਘ ਨੇ, ਗਰਜ ਰਹੇ ਨੇ ਸ਼ੇਰ।
ਗੋਲੇ ਮਾਰ ਉਡਾ ਦਿਉ, ਕਰੋ ਰਤਾ ਨਾ ਦੇਰ।
ਗੋਰੇ ਦੀ ਇਹ ਗਲ ਸੁਣ, ਆਖੇ ਜਥੇਦਾਰ।
ਹੀਰਾ ਸਿੰਘ ਆਖੇ ਬਿਲਿਆ, ਮਰਨਾ ਮੜਕਾਂ ਨਾਲ।

★

ਸ: ਹੀਰਾ ਸਿੰਘ ਜੀ

ਹੱਥ ਨਾ ਲਾਇਓ ਅਸਾਂ ਨੂੰ, ਹਿੰਦੂ ਤੇ ਮੁਸਲਮਾਨ।
ਖੜਾਂਗੇ ਆਪੇ ਆਣਕੇ, ਤੋਪਾਂ ਵਿਚ ਨਿਸ਼ਾਨ।

ਮਰਨਾ ਸਿਖਿਆ ਮੁਢ ਤੋਂ, ਗੁਰੂ ਦਸਵੇਂ ਦੇ ਸਿੰਘ।
ਪਿਠ ਨਾ ਕਰਨੀ ਮੌਤ ਵੇਖ, ਪਾਉਣਾ ਨਹੀਂ ਹੈ ਵਿੰਗ
ਮਰਾਂਗੇ ਅਪੇ ਆਣ ਕੇ, ਤੋਪਾਂ ਵਲ ਛਾਤੀ ਤਾਣ।
ਸਾਨੂੰ ਹੌਂਸਲਾ ਮਰਨ ਦਾ; ਸਿੰਘਾਂ ਦਾ ਹੈ ਤਾਨ।
ਅਸੀਂ ਚਰਖੜੀ ਚੜ੍ਹਦੇ ਹਸਕੇ, ਜਲਾਦਾਂ ਦੀ ਸਹੀ ਮਾਰ
ਸਿਰਾਂ ਤੇ ਚਲੀਆਂ ਰੰਬੀਆਂ, ਹਾਂ ਲੈਂਦੇ ਅਸੀਂ ਸਹਾਰ।
ਦੇਗ ਵਿਚ ਹਾਂ ਉਭਲੇ, ਆਰੇ ਚਲੇ ਨੇ ਸੀਸ।
ਕਟੇ ਅੰਗ ਅੰਗ ਹਸਦੇ, ਬੱਟੀ ਅਸਾਂ ਨਾ ਚੀਸ।
ਪੁਠੀ ਲੁਹਾਈ ਖਲ ਹੈ, ਜਾਲਮ ਜਦੋਂ ਜਲਾਦ।
ਅਸੀਂ ਹਾਂ ਪਾਂਧੀ ਧਰਮ ਦੇ, ਮਰਨ ਦਾਬੜਾ ਸਾਵਦ।
ਫਾਂਸੀਆਂ ਉਤੇ ਝੂਟਦੇ, ਗਲ ਵਿਚ ਪਾ ਕੇ ਹਾਰ।
ਚੂੰ, ਚਾਂ, ਨਾ ਕੀਤੀ ਮੌਤ ਵੇਖ, ਮੌਤ ਨੂੰ ਕੀਤਾ ਪਿਆਰ।
ਸੀਖਾਂ ਅੱਗ ਵਿਚ ਤਤੀਆਂ, ਲੈਂਦੇ ਝੱਲ ਸਰੀਰ।
ਸੰਗਦੇ ਕਦੇ ਨਾ ਮੌਤ ਤੇ, ਸ਼ਹੀਦ ਸਿੰਘ ਜੋ ਬੀਰ।
ਖਫਨ ਬੰਨਿਆ ਸੀਸ ਤੇ, ਫ਼ਿਰ ਮਰਨ ਤੇ ਕਾਹਦੀ ਸੰਗ
ਵਢ ਸਿਰ ਰਖੇ ਤਲੀ ਤੇ, ਇਕੋ ਧਰਮ ਦੀ ਮੰਗ।
ਪੀਤੀ ਗੁੜਤੀ ਮਰਨ ਦੀ, ਅਸੀਂ ਦਸਵੇਂ ਗੁਰੂ ਦੇ ਸ਼ੇਰ
ਕਰਨਾ ਵਤਨ ਅਜ਼ਾਦ ਹੈ, ਕਲ ਜਾਂ ਅਜ ਸਵੇਰ।
ਤੇਰੀਆਂ ਤੋਪਾਂ ਬਿਲਿਆ, ਕਰ ਨਾ ਸਕਣ ਫੇਰ।
ਗੋਲੇ ਬੰਨ੍ਹ ਤੇ ਬਿਲਿਆਂ ਬੰਨੇ ਕਲਾ ਦੇ ਗੇਰ।
ਹੀਰਾ ਸਿੰਘ ਨੇ ਆਖਿਆ, ਸੁਣ ਓਏ ਬਿਲਿਆ ਗੱਲ।
ਮੂਹਰੇ ਤੋਪ ਦੇ ਮੈਂ ਖੜਾਂ, ਤੂੰ ਫੇਰ ਕਰ ਮੇਰੇ ਵਲ।
ਪਟਿਆਲੇ ਵਾਲੀ ਤੋਪ ਵੇਖ, ਹੀਰਾ ਸਿੰਘ ਖੜਦਾ ਜਾ।
ਉਥੇ ਸਿਖ ਸਰਦਾਰ ਨੇ ਤੋਪਚੀ, ਬੋਲੇ ਸਿੰਘ ਸੁਣਾ।
ਮਾਰ ਨਿਸਾਨਾ ਤੋਪ ਦਾ, ਮੇਰੇ ਉਤੇ ਇਕ।
ਗੋਲਾ ਮਾਰੀ ਵਿੰਨ ਕੇ, ਮਰਨੇ ਦੀ ਹੈ ਸਿੱਕ।

ਫਿਰ ਗੋਲਾ ਪਾਇਆ ਤੋਪਚੀ, ਉਹਨੇ ਦਿਤੀ ਕਲਾ ਹਿਲਾ।
ਨਾ ਗੋਲਾ ਚਲਿਆ ਤੋਪ ਚੋਂ, ਗਇਆ ਪਲੀਤਾ ਫੋਕ।
ਜੈਕਾਰੇ ਬੋਲੇ ਪੰਜ ਸਿੰਘ, ਸੁਣਦੇ ਸਾਰੇ ਲੋਕ।
ਚਲੀ ਤੋਪ ਨਾ ਸਿੰਘ ਤੇ, ਦਿਤਾ ਗੋਲਾ ਠੋਕ।
ਨਾਭੇ ਦੀ ਫਿਰ ਤੋਪ ਵੇਖ, ਹੀਰਾ ਸਿੰਘ ਸਰਦਾਰ।
ਸਿਖ ਫੌਜੀਆਂ ਨੂੰ ਆਖਦਾ, ਮੈਂ ਖੜਾ ਤੂੰ ਮਾਰ।
ਉਨਾਂ ਦੇਖੀ ਕਲਾ ਹਿਲਾਕੇ, ਉਹ ਵੀ ਨਾ ਚਲੀ ਤੋਪ।
ਕਾਵਨ ਗੋਰਾ ਵੇਖਦਾ, ਸਿੰਘਾਂ ਵਲ ਕਰੋਪ।
ਤੀਜੀ ਵਾਰ ਹੀਰਾ ਸਿੰਘ ਨੇ. ਆਖਿਆ ਸੀ ਲਲਕਾਰ
ਸੰਗਰੂਰਾਂ ਵਾਲੇ ਤੋਪ ਦੇ, ਸਿਖ ਸੀ ਅਹਿਲਕਾਰ।
ਉਨਾਂ ਨੂੰ ਆਖਿਆ ਸਿੰਘ ਨੇ, ਮਾਰੀ ਤੁਹਾਡੀ ਮੱਤ।
ਤੁਸੀਂ ਮਾਰਨ ਆਏ ਸਿੰਘਾਂ ਨੂੰ, ਤੋਪ ਨਾ ਚਲੇ ਸਕ।
ਫੇਰ ਮੈਨ ਨੇ ਤੋਪ ਦੀ, ਦਿਤੀ ਕਲਾ ਮਰੋੜ।
ਉਹ ਵੀ ਤੋਪ ਨਾ ਚਲੀ, ਦਿਤਾ ਹੰਕਾਰ ਸੀ ਰੋੜ੍ਹ।
ਆਖੇ ਹੀਰਾ ਸਿੰਘ ਜੀ, ਮੌਤ ਹੈ ਸਾਡੇ ਵਸ।
ਹੁਕਮ ਸਾਡੇ ਵਿਚ ਚਲਣਗੇ ਤੋਪਾਂ ਦੇ ਫੇਰ ਸੱਤ।
ਹੀਰਾ ਸਿੰਘ ਜੀ ਹਥ ਜੋੜ, ਹੋ ਗਏ ਅੰਤਰ ਧਿਆਨੁ।
ਖੜੇ ਮਸਤਾਨੇ ਉਠਕੇ. ਉਸ ਕਲਰ ਵਿਚ ਮੈਦਾਨ।
ਹੀਰਾ ਸਿੰਘ ਸ਼ਹੀਦੀ ਪਾਉਣ ਦੀ, ਸੋਧਣਗੇ ਅਰਦਾਸ।
ਛਾਤੀ ਤਾਣਕੇ ਖੜੇ ਸਿੰਘ, ਸਤ ਸਿੰਘ ਤੋਪਾਂ ਪਾਸ।

★

ਸਰਦਾਰ ਹੀਰਾ ਸਿੰਘ ਜੀ ਦੀ ਲਲਕਾਰ

ਹੀਰਾ ਸਿੰਘ ਆਖੇ ਬਿਲਿਆ, ਕਰੀ ਨਾ ਤੋਂ ਜੇਹੇਨ।
ਕਰ ਦਿਤੇ ਹੋਨ ਅਜ ਮੈਂ, ਝੂਠੇ ਗਲੱਤ ਕੇਹੇਨ।

ਜ਼ਾਲਮਾਂ ਤੂੰ ਨਹੀਂ ਸੋਚਿਆ, ਕਨੂੰਨੀ ਵੇਖ ਕਤਾਬ।
ਲਿਖਿਆ ਹੈਗਾ ਉਸ ਵਿਚ, ਦੋਸੀ ਦਾ ਹਿਸਾਬ।
ਜਿਸ ਦੋਸ਼ੀ ਦੀ ਤਿੰਨ ਵਾਰ, ਜਾਵੇ ਫਾਂਸੀ ਟੁਟ।
ਬਰੀ ਹੋ ਜਾਂਦਾ ਮੌਤ ਤੋਂ, ਜਾਵੇ ਫਿਰ ਉਹ ਛੁਟ।
ਅਸੀਂ ਤਾਂ ਮਰਨਾ ਧਰਮ ਹਿਤ, ਅਜ਼ਾਦ ਹੈ ਕਰਨਾ ਹਿੰਦ।
ਅਸੀਂ ਹੁਕਮ ਦਿਤਾ ਹੈ ਤੋਪ ਨੂੰ,ਕਢ ਲੈ ਸਾਡੀ ਜਿੰਦ।
ਅਸੀਂ ਵਪਾਰੀ ਧਰਮ ਦੇ, ਲੇਣੀ ਮੌਤ ਖਰੀਦ।
ਖੜਕੇ ਅਗੇ ਤੋਪ ਦੇ, ਹੋਣਾ ਅਸੀਂ ਸ਼ਹੀਦ।
ਹੀਰਾ ਸਿੰਘ ਜੀ ਜਥੇਦਾਰ, ਸਤ ਸਿੰਘ ਆਏ ਚੱਲ।
ਛਾਤੀਆਂ ਕਰੀਆਂ ਸਿੰਘਾਂ ਨੇ, ਮੂਹਰੇ ਤੋਪ ਦੇ ਖੱਲ।
ਦਰਸ਼ਨ ਦਿਤਾ ਗੁਰਾਂ ਨੇ, ਕਲਰ ਦੇ ਵਿਚ ਆਨ।
ਬਾਰਾਂ ਗੁਰੂ ਸ਼ਹੀਦ ਸਿੰਘ, ਵੇਖਣ ਸਿੰਘ ਅਸਮਾਨ।
ਹੁਕਮ ਦਿਤਾ ਸੀ ਸਤਿਗੁਰਾਂ, ਆਵੋ ਲਵੋ ਰਸੀਦ।
ਅਰਦਾਸ ਕਰਨਗੇ ਬਿਸ਼ਨ ਸਿੰਘ, ਹੋਣਗੇ ਸਿੰਘ ਸ਼ਹੀਦ।

★

ਇਕ ਬਾਲਕ

ਕਰਾਮਾਤ ਵੇਖ ਸਿੰਘ ਦੀ,ਗੋਰਾ ਲੈਂਦਾ ਉਂਦੀ ਧਾਰ।
ਸਿੰਘਾਂ ਤੇ ਜ਼ੁਲਮ ਕਰਨ ਨੂੰ, ਭਰਿਆ ਚਿਤ ਹੰਕਾਰ।
ਕੱਲਰ ਦੇ ਵਿਚ ਬਾਲ ਇਕ, ਹੈਸੀ ਜੋ ਪੰਜ ਸਾਲ।
ਸਮੁੰਦ ਖਾਂ ਦਾ ਪੁਤ ਸੀ, ਮਾਂ ਪਠਾਣੀ ਨਾਲ।
ਕਾਵਨ ਨੇ ਉਸ ਬਾਲ ਨੂੰ, ਦਿਤਾ ਜਾ ਪਿਆਰ।
ਉਹਨੂੰ ਕਾਵਨ ਆਖਦਾ, ਤੇਰਾ ਪਿਤਾ ਸਰਦਾਰ।
ਹੀਰਾ ਸਿੰਘ ਇਹ ਖੜਾ ਹੈ, ਮਾਰੀ ਜਿਸ ਤਲਵਾਰ।
ਮੈਂ ਹੁਣ ਮਾਰਾਂ ਇਸ ਨੂੰ, ਤੋਪ ਫੈਰ ਦੇ ਨਾਲ।
ਹੀਰਾ ਸਿੰਘ ਜੀ ਬਾਤ ਸੁਣ, ਆਏ ਸੀ ਬਾਲਕ ਕੋਲ।

ਕਹਿੰਦਾ ਗਜਕੇ ਬਿਲਿਆ, ਮੇਰਾ ਸੱਚਾ ਬੋਲ।
ਜਿਹੜੀ ਫੌਜ ਪਠਾਣ ਦੀ, ਤੇਲੀ ਜੁਲਾਹੇ ਜਾਤ।
ਡਰਾਕਲ ਤੇ ਕਮਜੋਰ ਦਿਲ, ਬੁਜਦਿਲ ਸੀ ਕਮਜ਼ਾਤ।
ਮੌਤ ਦੇਖ ਨਾ ਡਰਨ ਉਹ, ਗਾਜੀ ਬਣੇ ਪਠਾਣ।
ਮਰਦੇ ਆਕੇ ਜੰਗ ਵਿਚ, ਸਮੁੰਦ ਖਾਂ ਜਿਹੇ ਜਵਾਨ।
ਸਮੁੰਦ ਖਾਂ ਜਿਹਾ ਸੂਰਮਾ, ਹੋਰ ਨਾ ਕੋਈ ਦਲੇਰ।
ਇਕੋ ਫੌਜੀ ਉਹ ਸੀ, ਲੜਿਆ ਆਕੇ ਸ਼ੇਰ।
ਹੀਰਾ ਸਿੰਘ ਸਰਦਾਰ ਨੇ, ਦਿਤੇ ਰੁਪਈਏ ਚਾਰ।
ਬਾਲਕ ਤਾਈਂ ਪਿਆਰ ਦੇ, ਆਖਿਆ ਪਾਸ ਖਲੋ।
ਕਿਹਾ ਸਿੰਘ ਸਰਦਾਰ ਨੇ. ਆਟਾ ਲਾਵੋ ਸੇਰ।
ਪਿਨਸਲ ਦਿਉ ਇਸ ਬਾਲ ਨੂੰ, ਇਹ ਵੀ ਬਣੇ ਦਲੇਰ
ਕਾਵਨ ਨੇ ਇਹ ਗਲ ਸੁਣ, ਡਾਇਰੀ ਕੀਤਾ ਨੋਟ।
ਪਿਨਸਲ ਦਿਤੀ ਉਸਨੂੰ, ਭੇਜਿਆ ਸੀ ਰਾਇਕੋਟ।

—o—

ਮਸਤਾਨਿਆਂ ਨੇ ਸ਼ਹੀਦ ਹੋਣ ਦਾ ਅਰਦਾਸਾ ਕਰਨਾ

ਖੜੇ ਮਸਤਾਨੇ ਉਠ ਕੇ, ਸਾਰੇ ਟੋਪਾਂ ਕੋਲ।
ਗਲ ਵਿਚ ਪਲੇ ਪਾ ਲਏ, ਲਏ ਹਥ ਜੀ ਜੋੜ।
ਸ੍ਰੀ ਭਗਉਤੀ ਧਿਆਨ ਧਰ, ਗੁਰੂ ਨਾਨਕ ਨਾਮ ਧਿਆਏ
ਹੇ ਗੁਰੂ ਅੰਗਦ ਅਮਰਦਾਸ, ਦੇਵੋ ਦਰਸ਼ਨ ਆਏ।
ਰਾਮ ਦਾਸ ਸ੍ਰੀ ਗੁਰੂ ਜੀ, ਤੇਰੇ ਚੋਜ ਬੇਅੰਤ।
ਸ੍ਰੀ-ਗੁਰੂ ਅਰਜਨ ਦੇਵ ਜੀ, ਸ਼ਹੀਦਾਂ ਦੇ ਸਿਰ [illegible]
ਮਾਲਕ ਮੀਰੀ ਪੀਰੀ ਦੇ, ਸ੍ਰੀ ਗੁਰੂ ਹਰਿ ਗੋਬਿੰਦ।
ਬੀਰ ਰਸ ਦਾਤੇ ਆਪ ਹੋ, ਗੁਰ ਸਾਹਨ ਬਾਹੋ [illegible]
ਹਰਿ ਰਾਇ ਸਤਵੇਂ ਪਾਤਸ਼ਾਹ, ਸਾਨੂੰ ਦੇਹ [illegible]

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਬਖਸ਼ੋ ਬ੍ਰਹਮ ਗਿਆਨ।
ਤੇਗ ਬਹਾਦਰ ਗੁਰੂ ਜੀ, ਦੇਵੋ ਦਰਸ਼ਨ ਆ।
ਬਖਸ਼ੋ ਸਿਦਕ ਅਸਾਂ ਨੂੰ, ਲਈਏ ਸ਼ਹੀਦੀ ਪਾ।
ਸ੍ਰੀ ਗੁਰੂ ਗੋਬਿੰਦ ਸਿੰਘ, ਅੰਮ੍ਰਿਤ ਦੇਹ ਭੰਡਾਰ।
ਦਰਸ਼ਨ ਦੇਵੋ ਅਸਾਂ ਨੂੰ, ਸਾਹਿਬ ਜਾਦੇ ਚਾਰ।
ਪੰਜ ਪਿਆਰੇ ਗੁਰੂ ਕੇ, ਧਰਮੀ ਸਿੰਘ ਸ਼ਹੀਦ।
ਦਿਉ ਦਰਸ਼ਨ ਕੂਟਲੇ, ਮੰਗਦੇ ਖੜੇ ਮਰੀਦ।
ਸ੍ਰੀ ਗੁਰੂ ਬਾਲਕ ਸਿੰਘ ਜੀ, ਗਿਆਰਵਾਂ ਤੂੰ ਅਵਤਾਰ।
ਨਾਮ, ਜਪ, ਇਸ਼ਨਾਨ ਦੇ, ਦਿਤਾ ਸਾਨੂੰ ਤਾਰ।
ਅਕਾਲ ਪੁਰਖ ਗੁਰੂ ਰਾਮ ਸਿੰਘ, ਵਾਲੀ ਦੋ ਜਹਾਨ।
ਸੰਤ ਖਾਲਸੇ ਪੰਥ ਦਾ, ਮਾਲਕ, ਪਾਲਕ, ਜਾਨ।
ਹਠੀ, ਤਪੀ, ਸ਼ਹੀਦ ਸਿੰਘ, ਸਾਡੀ ਹੈ ਫਰਿਆਦ।
ਦੇਵੋ ਦਰਸ਼ਨ ਅਸਾਂ ਨੂੰ, ਕਰੀਏ ਕੋਟਲੇ ਯਾਦ।
ਸਾਡੀ ਇਹ ਮੰਗ ਹੈ, ਮੇਟੋ ਗਊਆਂ ਦਾ ਪਾਪ।
ਸੰਤ ਖਾਲਸੇ ਪੰਥ ਦਾ, ਦੇਵੋ ਕਰ ਪਰਕਾਸ਼,
ਬਾਰ ਬਾਰ ਹੈ ਬੇਨਤੀ, ਹੋਵੇ ਦੇਸ਼ ਅਜ਼ਾਦ।
ਫਰੰਗੀ ਰਹਿਣ [illegible] ਕਰੇ ਖਾਲਸਾ ਰਾਜ।
ਧਰਮ ਰਖਿਆ ਦੇਸ਼ ਹਿਤ, ਹੋਏ ਜੋ ਕੁਰਬਾਨ।
ਦਰਸ਼ਨ ਦੇਵੋ ਆਣ ਕੇ, ਕਰਦੇ ਤੇਰਾ ਧਿਆਨ।
ਚੌਰਾ ਸਿੰਘ ਅਰਦਾਸ ਕਰ, ਖੜੇ [illegible] ਪਾਸ।
ਦਰਸ਼ਨ ਦੇਵੋ ਸ਼ਹੀਦ ਸਿੰਘ, ਬਾਰਾਂ ਗੁਰ [illegible]।
ਸ੍ਰੀ ਗੁਰ ਅਰਜਨ ਦੇਵ ਜੀ, ਗੁਰ ਤੇਗ ਬਹਾਦਰ ਸੰਗ।
ਸ੍ਰੀ ਗੁਰ ਗੋਬਿੰਦ ਸਿੰਘ, ਸ਼ਹੀਦ ਸਿੰਘ ਫਰਜੰਦ।
ਸ੍ਰੀ ਸਤਿਗੁਰੂ ਰਾਮ ਸਿੰਘ, ਦਰਸ਼ਨ [illegible]।
[illegible] ਧਿਆਨ [illegible]।

ਸਤਾਂ ਸਿੰਘਾਂ ਨੇ ਸਤਾਂ ਤੋਪਾਂ ਅਗੇ ਖੜਨਾ

ਬੋਲੇ ਸੋ ਨਿਹਾਲ ਕਹਿ, ਸਤ ਸ੍ਰੀ ਅਕਾਲ।
ਤੋਪਾਂ ਕੋਲੇ ਆ ਖੜੇ, ਸਤ ਸਿੰਘ ਗੁਰਕੇ ਲਾਲ।
ਸਤ ਤੋਪਾਂ ਅਗੇ ਸਤ ਸਿੰਘ, ਖੜ ਗਏ ਛਾਤੀਤਾਣ।
ਬੋਚਣੇ ਗੋਲੇ ਹਿਕ ਤੇ, ਗੁਲਜਾਰੀ ਵਿਚ ਨਿਸ਼ਾਨ।
ਸਤੇ ਤੋਪਾਂ ਚਲੀਆਂ, ਕੱਠੀਆਂ ਇਕੋ ਵਾਰ।
*ਸਤੇ ਹੋਏ ਸ਼ਹੀਦ ਸਿੰਘ, ਹੀਰਾ ਸਿੰਘ ਜਥੇਦਾਰ।

ਗਿਆਨੀ ਕਾਹਲਾ ਸਿੰਘ ਜੀ ਦਾ ਲਿਖਤੀ ਸ਼ਹੀਦ ਬਿਲਾਸ

ਤੋਪਾਂ ਸੱਤ ਹੋਸਨ ਪਾਲੋ ਪਾਲ ਖੜੀਆਂ,
ਸਿੰਘ ਆਣ ਖੜੇ ਛਾਤੀ ਤਾਣ ਸੱਤੇ।
ਹੀਰਾ ਸਿੰਘ ਲਹਿਣਾ ਸਿੰਘ ਮਿਤ ਸਿੰਘ ਜੀ,
ਕਟਾਰ ਸਿੰਘ ਪਰਸਾ ਸਿੰਘ ਜਾਣ ਸਤੇ।
ਗੁਜਰ ਸਿੰਘ ਜੀ ਤੇ ਸਦਾ ਸਿੰਘ ਆਏ,
ਜੈਕਾਰੇ ਬੋਲ ਕੇ ਹੋਏ ਕੁਰਬਾਨ ਸਤੇ।
ਕਾਹਲਾ ਸਿੰਘ ਸ਼ਹੀਦ ਸੀ ਸਿੰਘ ਹੁੰਦੇ,
ਬੈਠੇ ਵਿਚ ਦੀਵਾਨ ਅਸਮਾਨ ਸਤੇ।
ਕਲਰ ਕੋਟਲੇ ਵਿਚ ਗੁਰੂ ਰਾਮ ਸਿੰਘ ਜੀ,
ਸ਼ਹੀਦਾਂ ਸਿੰਘਾਂ ਨੂੰ ਦਿਤਾ ਦੀਦਾਰ ਹੈ ਜੀ।

ਨੋਟ—ਨਾਮਧਾਰੀ ਇਤਿਹਾਸ ਦੀ ਰਵਾਇਤ ਹੈ, ਸਰਦਾਰ [illegible]
ਸਿੰਘ ਜੀ ਜਦ ਸ਼ਹੀਦ ਹੋ ਗਏ। ਤਿੰਨ ਵਾਰ ਉਹਨਾਂ ਦਾ ਸੀਸ [illegible]
ਲਗਕੇ, ਅਕਾਸ਼ ਵਲ ਅਕਾਲ ਅਕਾਲ ਕਰਕੇ ਜਾਂਦਾ [illegible]

ਮਾਈ ਛਿੰਦ ਕੌਰ ਦਸਿਆ ਦਾਸ ਤਾਈਂ,
ਤਾਂਹੀਂ ਲਿਖਿਆ ਕਲਮ ਪਸਾਰ ਹੈ ਜੀ।

ਕਵੀ

ਮਸਤਾਨੇ ਸਿੰਘਾਂ ਦੇ ਨਹੀਂ ਬਿਆਨ ਪੜ੍ਹੇ,
ਦਾਸਤਾਨ ਅੰਗਰੇਜ਼ਾਂ ਦੀ ਪੜ੍ਹ ਵੇਖੋ।
ਮਸਤਾਨਿਆਂ ਨਾਲ ਨਾ ਗੋਰਿਆਂ ਅਦਲ ਕੀਤਾ
ਸ਼ੇਰ ਪੁਰੇ ਠਾਣੇ ਤੇ ਰੜ ਵੇਖੋ।
ਵਿਚ ਕੋਟਲੇ ਕੀਤੇ ਸ਼ਹੀਦ ਸਾਰੇ,
ਗਏ ਤੋਪਾਂ ਅਗੇ ਸਿੰਘ ਖੜ ਵੇਖੋ।
ਭਾਰਤ ਦੇਸ਼ ਅਜ਼ਾਦੀ ਦੇ ਕਰਨ ਬਦਲੇ,
ਸ਼ਹੀਦ ਹੋਏ ਅਕਾਸ਼ ਤੇ ਚੜ੍ਹ ਵੇਖੋ।
ਦੇਸ਼ ਭਗਤਾਂ ਸਿੰਘਾਂ ਤੇ ਜ਼ੁਲਮ ਕੀਤਾ,
ਸਾਕਾ ਕੋਟਲੇ ਦਾ ਸਾਨੂੰ ਭੁਲਣਾ ਨਹੀਂ।
ਬਿਸ਼ਨ ਸਿੰਘ ਮਸਤਾਨੇ ਦੀਵਾਨਿਆਂ ਦਾ।
ਯਾਦਗਾਰ ਕਥਾ ਨੂੰ ਰੁਲਣਾ ਨਹੀਂ।

ਰਬਾਈ

ਨਹੀਂ ਆਸ਼ਕ ਸੰਗਦੇ ਮੌਤ ਤੋਂ, ਨਾ ਕਰਦੇ ਪਾਸਾ।
ਤੋੜੇ ਕਨੂੰਨ ਅੰਗਰੇਜ਼ ਦੇ, ਭੰਨ ਬੁਚੜ ਪਾਸਾ।
ਹਸ ਹਸ ਹੋਏ ਕੁਰਬਾਨ ਸੀ, ਜੋ ਵਤਨ ਪੁਜਾਰੀ।
ਮਰ ਮਿਟਦੇ ਨੇ ਧਰਮ ਤੇ, ਨਹੀਂ ਜਿੰਦ ਪਿਆਰੀ।
ਗੁਲਾਮੀ ਦੇ ਜ਼ੰਜੀਰ ਨੂੰ, ਸਿੰਘ ਸੁਟਣ ਲਾਹ ਕੇ।
ਮਸਤਾਨੇ ਹੀਰਾ ਸਿੰਘ ਜੀ: ਜਿੰਦ ਘੋਲ ਘੁਮਾ ਕੇ।
ਸ਼ਹੀਦਾਂ ਦਾ ਜਸ ਗਾਂਵਦੇ, ਕਵੀ ਸਿੰਘ ਜਹਾਦੀ।
ਜਿੰਦੇ ਰਹਿਣ ਸ਼ਹੀਦ ਸਿੰਘ, ਮੰਗ ਸਿਰ ਸਾਡੀ।

ਭਾਈ ਹਰਨਾਮ ਸਿੰਘ ਜੀ ਦਾ ਸ਼ਹੀਦ ਹੋਣਾ

ਬੈਂਤ

ਜਥਾ ਦੂਸਰਾ ਹੋਣ ਸ਼ਹੀਦ ਲੱਗਾ,
ਉਹਨਾਂ ਵਿਚ ਸੀ ਇਕ ਜਵਾਨ ਸੋਹਣਾ।
ਉਨੀ ਸਾਲ ਦੀ ਉਮਰ ਦੇ ਵਿਚ ਹੈਸੀ,
ਗੋਰਾ ਰੰਗ ਗੁਲਾਬ ਜਹਾਨ ਸੋਹਣਾ।
ਮੋਹਰ ਹਥ ਫੜਕੇ ਹਰਫ ਮੇਟ ਦਿੰਦਾ,
ਜੋਰਾਵਾਰ ਸੀ ਉਹ ਬਲਵਾਨ ਸੋਹਣਾ।
ਚੰਦ ਵਾਂਗ ਮਥਾ ਚਮਕਾਂ ਮਾਰਦਾ ਸੀ,
ਮਸਤਾਨਿਆਂ ਸਿੰਘਾਂ ਦੀ ਸੀ ਆਨ ਸ਼ਾਨ ਸੋਹਣਾ।
ਛਾਤੀ ਤਾਣ ਕੇ ਤੋਪ ਦੀ ਗੁਲਜ਼ਰੀ ਵਿਚ,
ਸ਼ਹੀਦ ਹੋਣ ਲਈ ਉਹ ਡਟ ਗਿਆ।
ਨੌਜਵਾਨ ਦੀ ਸੋਹਣੀ ਜਿਹੀ ਵੇਖ ਬਾਡੀ,
ਕਾਮਨ ਤੋਪਚੀ ਦਾ ਦਿਲ ਘਟ ਗਿਆ।੧।

[illegible]

ਕਾਮਨ ਬੋਲਦਾ ਨਿਆਣਿਆ ਭੁਲਿਆ ਤੂੰ,
ਦਿਸਦਾ ਸੋਹਣਿਆ ਨੌਜਵਾਨ ਜੱਟਾ।
ਲੱਕ ਕਛ ਨਾ ਕੜਾ ਹੈ ਹਥ ਤੇਰੇ,
ਕੰਘਾ ਸਿਰ ਤੇ ਨਹੀਂ ਕ੍ਰਿਪਾਨ ਜੱਟਾ।
ਕੰਨ ਮੁੰਦਰਾਂ ਗਲ ਦੇ ਵਿਚ ਕੈਂਠਾ,
ਪੱਗ ਸੰਭਲੇਦਾਰ ਹੈ ਸ਼ਾਨ ਜੱਟਾ।
ਤੇਰੀ ਕੂਕਿਆਂ ਨਾਲ ਨਾ ਸ਼ਾਨ ਮਿਲਦੀ,
ਅਲੜ੍ਹ ਜਾਪਦਾ ਤੂੰ ਅਣਜਾਣ ਜੱਟਾ।
ਗੋਲਾ ਤੋਪ ਦਾ ਚਕਨਾਚੂਰ ਕਰ ਦਊ,
ਬਾਗੀ ਕੂਕੇ ਜੋ ਮੌਤ ਖਰੀਦ ਰਹੇ ਨੇ।

ਹਟ ਜਾਹ ਪਿਛੇ ਦੌੜ ਜਾ ਜਲਦੀ,
ਮਸਤਾਨੇ ਸਿੰਘ ਅਜ ਹੋ ਸ਼ਹੀਦ ਰਹੇ ਨੇ ।੨।

ਤਥਾ

ਸੋਹਣੀ ਜਿੰਦੜੀ ਕਿਉਂ ਗਵਾਉਣ ਲੱਗਾ,
ਸਿੰਘਾਂ ਨਾਲ ਤੂੰ ਦਸ ਕੀ ਸੀਰ ਤੇਰੀ।
ਦਿਸਦਾ ਮਾਂ ਦਾ ਲਾਡਲਾ ਤੂੰ ਮੈਨੂੰ,
ਬਾਗੀਆਂ ਨਾਲ ਨਾ ਮਿਲੇ ਤਸਵੀਰ ਤੇਰੀ।
ਤੂੰਬੇ ੨ ਕਰ ਦੇਵੇਗੀ ਤੋਪ ਤੈਨੂੰ,
ਕਾਹਤੇ ਮਰਨ ਤੇ ਹੋਈ ਤਤਵੀਰ ਤੇਰੀ।
ਕਲਰ ਵਿਚ ਰੁਲੇ ਜੁਗਾਂ ਤੀਕ ਜਿੰਦੜੀ,
ਹਡ ਹਡ ਹੋ ਜਾਊ ਸਰੀਰ ਤੇਰੀ।
ਤੋਪ ਮਾਰ ਕੋਲੋਂ ਹਟ ਜਾਹ ਪਿਛੇ.
ਸਾਥ ਬਾਗੀਆਂ ਸਿੰਘਾਂ ਦਾ ਛਡ ਜਾ ਓਏ।
ਖਿਸ਼ਨ ਸਿੰਘ ਮਸਤਾਨਾ ਨਾ ਤੂੰ ਦਿਸਦਾ,
ਖਾਹਮਖਾਹ ਮਰਨਾ ਜਾਹ ਭਜ ਜਾ ਓਏ ।੩।

★

ਹਰਨਾਮੇ ਬੀਰ ਦੀ ਅਵਾਜ

ਮੇਰੀ ਛਾਤੀ ਤੋਪ ਦੇ ਸਾਹਮਣੇ,
ਮੈਨੂੰ ਚੜਿਆ ਮਰਨ ਦਾ ਚਾਅ
ਮੈਂ ਧਰਮ ਹੇਤ ਜਿੰਦ ਵਾਰਨੀ,
ਗਲੋਂ ਦੇਣੀ ਗੁਲਾਮੀ ਲਾਹ।
ਮੇਰੇ ਦੇਸ਼ ਵਿਚ ਗਊਆਂ ਮਾਰਦੇ,
ਫਰੰਗੀ ਰਹੇ ਨੇ ਪਾਪ ਕਮਾ।
ਮੈਂ ਖਾਤਰ ਗਊਆਂ ਦੀ ਮਰਾਂਗਾ,
ਮਰਕੇ ਮਿਲਾਂਗਾ ਸਾਥ ਨਾਲ ਜਾ।

ਮੈਂ ਭਾਰਤ ਵਿਚ ਰਾਜ ਕਰਾਂਗਾ,
ਹਿੰਦ ਧਰਮ ਦਾ ਝੰਡਾ ਝੁਲਾ।
ਮੈਂ ਮੰਤਰ ਕੰਨ ਵਿਚ ਪਾ ਲਿਆ,
ਦੇਵਾਂ ਜਿੰਦੜੀ ਘੋਲ ਘੁਮਾ।
ਜਿਹੜੇ ਸੁਣਦੇ ਲੋਕ ਸੀ ਉਸ ਥਾਂ,
ਉਹ ਆਖਣ ਵਾਹ ਭਈ ਵਾਹ।੪।

★

ਮਿਸਟਰ ਕਾਵਨ

ਬੈਂਤ

ਗੋਰਾ ਆਖਦਾ ਸੀ ਫੋਰਮੈਨ ਤਾਈਂ,
ਬਾਗੀ ਕੂਕੇ ਦੀ ਜਿੰਦ ਫਨਾਹ ਕਰਦੇ।
ਏਸ ਅਲੜ ਵਿਚ ਜੋਸ਼ ਹੈ ਬਾਗੀਆਂ ਦਾ,
ਗੋਲਾ ਹਿਕ ਵਿਚ ਮਾਰ ਤਬਾਹ ਕਰਦੇ।
ਮੁੜ ਵੇਖੇ ਨਾ ਇਹ ਜਹਾਨ ਆ ਕੇ,
ਨਿਸ਼ਾਨਾ ਮਾਰ ਕੇ ਇਸਨੂੰ ਰਾਹ ਕਰਦੇ।
ਕਲਰ ਕੋਟਲੇ ਦਾ ਰੱਖਣ ਜਾਦ ਸਾਰੇ,
ਕਲਰ ਧਰਤੀ ਅਸਮਾਨ ਅਗਵਾਹ ਕਰਕੇ।
ਹਰਨਾਮੇ ਬੀਰ ਨੇ ਸੁਣ ਕੇ ਆਖਿਆ ਸੀ,
ਬਿਲਿਆ ਤੋਪ ਨ ਤੇਰੀ ਹੁਣ ਚਲ ਸਕੇ।
ਛਾਤੀ ਕਰਾਂ ਮੈਂ ਖੜਾ ਹਾਂ ਤੋਪ ਮੂਹਰੇ,
ਗੋਲਾ ਚਲੇ ਬਿਨ ਛਾਤੀ ਨ ਹਲ ਸਕੇ।੫।
ਕੇਹਿਰ ਨਾਲ ਬੋਲੇ ਜ਼ਾਲਮ ਫੇਰ ਕਾਵਨ,
ਗਰਮ ਜੋਸ਼ ਏਹਦਾ ਛੇਤੀ ਠਾਰਦੇ ਤੂੰ।
ਮੁੜਕੇ ਵੇਖੇ ਨਾ ਇਹ ਸੰਸਾਰ ਆ ਕੇ,
ਨਿਸ਼ਾਨਾ ਬਾਡੀ ਤੇ ਮਾਰ ਖਲਾਰਦੇ ਤੂੰ।

ਵੈਰੀ ਦਿਸਦੇ ਬਾਗੀ ਨੇ ਸਿੰਘ ਕੂਕੇ.
ਮੇਰੇ ਸਾਹਮਣੇ ਬੋਲਦਾ ਮਾਰਦੇ ਤੂੰ।
ਯਾਦ ਰਹੇਗੀ ਹਿੰਦੁਸਤਾਨ ਅੰਦਰ.
ਸਿਰ ਧਰਮ ਤੇ ਵਖ ਖਲਾਰ ਦੇ ਤੂੰ।
ਗੋਲਾ ਤੋਪ ਦਾ ਲਗਾ ਚਲਾਉਣ ਹੈਸੀ,
ਤੋਪ ਵਿਚੋਂ ਗੋਲਾ ਬਾਹਰ ਚਲਿਆ ਨਾ।
ਕਲਾ ਕਈ ਵਾਰੀ ਫੇਰੀ ਤੋਪਚੀ ਨੇ,
ਗੋਲਾ ਚਲਿਆ ਨਾ ਸਿੰਘ ਹਲਿਆ ਨਾ।੬।

★

ਹਰਨਾਮਾ ਵੀਰ

ਹਰਨਾਮਾ ਆਖਦਾ ਕਰਿਆ ਕਨੂੰਨ ਝੂਠਾ,
ਮੈਂ ਸਾਥੀ ਹਾਂ ਸਿੰਘਾਂ ਸਤ ਸੰਗੀਆਂ ਦਾ।
ਗੁਲਾਮ ਭਾਰਤ ਨੂੰ ਮੈਂ ਅਜਾਦ ਕਰਨਾ,
ਮਰਨਾ ਹਸਕੇ ਕੰਮ ਹੈ ਜੰਗੀਆਂ ਦਾ।
ਧਰਮ ਦੇਸ਼ ਉਤੇ ਮਰਨਾ ਸਿਖਿਆ ਮੈਂ।
ਜਾਮ ਪੀਣਾ ਹੈ ਸਿੰਘਾ ਭੁਜੰਗੀਆਂ ਦਾ।
ਮੇਰਾ ਦੇਸ਼ ਹੁਣ ਜਲਦੀ ਅਜ਼ਾਦ ਹੋਵੇ,
ਗਰਕ ਹੋਵੇਗਾ ਰਾਜ ਫਰੰਗੀਆਂ ਦਾ।
ਤਿੰਨ ਵਾਰ ਨਾ ਸਿੰਘ ਤੋਂ ਤੋਪ ਚਲੀ,
ਖੜੇ ਵੇਖਦੇ ਲੋਕ ਹੈਰਾਨ ਹੋ ਗਏ।
ਬਿਸ਼ਨ ਸਿੰਘ ਮਰਨ ਆਏ ਧਰਮ ਉਤੇ,
ਸ਼ਹੀਦੀ ਮਰਤਬੇ ਪਾ ਨਿਸ਼ਾਨ ਹੋ ਗਏ।੭।
ਅੰਤਰ ਧਿਆਨ ਕਰੀ ਬਿਰਤੀ ਸਿੰਘ ਨੇ ਸੀ,
ਸਚੇ ਗੁਰਾਂ ਦਾ ਓਸ ਧਿਆਨ ਕਰਿਆ।
ਕਰੋ ਝੂਠੇ ਕਨੂੰਨ ਸੀ ਗੋਰਿਆਂ ਦੇ,



ਕੂਕੇ ਵਰਿਆਮ ਸਿੰਘ ਜੀ ਤੋਪ ਅੱਗੇ ਖੜੋਏ ਹੋ ਰਹੇ ਹਨ।

ਸ਼ਹੀਦ ਹੋਣ ਨੂੰ ਫੇਰ ਫੁਰਮਾਨ ਕਰਿਆ।
ਚਲ ਤੋਪੇ ਤੂੰ ਕਰ ਸ਼ਹੀਦ ਮੈਨੂੰ,
ਗੋਲਾ ਚਲਿਆ ਸੀਸ ਅਸਮਾਨ ਕਰਿਆ।
ਹਰਨਾਮ ਸਿੰਘ ਜੀ ਹੋ ਸ਼ਹੀਦ ਗਏ,
ਉਚਾ ਮਰਤਬਾ ਵਿਚ ਜਹਾਨ ਕਰਿਆ।
ਜਾਲਮ ਕਾਵਨ ਦੇ ਚਿਤ ਨਾ ਰਹਿਮ ਆਇਆ,
ਰਬ ਸੁਣਦਾ ਅਰਜ ਧਿਆਨੀਆਂ ਦੀ।
ਤਿੰਨ ਵਾਰ ਨਾ ਸਿੰਘ ਤੇ ਤੋਪ ਚਲੀ,
ਕਨੂੰਨੀ ਕਿਤਾਬ ਹੈ ਝੂਠੀ ਬਰਤਾਨੀਆਂ ਦੀ।
ਨਾਲ ਹੌਂਸਲੇ ਮੌਤ ਕਬੂਲ ਕਰਦੇ,
ਜਮਾਤ ਵੇਖ ਇਹੋ ਬ੍ਰਹਮ ਗਿਆਨੀਆਂ ਦੀ।
ਹਰਨਾਮ ਸਿੰਘ ਜੀ ਹੋ ਸ਼ਹੀਦ ਗਏ,
ਕਥਾ ਕੂਕਿਆਂ ਦੀ ਕੁਰਬਾਨੀਆਂ ਦੀ।
ਹਰਨਾਮ ਸਿੰਘ ਦਾ ਨਾਮ ਜਹਾਨ ਅੰਦਰ,
ਸੂਰਜ ਚੰਦ ਦੇ ਵਾਂਗ ਅਟੱਲ ਹੋਇਆ।
ਬਿਸ਼ਨ ਸਿੰਘ ਸਿਦਕ ਹੈ ਕੂਕਿਆਂ ਦਾ,
ਧਰਤ ਅਕਾਸ਼ ਅੰਦਰ ਜਲ ਥਲ ਹੋਇਆ।੬।

ਕਵੀ

ਜਿਸ ਧਰਤੀ ਤੇ ਕੌਮੀ ਪਰਵਾਨਿਆਂ ਦਾ,
ਆਣ ਸ਼ਾਨ ਖਾਤਰ ਖੂਨ ਡੁਲ ਜਾਵੇ।
ਧਰਤੀ ਉਸ ਦਾ ਇਕ ਜੋ ਇਕ ਕਿਣਕਾ,
ਹੀਰੇ ਮੋਤੀਆਂ ਤੋਂ ਮਹਿੰਗਾ ਤੁਲ ਜਾਵੇ।
ਭਾਰਤ ਵਰਸ਼ ਹੈ ਜਿਹਨਾਂ ਅਜਾਦ ਕੀਤਾ;
ਸੋਹਣਾ ਬਾਗ ਸ਼ਹੀਦਾਂ ਦਾ ਫੁਲ ਜਾਵੇ।
ਸਦਾ ਰਹੂ ਸ਼ਹੀਦਾਂ ਦਾ ਨਾਮ ਰੋਸ਼ਨ,

ਹੋਏ ਦੋਏਂ ਸ਼ਹੀਦ ਨੇ, ਸਚਖੰਡ ਗਏ ਚੜਕੇ।
ਸਿੰਘ ਮਸਤਾਨੇ ਮੌਤ ਵੇਖ, ਜਰਕਣ ਨਾ ਸੰਗਣ।
*ਸਾਥ ਨਾ ਛਡਿਆ ਸਿੰਘਾਂ ਨੇ, ਸ਼ਹੀਦੀ ਸ਼ੀ ਰੰਗਣ।

ਬਲੀਦਾਨ ਪੰਨਾ ੧੯ ਕਵੀ ਗੁਜਰ ਸਿੰਘ

ਭਾਰਤ ਕੀ ਸ਼ਾਨ ਸਿੰਘ, ਗਊਆਂ ਕੋ ਬਚਾਨ ਸਿੰਘ।
ਬੁਚੜ ਬਦਾਰੇ ਸਿੰਘ, ਕੋਟਲੇ ਮਲੇਰ ਵਿਚ।
ਭੂਦਨ ਦੇ ਥੇਹ ਉਤੇ, ਸਮੁੰਦ ਖਾਨ ਥੇਹ ਕੀਤੇ।
ਰੜੋਂ ਪਕੜਾਏ ਸਿੰਘ, ਆਏ ਸੇਰ ਪੁਰੇ ਵਿਚ।
ਠਾਣੇਦਾਰ ਪਾਜੀ ਸ੍ਰੀ ਗਰੰਥ ਜੀ ਕਾ ਨੇਮ ਕਰ।
ਪਕੜ ਲਿਆਏ, ਬਿਠਾਏਂ ਕਿਲੇ ਘੁਰੇ ਵਿਚ।
ਨੱਥਾ ਵਰਿਆਮ ਸਿੰਘ, ਸਾਂ ਜਾਏ ਚੋੜੇ ਹੋਏ।
ਰਤਨ ਸਿੰਘ ਕਾਰੀਗਰ, ਗਏ ਸੁਰਗ ਪੁਰੀ ਵਿਚ।
ਵਾਲੀਆਂ ਦੇ ਵਾਸੀ ਚਾਰ ਸਿੰਘ ਨੇ ਸ਼ਹੀਦ ਹੋਏ।
ਅਲਬੇਲ ਸਿੰਘ, ਜਵਾਹਰ ਹਰ ਦੋਊ ਜਿਮੀਂਦਾਰ ਸਿੰਘ
ਹਸ ਉਡੇ ਤੋਪ ਅਗੇ, ਸਾਥੀਆਂ ਦੇ ਸਾਥ ਰਲੇ।
ਅਤਰ ਸਿੰਘ ਫਤਹਿ ਸਿੰਘ ਰਵਦਾਸੀਏ ਚੁਮਾਰ ਸਿੰਘ
ਏਕ ਸੀ ਭੁਜੰਗੀ ਬਾਰਾਂ ਸਾਲ ਦਾ ਕਤੇਲ ਕੀਤੇ।
ਪੁਲਸ ਕੇ ਚੁਪਾਹੀ ਨੇ ਨਾਲ ਤਲਵਾਰੇ ਸਿੰਘੋ।
ਉਨੀ-ਤੋ ਅਠਾਈ ਪੰਜ ਮਾਘ ਨੇ ਸ਼ਹੀਦ ਕੀਤੇ।
ਗੁਜਰ ਸਿੰਘ ਵੇਖੇ ਦੀਦ ਜੋ ਦੀਦਾਰ ਸਿੰਘ।

ਦੋਹਰਾ-ਅਖੀਂ ਵੇਖੇ ਗੁਜਰ ਸਿੰਘ, ਸ਼ਹੀਦ ਸਿੰਘਾਂ ਨੇ ਤੇਜ਼।
ਤੋਪਾਂ ਨਾਲ ਸ਼ਹੀਦ ਹੋਏ, ਕਰਦਾ ਸੀ ਅੰਗਰੇਜ਼।

ਨੋਟ—ਭਾਈ ਗੁਜਰ ਸਿੰਘ ਜੀ ਰਾਮਗੜੀਏ ਬਰਨਾਲੇ ਵਾਲੇ ਤੇਰਾਂ ਸਾਲ ਦੇ ਸਨ। ਜਮਾਲ ਪੁਰ ਇਹਨਾਂ ਦੇ ਨਾਨਕੇ ਸਨ। ਆਪ ਮਗਰੋਂ ਸਿੰਘ ਸਜੇ ਤੇ ਆਪ ਬੜੇ ਭਾਰੀ ਕਵੀ ਸਨ।

ਕਵੀ

ਕਰਨਾ ਵਤਨ ਅਜਾਦ ਅੰਗਰੇਜ ਪਾਸੋਂ,
ਕੌਮੀ ਅਣਖ ਤੋਂ ਹੋ ਕੁਰਬਾਨ ਗਏ।
ਸਿਦਕ ਆਸ਼ਕਾਂ ਦੇ ਉਘੇ ਜਗਤ ਅੰਦਰ,
ਨਾਲ ਹੌਂਸਲੇ ਮੌਤ ਪਰਵਾਨ ਗਏ।
ਕੌਮੀ ਹੀਰੇ ਨੇ ਅਮਰ ਜਹਾਨ ਅੰਦਰ,
ਕੂਕੇ ਪੰਥ ਦੀ ਕਰ ਉਹ ਸ਼ਾਨ ਗਏ।
*ਨੱਥਾ ਸਿੰਘ, ਵਰਿਆਮ ਸਿੰਘ ਰਤਨ ਸਿੰਘ ਜੀ,
ਬਰਨਾਲੇ ਪਿੰਡ ਦੇ ਹੋ ਕੁਰਬਾਨ ਗਏ।

*
*

ਸ: ਭਗਤ ਸਿੰਘ ਤੇ ਜੈਮਲ ਸਿੰਘ ਸ਼ਹੀਦ ਹੋਣੇ

ਕਾਂਜਲੇ ਪਿੰਡ ਤੋਂ ਦੋ ਸਿੰਘ, ਸੀ ਮਸਤਾਨਿਆਂ ਨਾਲ।
ਬੁਚੜ ਮਾਰਕੇ ਕੋਟਲੇ, ਦੋਏ ਘੋੜੇ ਹੋਏ ਅਸਵਾਰ।
ਉਹ ਆਏ ਸੀ ਪਿੰਡ ਨੂੰ, ਪਾਉਣ ਗਰੰਥ ਦਾ ਭੋਗ।
ਭੋਗ ਪਾ ਸ੍ਰੀ ਗਰੰਥ ਦਾ, ਮਿਲੇ ਸਾਥ ਨੂੰ ਜੋਗ।
ਮੁੜ ਆਏ ਉਹ ਕੋਟਲੇ, ਕਲਰ ਵਿਚ ਜ਼ਦ ਆਣ।
ਫਤਹਿ ਬੁਲਾ ਕੇ ਸਿੰਘਾਂ ਨੂੰ, ਪਾਸ ਤੋਪ ਦੇ ਜਾਣ।

---

*ਨੋਟ—ਵਰਿਆਮ ਸਿੰਘ ਤੇ ਨੱਥਾ ਸਿੰਘ ਗੋਤ ਦੇ ਸੰਧੂ ਸਨ ਇਹਨਾਂ ਦੇ ਪਿਤਾ ਦਾ ਨਾਮ ਹਮੀਰ ਸਿੰਘ ਸੀ ਮਾਤਾ ਦਾ ਨਾਮ ਅਤਰ ਕੌਰ ਸੀ। ਇਹਨਾਂ ਦੋਹਾਂ ਨੂੰ ਸ਼ਹੀਦ ਕਰਨ ਵਾਲਾ ਤੋਪਦਾ ਫੋਰਮੈਨ ਇਹਨਾਂ ਦਾ ਮਾਮਾ ਹਰਨਾਮ ਸਿੰਘ ਪਿੰਡ ਫਨਾਂ ਤੇ ਸੀ ਭਾਣਜੇ ਮਾਰ ਕੇ ਉਸ ਨੇ ਤੋਪ ਖਲਾਰ ਦਿਤੀ ਤੇ ਰੋਣ ਲਗ ਪਿਆ। ਮਿਸਟਰ ਕਾਵਨ ਨੇ ਤੋਪ ਖਲਾਰੀ ਵੇਖ ਉਸ ਨੂੰ ਬਾਗ਼ੀ ਪੱਥਰ ਕਰ ਦਿਤਾ। ਬਰਨਾਲੇ ਦਾ ਤੀਜਾ ਸਿੰਘ ਰਤਨ ਸਿੰਘ ਸ਼ਹੀਦ ਹੋਇਆ।

• ਸ਼ਹੀਦ ਹੋਣ ਦੇ ਵਾਸਤੇ, ਖੜ ਸੋਧੀ ਅਰਦਾਸ।
ਕਮਰ ਕਸੇ ਲਾ ਸਿੰਘ ਜੋ, ਆਏ ਤੋਪ ਦੇ ਪਾਸ।
ਜੈਮਣ ਸਿੰਘ ਜੀ ਆਂਵਦੇ, ਮੁਛਾਂ ਚਾੜਕੇ ਵਟ।
ਖੜਕੇ ਮੂਹਰੇ ਤੋਪ ਦੇ, ਸ਼ਹੀਦ ਸੀ ਹੋਇਆ ਝੱਟ।
ਇਕ ਕਿਸੇ ਸਰਦਾਰ ਨੇ, ਭਗਤ ਸਿੰਘ ਲਿਆ ਸਿਆਣ
*ਉਹਨੂੰ ਕੀਤਾ ਵਖਰਾ, ਪਰੇਮ ਸਿੰਘ ਨੇ ਆਣ।
ਉਹ ਕਹਿੰਦਾ ਆਕੇ ਸਿੰਘ ਨੂੰ, ਤੂੰ ਹੈਂ ਮੇਰਾ ਯਾਰ।
ਮਾਫੀ ਮੰਗ ਅੰਗਰੇਜ ਤੋਂ, ਛੁਟ ਜਾ ਇਕੋ ਵਾਰ।
ਮਾਫੀ ਸਿੰਘ ਨਾ ਮੰਗਦਾ, ਉਹਨੂੰ ਕੀਤਾ ਬੰਦ
ਸਤਾਰਾਂ ਜਨਵਰੀ ਤਰੀਕ ਸੀ, ਕਲਰ ਵਿਕ ਆਇਆ ਚੰਦ
ਉਹ ਭੀ ਹੋਇਆ ਸ਼ਹੀਦ ਸੀ, ਰਲਿਆ ਸਾਥ ਦੇ ਨਾਲ।
ਜੈਕਾਰਾ ਉਸ ਨੇ ਬੋਲਿਆ, ਸਤਿ ਸ੍ਰੀ ਅਕਾਲ।
ਮਸਤਾਨੇ ਸਾਥ ਨਾ ਛਡਦੇ, ਮਰਦੇ ਵਾਂਗ ਪਤੰਗ।
ਪਹਿਲਾਂ ਮਰਨ ਕਬੂਲ ਕਰ, ਕਰਦੇ ਨਾ ਮੌਤੋਂ ਸੰਗ।

★

---

*ਜੈਮਣ ਸਿੰਘ ਜੀ ਲੁਹਾਰ ਸਨ। ਤੇ ਗੋਤ ਮਠਾੜੂ ਸੀ। ਸ: ਭਗਤ ਸਿੰਘ ਜੀ ਗੋਤ ਦੇ ਢੱਡੇ, ਜਿਹਨਾਂ ਦਾ ਪਿਤਾ ਬੀਰ ਸਿੰਘ ਮਾਤਾ ਨਾਮ ਵੀਰੋ ਸੀ। ਸ਼ਹੀਦੀ ਅੰਸ਼ ਬੰਸ ਸ਼ਹੀਦੀ ਯਾਦ ਫਿਰ ਦੇਗਾਂ ਨੀਆਂ ਅਰਦਾਸਾਂ ਕਰਦੇ ਨੇ। ਕਾਂਜਲਾ ਪਿੰਡ ਧੂਰੀ ਦੇ ਨਜ਼ਦੀਕ ਹੈ ਭਗਤ ਸਿੰਘ ਨੂੰ ਛੁਡਾਉਣ ਵਾਲਾ ਰਾੜੋ ਮਾਜਰੇ ਦਾ ਭਾਈ ਪਰੇਮ ਸਿੰਘ ਜੀ।

ਸ: ਹਰਨਾਮ ਸਿੰਘ ਜੀ ਬੱਡੀ ਮੰਡੀ ਦੀ ਸ਼ਹੀਦੀ ਕਥਾ

ਥਾਣੇਦਾਰ ਨੇ ਸਿੰਘ ਪਛਾਣ ਲਿਆ,
ਉਹ ਸਿੰਘ ਦੇ ਤਾਈਂ ਛੁਡਾਉਣ ਲੱਗਾ।
ਚੀਫ ਮਨਿਸਟਰ ਸੰਗਰੂਰਾਂ ਦਾ ਨਾਲ ਲੈਕੇ,
ਉਹ ਭੀ ਸਿੰਘ ਦੇ ਤਾਈਂ ਸਮਝਾਉਣ ਲੱਗਾ।
ਰਿਸ਼ਤੇਦਾਰ ਮੈਂ ਸਮਝ ਛੁਡਾਉਣ ਆਇਆ,
ਚੀਫ ਮਨਿਸਟਰ ਇਹ ਗਲ ਜਨਾਉਣ ਲੱਗਾ
ਮੰਡੀ ਵਡੀ ਦਾ ਜੋ ਠਾਨੇਦਾਰ ਦੂਜਾ,
ਹਰਨਾਮ ਸਿੰਘ ਨੂੰ ਆ ਫੁਰਮਾਉਣ ਲੱਗਾ।
ਭੁਲਰ ਗੋਤ ਤੇਰਾ ਮੰਡੀ ਪਿੰਡ ਤੇਰਾ,
ਸਾਥ ਕੂਕਿਆਂ ਦਾ ਛਡ ਜਾਹ ਬੀਬਾ।
ਮਾਫੀ ਮੰਗ ਲੈ ਰੱਖ ਲੈ ਜਿੰਦ ਆਪਣੀ,
ਕਿਉਂ ਮਰਨ ਲਗਾ ਖਾਹਮਖਾਹ ਬੀਬਾ।

★

ਚੀਫ ਮਨਿਸਟਰ

ਪਰੇਮ ਸਿੰਘ ਸਰਦਾਰ ਨੇ ਕਿਹਾ ਆਕੇ,
ਮੇਰੇ ਸਾਕ ਤੇ ਤੂੰ ਸ਼ਰਦਾਰ ਜੱਟਾ।
ਗੱਲ ਮੰਨ ਮੇਰੀ ਬਚੇ ਜਿੰਦ ਤੇਰੀ,
ਬਣ ਜਾਹ ਗੋਰਿਆਂ ਦਾ ਵਫਾਦਾਰ ਜੱਟਾ।
ਕੁਰਸੀ ਚਿਠੀ ਤਕਮਾ ਜਗੀਰ ਪਾ ਲੈ,
ਹਿੰਦ ਲਾਟ ਤੋਂ ਲੈ ਲੈ ਸਤਿਕਾਰ ਜੱਟਾ।
ਕਰੇ ਰਾਜਾ ਸੰਗਰੂਰ ਵੀ ਮਾਣ ਤੇਰਾ,
ਅਦਬ ਕਰਨ ਵਜੀਰ ਅਹਿਲਕਾਰ ਜੱਟਾ।

ਮੌਤ ਮਿਲਦੀ ਹੈ ਬਾਗੀਆਂ ਕੂਕਿਆਂ ਨੂੰ,
ਸਾਥ ਛਡ ਦੇ ਸਿੰਘਾਂ ਮਸਤਾਨਿਆਂ ਦਾ।
ਚੀਫ ਮਨਿਸਟਰ ਨੇ ਕਿਹਾ ਸਿੰਘ ਤਾਈਂ,
ਮੌਤੋਂ ਬਚਨਾ ਕੰਮ ਸਿਆਣਿਆਂ ਦਾ।

ਭਾਈ ਹਰਨਾਮ ਸਿੰਘ ਜੀ

ਚੀਫ ਮਨਿਸਟਰ ਨੂੰ ਸਿੰਘ ਜਵਾਬ ਦਿਤਾ,
ਮਰਨਾ ਧਰਮ ਤੇ ਕੰਮ ਪਰਵਾਨਿਆਂ ਦਾ।
ਕਰਨਾ ਵਤਨ ਅਜਾਦ ਤੇ ਕੀ ਡਰਨਾ,
ਸਚਾ ਸੁਖਨ ਹੈਗਾ ਸਿੰਘਾਂ ਦਾਨਿਆਂ ਦਾ।
ਗਾਨਾ ਬੰਨ ਕੇ ਪ੍ਰਣ ਹੈ ਮੈਂ ਕੀਤਾ,
ਹੁਣ ਕੰਮ ਹੈ ਨਹੀਂ ਬਹਾਨਿਆਂ ਦਾ।
ਕੁਰਸੀ. ਚਿਠੀ, ਜਗੀਰ, ਤੇ ਧਾਰ, ਮਾਫ਼ੀ,
ਮੇਰਾ ਸਾਥ ਹੈ ਸਿੰਘਾਂ ਮਸਤਾਨਿਆਂ ਦਾ।
ਮੈਂ ਕੂਕਾ ਹੈ ਕੂਕਿਆਂ ਸਾਥ ਬਾਗੀ,
ਜਾਣਾ ਛਡ ਹੈ ਦੇਸ਼ ਫਰੰਗੀਆਂ ਨੇ।
ਚੀਫ ਮਨਿਸਟਰ ਚੁਪ ਕਰ ਟੁਰ ਗਿਆ,
ਮਰਨਾ ਸਿਖਿਆ ਹੈ ਸਿੰਘਾਂ ਜੰਗੀਆਂ ਨੇ।

—o—

ਠਾਨੇਦਾਰ

ਮੰਡੀ ਪਿੰਡ ਦਾ ਸੀ ਠਾਣੇਦਾਰ ਉਥੇ,
ਹਰਨਾਮ ਸਿੰਘ ਦੇ ਨਾਲ ਸੀ ਪਿਆਰ ਚੰਗਾ।
ਉਹ ਵੀ ਆਖਦਾ ਸਿੰਘ ਨੂੰ ਛੁਟ ਜਾ ਤੂੰ,
ਮੌਤੋਂ ਬਚਨ ਦਾ ਕਰਨ ਬਿਚਾਰ ਚੰਗਾ।
ਤੇਰੇ ਪਿਤਾ ਨੇ ਦਿਤੀ ਜ਼ਮੀਨ ਸਾਨੂੰ,
ਕੀਤਾ ਸਾਡੇ ਤੇ ਉਸ ਉਪਕਾਰ ਚੰਗਾ।

ਮੇਰਾ ਬਾਪ ਅਤੇ ਤੇਰਾ ਪਿਤਾ ਦੋਵੇਂ,
ਪਗ ਵਟ ਭਾਈ ਸੀ ਯਾਰ ਚੰਗਾ।
ਉਹਦੇ ਬਦਲੇ ਮੈਂ ਤੈਨੂੰ ਛੁਡਾਉਣ ਆਇਆ,
ਤੇਰੀ ਜਿੰਦੜੀ ਹੈ ਬਚਾਉਣ ਆਇਆ।
ਮਾਫੀ ਮੰਗ ਲੈ ਕੁਰਸੀ ਜਗੀਰ ਪਾ ਲੈ.
ਠਾਨੇਦਾਰ ਮੈਂ ਤੈਨੂੰ ਸਮਝਾਉਣ ਆਇਆ।

ਤਥਾ

ਵਫਾਦਾਰ ਹੋਜਾ ਸਾਹਿਬ ਛਡ ਦੇਵੇ,
ਲਾਟ ਹਿੰਦ ਵੀ ਕਰ ਕੇ ਸਨਮਾਨ ਤੇਰਾ।
ਰੋਸ਼ਨ ਨਾਮ ਹੋ ਜਾਵੇ ਵਲੈਤ ਅੰਦਰ,
ਵਫਾਦਾਰੀ ਦਾ ਹੋਵੇ ਐਲਾਨ ਤੇਰਾ।
ਗੋਲਾ ਤੋਪ ਦਾ ਚਕਨਾ ਚੂਰ ਕਰ ਦੂ,
ਰੁਲਦਾ ਰਹੂ ਸਰੀਰ ਮੈਦਾਨ ਤੇਰਾ।
ਮੌਜਾਂ ਮਾਣ ਲੈ ਤੂੰ ਹਰਨਾਮ ਸਿੰਘਾ,
ਕੀ ਕਰੇਗਾ ਹੋਣਾ ਕੁਰਬਾਨ ਤੇਰਾ।
ਕੀ ਲੈਣਾ ਤੂੰ ਸਿੰਘਾਂ ਮਸਤਾਨਿਆਂ ਤੋਂ,
ਮੌਤ ਮਿਲਦੀ ਹੈ ਬਾਗੀ ਕੂਕਿਆਂ ਨੂੰ।
ਇਕ ਵਾਰ ਕਹਿਦੇ ਮੈਂ ਨਹੀਂ ਕੂਕਾ,
ਮੁਸ਼ਕਲ ਹਲ ਹੁੰਦੀ ਬੇ ਸਲੂਕਿਆਂ ਨੂੰ।
ਗਲ ਮੰਨ ਮੇਰੀ ਬਚੇ ਜਿੰਦ ਤੇਰੀ,
ਮੇਰੇ ਪਿੰਡ ਦਾ ਮੈਂ ਸਮਝਾਉਣ ਆਇਆ।
ਠਾਣੇਦਾਰ ਆਖੇ ਵਾਰ ਵਾਰ ਸਿੰਘ ਨੂੰ,
ਹਰਨਾਮ ਸਿੰਘ ਮੈਂ ਤੈਨੂੰ ਛੁਡਾਉਣ ਆਇਆ।

★

ਹਰਨਾਮ ਸਿੰਘ ਜੀ

ਲੱਖ ਲਾਹਨਤਾਂ ਤੈਨੂੰ ਸੰਸਾਰ ਦੇਵੇ,
ਤੇਰੀਆਂ ਸੁਣ ਕੇ ਗੱਲਾਂ ਫਟਕਾਰਦਾ ਮੈਂ।
ਸ੍ਰੀ ਗਰੰਥ ਦਾ ਕਰਿਆ ਤੂੰ ਨੇਮ ਦੁਸ਼ਟਾ,
ਸਿੰਘ ਕਰਾਵੇਂ ਸ਼ਹੀਦ ਦਿਖਾਰਦਾ ਮੈਂ।
ਧਿਰਗ ਜੀਵਨਾ ਤੇਰਾ ਜਹਾਨ ਅੰਦਰ,
ਤੇਰੀਆਂ ਬਾਤਾਂ ਤੇ ਧਾਰ ਨਾ ਮਾਰਦਾ ਮੈਂ।
ਧੋਖੇ ਬਾਜ਼ਾ ਸ਼ੈਤਾਨ ਦਾ ਤੁਖਮ ਹੈਂ ਤੂੰ,
ਮੂੰਹ ਦਿਖਾ ਨਾ ਹਾਂ ਧਿਰਕਾਰਦਾ ਮੈਂ।
ਅੰਮ੍ਰਿਤ ਛਕ ਡਰਨਾ ਸਿਖ ਧਰਮ ਨਾਹੀਂ,
ਭਾਰਤ ਦੇਸ਼ ਹੁਣ ਛੇਤੀ ਅਜ਼ਾਦ ਹੋਵੇ।
ਅਸੀਂ ਹੋਣਾ ਸ਼ਹੀਦ ਹੈ ਦੇਸ਼ ਖ਼ਾਤਰ,
ਫ਼ਰੰਗੀ ਰਾਜ ਨਾ ਰਹੇ ਬਰਬਾਦ ਹੋਵੇ।

ਹਰਨਾਮ ਸਿੰਘ ਨੇ ਸ਼ਹੀਦ ਹੋਣਾ

ਸ਼ਹੀਦ ਹੋਣ ਲਈ ਭਾਈ ਹਰਨਾਮ ਸਿੰਘ ਨੇ,
ਮੁੱਛਾਂ ਦੋਹਾਂ ਤੇ ਸੀ ਚਾੜ੍ਹ ਵੱਟ ਲਿਆ।
ਕਮਰ ਕੱਸਾ ਕਰ ਤੋਪ ਦੇ ਖੜਾ ਅੱਗੇ,
ਅਰਦਾਸਾ ਕਰ ਸ਼ਹੀਦੀ ਸੀ ਝੱਟ ਲਿਆ।
ਛਾਤੀ ਤੋਪ ਅੱਗੇ ਕੀਤੀ ਸੂਰਮੇ ਨੇ,
ਸ਼ਾਹ ਮਨਸੂਰ ਦੇਖੇ ਦਿਲ [illegible] ਗਿਆ।
ਗੋਲਾ ਆਣ ਕੇ ਛਾਤੀ ਦੇ ਵਿਚ ਲੱਗਾ,
ਸ਼ਹੀਦੀ ਜਾਮ ਹਰਨਾਮ ਸਿੰਘ ਛਕ ਗਿਆ।
ਲੋਕ ਆਖਦੇ ਵਾਹ ਭਾਈ ਵਾਹ ਸਿੰਘਾ,

ਵਾਹ ਵਾਹ ਜੀ, ਵਾਹ ਬਲਿਹਾਰ ਭੁਲਰ।
ਮੰਡੀ ਵਡੀ ਦਾ ਨਾਮ ਮਸ਼ਹੂਰ ਕੀਤਾ,
ਬਿਸ਼ਨ ਸਿੰਘ ਜੋ ਹੈ ਸਰਦਾਰ ਭੂਲਰ।

★

ਕਵੀ

ਆਸ਼ਕ ਸਿੰਘ ਨਾ ਮਰਨੋਂ ਪ੍ਰਵਾਹ ਕਰਦੇ,
ਨਹੀਂ ਰਖਦੇ ਲੋੜ ਸਰਦਾਰੀਆਂ ਦੀ।
ਵਟੇ ਸਿਰ ਦੇ ਦਾਮ ਖਰੀਦ ਜਾਂਦੇ,
ਸੋਹਣੀ ਕਾਢ ਹੈ ਸਿੰਘਾਂ ਵਪਾਰੀਆਂ ਦੀ।

ਨੋਟ—ਸਿੰਘ ਦੇ ਸ਼ਹੀਦ ਹੋਣ ਦੇ ਬਾਅਦ ਚੀਫ ਮਨਿਸਟਰ ਸੰਗਰੂਰ ਨੇ ਮੰਡੀ ਖੁਰਦ ਦੇ ਨਾਮਧਾਰੀ ਸਿੰਘ ਭਾਈ ਬਿਸ਼ਨ ਸਿੰਘ, ਭਾਈ ਮਿੱਤ ਸਿੰਘ, ਭਾਈ ਭਾਨ ਸਿੰਘ ਢਿਲੋਂ, ਭਾਈ ਨੰਦ ਸਿੰਘ, ਭਾਈ ਬਿਸ਼ਨ ਸਿੰਘ, ਸੰਤ ਸੁੰਦਰ ਸਿੰਘ, ਭਾਈ ਅਤਰ ਸਿੰਘ, ਭਾਈ ਬਚਨ ਸਿੰਘ, ਬਾਬਾ ਸਾਹਬ ਸਿੰਘ, ਸੰਤ ਰਤਿੰਨ ਸਿੰਘ, ਭਾਈ ਦਇਆ ਸਿੰਘ ਤੇ ਵਰਿਆਮ ਸਿੰਘ ਇਹਨਾਂ ਦੀ ਜਮੀਨ ਨੂੰ ਖੁਰਦ ਬੁਰਦ ਕਰ ਦਿਤਾ। ਗੇਂਦਾ ਸਿੰਘ ਤੇ ਨੰਦ ਸਿੰਘ ਮਹਿਰੇ ਤੇ ਸਖਤ ਨਿਗਰਾਨੀ ਕਰੀ ਗਈ। ਹਰਨਾਮ ਸਿੰਘ ਸ਼ਹੀਦ ਦੀ ਜ਼ਮੀਨ ਤੇ ਘਰ ਨੀਲਾਮ ਕਰਾ ਦਿਤੇ। ਅਤੇ ਭਾਈ ਹਰਦਿਤ ਸਿੰਘ ਸ਼ਹੀਦ ਦੇ ਭਾਈ ਦੀ ਜਮੀਨ ਵੀ ਕਟੌਤੀ ਕਰ ਦਿੱਤੀ। ਕਿਉਂਕਿ ਸੂਬਾ ਗਿਆਨੀ ਸਿੰਘ ਜੀ ਨਾਮਧਾਰੀ ਪੰਥ ਦੇ ਮੰਨੇ ਪਰਮੰਨੇ ਸਨ। ਜਿਨ੍ਹਾਂ ਨੂੰ ਅੰਗਰੇਜ ਨੇ ਵਾਇਦਾ ਮੁਆਫ ਗਵਾਹਾਂ ਦੇ ਜਰੀਹੇ ਰਾਇਕੋਟ ਦੇ ਬੁਚੜਾਂ ਦੇ ਕਾਤਲ ਬਣਾ ਕੇ ਈ: ੧੮੭੨ ਦੇ ੨੬ ਨਵੰਬਰ ਨੂੰ ਲੁਧਿਆਣੇ ਦੀ ਜੇਹਲ ਮੂਹਰੇ ਫਾਂਸ਼ੀ ਲਾ ਦਿਤਾ ਸੀ ਅਤੇ ਮੰਡੀ ਪਿੰਡ ਵਿਚ ਪੁਲਸ ਦੀ ਚੌਂਕੀ ਬੈਠਾ ਦਿਤੀ ਸੀ ਜੋ ਹਰ ਇਕ ਕੂਕੇ ਦੀ ਰੋਜਾਨਾ ਹਾਜਰੀ ਲਿਖੀ ਜਾਂਦੀ ਸੀ। ਇਹ ਪੁਲਸ ੧੯੩੨ ਤਕ ਰਹੀ।

ਸ਼ਹਾਦਤ ਸਿੰਘਾਂ ਦੀ ਹੈ ਮਸ਼ਹੂਰ ਸਾਰੇ,
ਤੇ ਮਸਤਾਨਿਆਂ ਦੀ ਨਾਮਧਾਰੀਆਂ ਦੀ।
ਚੰਦ ਸੂਰਜ ਜੋ ਜਗਤ ਦੇ ਹੈਨ ਚਾਨਣ,
ਯਾਦ ਰਹੂਗੀ ਵਤਨ ਪੁਜਾਰੀਆਂ ਦੀ।
ਧਰਮ ਦੇਸ਼ ਦੇ ਜਿਹੜਾ ਕੁਰਬਾਨ ਹੁੰਦਾ,
ਅਰਸ਼ ਫ਼ਰਸ਼ ਅੰਦਰ ਆਫ਼ਤਾਬ ਹੈ ਉਹ।
ਬਿਸਨ ਸਿੰਘ ਜਿਸ ਧਰਮ ਤੇ ਜਿੰਦ ਵਾਰੀ,
ਉਹੀ ਅਰਸ਼ੀ ਸ਼ਹੀਦ ਮਹਿਤਾਬ ਹੈ ਉਹ।

★

ਸ਼ਹੀਦ ਹਰਨਾਮ ਸਿੰਘ ਦੀ ਬੰਸਾਵਲੀ

ਭੁਲਰ ਗੋਤ ਦੇ ਚੂੜੀਆ ਰਾਮ ਦੇ ਚੌਧਰੀ ਨੇ ਪਿੰਡ ਦੀ ਮੋਹੜੀ ਗਡੀ ਅਤੇ ਉਹਦਾ ਪੁਤਰ ਛਬੀਲਾ ਸਿੰਘ ਛੇਵੇਂ ਗੁਰੂ ਦਾ ਸਿਖ ਸੀ, ਤੇ ਭਾਈ ਜੀਊਣਾ ਜੋ ਉਹਦੇ ਪੁਤਰ ਸਨ, ਜੀਊਣੇ ਦਾ ਪੁਤਰ ਭਾਈ ਰਾਣਾ ਸਿੰਘ ਸੀ, ਰਾਣਾ ਸਿੰਘ ਦਾ ਪੁਤਰ ਭਾਈ ਮੇਘ ਚੰਦ ਸੀ, ਮੇਘ ਚੰਦ ਦਾ ਪੁਤਰ ਭਾਈ ਟੇਕ ਚੰਦ ਸੀ। ਟੇਕ ਚੰਦ ਦੇ ਘਰ ਰਾਇ ਸਿੰਘ ਜੀ ਹੋਏ, ਰਾਇ ਸਿੰਘ ਦੇ ਪੁਤਰ ਕਰਮ ਸਿੰਘ ਤੇ ਧਰਮ ਸਿੰਘ ਤੇ ਦਲੇਲ ਸਿੰਘ, ਸਹੇਲ ਸਿੰਘ। ਦਲੇਲ ਸਿੰਘ ਅਤੇ ਸਹੇਲ ਸਿੰਘ ਦੋਵੇਂ ੧੮੫੭ ਅੰਗਰੇਜਾਂ ਨਾਲ ਲੜਦੇ ਸ਼ਹੀਦ ਹੋ ਗਏ। ਧਰਮ ਸਿੰਘ ਦੇ ਪੁਤਰ ਹਰਦਿਤ ਸਿੰਘ ਤੇ ਹਰਨਾਮ ਸਿੰਘ ਸੀ। ਹਰਨਾਮ ਸਿੰਘ ਜੀ ਕੋਟਲੇ ਵਿਚ ਬਾਈ ਸਾਲ ਦੀ ਉਮਰ ਵਿਚ ਸ਼ਹੀਦ ਹੋ ਗਏ। ਭਾਈ ਹਰਦਿਤ ਸਿੰਘ ਦੇ ਪੁਤਰ ਨਰੈਣ ਸਿੰਘ, ਕੇਹਰ ਸਿੰਘ, ਭਾਈ ਰਤਨ ਸਿੰਘ ਜੀ ਸ਼ਹੀਦ ਦੇ ਭਤੀਜੇ ਸਨ।

★

ਸ: ਤਾਰਾ ਸਿੰਘ ਜੀ ਮੰਡੀ ਖੁਰਦ
ਸ਼ਹੀਦੀ ਪ੍ਰਵਾਰ ਦੇ ਚਮਕਦੇ ਹੀਰੇ



ਆਪ ਕੋਟਲੇ ਵਿਚ ਸ਼ਹੀਦ ਹੋਏ ਸਿੰਘ ਦੇ ਪੋਤਰੇ ਨੇ, ਆਪ ਦੇ ਪਿਤਾ ਸੰਤ ਨਰਾਇਣ ਸਿੰਘ ਤੇ ਮਾਤਾ ਰਾਮ ਕੌਰ ਜੀ ਸਨ ਜਿਹਨਾਂ ਦਾ ਨਾਮਧਾਰੀ ਪੰਥ ਨਾਲ ਅਮੁਕ ਪਿਆਰ ਸੀ ਅਜ ਕਲ ਜਿਲਾ ਗੰਗਾ ਨਗਰ ਟਿਬੀ ਪਿੰਡ ਵਿਚ ਪ੍ਰਵਾਰ ਸਮੇਤ ਜੀਵਤ ਹਨ। ਆਪ ਨਾਮਧਾਰੀ ਪੰਥ ਦੇ ਪਰਚਾਰਕ ਹੁੰਦੇ ਹੋਏ ਅਣਖੀ ਮਸਤਾਨੇ ਪ੍ਰਕਾਸ਼ਨ ਵਾਸਤੇ ਸਹਿਯੋਗ ਦੇ ਰਹੇ ਹਨ।

*
*

ਸ: ਚਤਰ ਸਿੰਘ ਜੀ ਭੁਲਰ



ਆਪ ਸ਼ਹੀਦ ਦੇ ਪੋਤਰੇ, ਸੰਤ ਕਰੈਣ ਸਿੰਘ ਦੇ ਸਪੁਤ੍ਰ ਮਾਤਾ ਰਾਮ ਕੌਰ ਦੇ ਲਾਡਲੇ ਅਖੰਡ ਪਾਠੀ ਤੇ ਨਿਤ ਨੇਮੀ ਨਾਮਧਾਰੀ ਪੰਥ ਦੇ ਸ਼ਰਧਾਲੂ ਬਾਬਾ ਜੰਗ ਸਿੰਘ ਦੇ ਅਨਿੰਨ ਸੇਵਕ ਨੇ ਅਜ ਕਲ ਆਪ ਜ਼ਿਲਾ ਹਿਸਾਰ ਤਿਲਵਾੜਾ ਖੁਰਦ ਵਿਚ ਪਰਵਾਰ ਸਮੇਤ ਸਿਮਰਨ ਕਰਦੇ ਹੋਏ ਸਫਲ ਹੋ ਰਹੇ ਹਨ।

ਸ਼ਹੀਦ ਪ੍ਰਵਾਰ ਦੇ ਸ੍ਰੀ ਚੰਨਣ ਸਿੰਘ ਜੀ



ਆਪ ਜੀ ਸ਼ਹੀਦ ਹਰਨਾਮ ਸਿੰਘ ਦੇ ਪੋਤਰੇ ਸ; ਨਰੈਣ ਸਿੰਘ ਦੇ ਛੋਟੇ ਪੁਤਰ ਸ਼ਹੀਦ ਅੰਸ ਦੇ ਕੁਲਬ ਬੜੇ ਹੀ ਜੋਸ਼ੀਲੇ ਛਬੀਲੇ ਹਸੀਲੇ ਤੇ ਰਸੀਲੇ ਅਣਖੀ ਵਿਦਵਾਨ ਗੰਭੀਰ ਧੀਰਜ ਧਾਰੀ ਬਹੁਤ ਵਡੇ ਪਰਵਾਰ ਸਮੇਤ ਅਜਕਲ ਜ਼ਿਲਾ ਹਿਸਾਰ ਡਿਲਵਾੜਾ ਮੁਕਾਮ ਵਿਚ ਬਾਬਾ ਜੰਗ ਸਿੰਘ ਜੀ ਦੇ ਸ਼ਰਧਾਲੂ ਨਾਮਧਾਰੀ ਹਨ। ਆਪ ਨੇ ਵੀ ਆਪਣੀ ਪਵਿਤਰ ਕਮਾਈ ਅਣਖੀ ਮਸਤਾਨੇ ਪ੍ਰਕਾਸ਼ ਕਰਾਕੇ ਸਫਲ ਹੋ ਰਹੇ ਸਨ।

ਸ: ਖੜਗ ਸਿੰਘ ਦੀ ਸਿੰਘਣੀ
ਬੀਬੀ ਰਤਨ ਕੌਰ ਦੀ ਦਲੇਰਤਾ

ਸ਼ਹੀਦ ਹੋਣ ਨੂੰ ਪਤੀ ਅਰਦਾਸ ਕੀਤੀ,
ਰਤਨ ਕੌਰ ਆਖੇ ਪਤੀ ਦੀਏ ਪਤੀਆ ।
ਸਾਂਭੋ ਪੁਤਰ ਘਰ ਬਾਰ ਤੇ ਤੁਸੀਂ ਜਵਾਨੀ,
ਮੈਂ ਕੁਰਬਾਨੀ ਦੀ ਲਵਾਂ ਰਸੀਦ ਪਤੀਆ ।
ਧਰਮ ਦੇਸ਼ ਖਾਤਰ ਜਿੰਦ ਵਾਰ ਦੇਵਾਂ,
ਮੇਰੀ ਕਰੋ ਖਾਂ ਤੁਸੀਂ ਤਈਦ ਪਤੀਆ ।
ਮੇਰੇ ਵੀਰ ਨੇ ਹੋਏ ਸ਼ਹੀਦ ਜਿੰਨੇ,
ਮੈਂ ਵੀ ਲਵਾਂ ਰਸੀਦ ਸ਼ਹੀਦ ਪਤੀਆ ।
ਬੇਦ ਦਸਦੇ ਪੜ ਸਲੋਕ ਵੇਖੋ,
ਇਸਤਰੀ ਪਤੀ ਤੋਂ ਪਹਿਲੇ ਜੇ ਮਰ ਜਾਵੇ ।
ਜਨਮ ਮਰਨ ਭੈ ਉਸ ਦਾ ਟੁਟ ਜਾਂਦਾ,
ਭਵ ਸਾਗਰੋਂ ਪਾਰ ਉਹ ਤਰ ਜਾਵੇ ।

*
*

ਭਾਈ ਖੜਕ ਸਿੰਘ

ਖੜਕ ਸਿੰਘ ਆਖੇ ਆਪਣੀ ਸਿੰਘਣੀ ਨੂੰ,
ਘਰ ਸਾਂਭ ਤੇ ਬਾਲ ਨੇ ਪਾਲ ਪਿਆਰੀ ।
ਮਾਵਾਂ ਬਾਜ਼ ਬਚੇ ਰੁਲ ਜਾਣ ਸਾਰੇ,
ਸਿਦਕ ਸਿਖੀ ਵਿਚ ਰਖੀਂ ਖਿਆਲ ਪਿਆਰੀ
ਮੈਂ ਸਿੰਘਾਂ ਦੇ ਸਾਥ ਸ਼ਹੀਦ ਹੋਣਾ,
ਸੰਭਲ ਆਪ ਤੂੰ ਪੁਤਰ ਸੰਭਾਲ ਪਿਆਰੀ ।
ਪੰਥ ਪਿਆਰ ਰਖੀਂ ਘਰ ਬਾਰ ਰਖੀਂ,
ਸਿਦਕ ਗੁਰੂ ਰਖੀਂ ਸਵਾਸਾਂ ਨਾਲ ਪਿਆਰੀ ।

ਸੁਣੀ ਪਤੀ ਦੀ ਗਲ ਸੀ ਰਤਨ ਕੌਰ ਨੇ,
ਤੋਪ ਸਾਹਮਣੇ ਦੇਖ ਦਲੇਰ ਆ ਗਈ।
ਕੈਂਹਦੀ ਮਾਰ ਵੇ ਬਿਲਿਆ ਹਿਕ ਗੋਲ਼ਾ,
ਰਤਨ ਕੌਰ ਬੀਬੀ ਬਣ ਸ਼ੇਰ ਆ ਗਈ।

ਤਥਾ

ਸਿੰਘਣੀ ਤੋਪ ਦੇ ਅਗੇ ਸੀ ਖੜੀ ਵੇਖੀ,
ਕਾਵਨ ਹੁਕਮ ਦੇਹ ਤੋਪ ਨੂੰ ਠਲ ਪਾਈ।
ਔਰਤ ਖੜੀ ਹੈ ਮਾਰੀ ਨਾ ਤੋਪ ਕਿਤੇ,
ਪਕੜ ਫੌਜੀਆਂ ਬਾਹਰ ਧਕੱਲ ਪਾਈ।
ਗੋਰੇ ਖੜੇ ਸੀ ਲੋਕ ਹੈਰਾਨ ਹੋ ਗਏ,
ਕਾਦਿਰਾਂ ਦਿਲਾਂ ਦੇ ਵਿਚ ਤਰਥੱਲ ਪਾਈ।
ਸਿੰਘਣੀ ਬੋਲਦੀ ਮੈਂ ਸ਼ਹੀਦ ਹੋਵਾਂ,
ਮੈਂ ਬਿਲਿਆ ਕਰਨ ਨਾ ਗਲ ਆਈ।
ਭਾਰਤ ਦੇਸ਼ ਜੋ ਛੇਤੀ ਅਜ਼ਾਦ ਹੋਵੇ,
ਇਸਤਰੀ ਮਰਦ ਜਿਸ ਵਿਚ ਹਿਸਾ ਪਾ ਦੇਵਨ
ਹੁੰਦਾ ਵਤਨ ਜਾਂ ਕੌਮ ਅਜਾਦ ਸਾਰੀ,
ਮਰਦ ਔਰਤ ਜਿਥੇ ਜਿੰਦ ਲਾ ਜਾਵਨ।

★

ਜਥੇਦਾਰ ਖੜਕ ਸਿੰਘ ਤੇ ਉਹਨਾਂ ਦੇ ਭਾਈ ਪਰੇਮ ਸਿੰਘ ਨੇ ਸ਼ਹੀਦ ਹੋਣਾ

ਕਮਰ ਕਸਾ ਕਰ ਸਿੰਘਾਂ ਅਰਦਾਸ ਕੀਤੀ,
ਗੋਰਾ ਬੋਲਦਾ ਬਾਗੀਓ ਆਓ ਜਲਦੀ।
ਸਿੰਘ ਛਾਤੀ ਕਰ ਤੋਪ ਦੇ ਖੜੇ ਅਗੇ,
ਗੋਰਾ ਆਖਦਾ ਤੋਪ ਚਲਾਉ ਜਲਦੀ।

ਜਿਹਨੂੰ ਛਡਦੇ ਹਾਂ ਉਹੋ ਮੁਰਨ ਆਵੇ,
ਨਿਸ਼ਾਨਾ ਮਾਰ ਕੇ ਸਾਥ ਮਿਲਾਓ ਜਲਦੀ।
ਖੜਕ ਸਿੰਘ ਤੇ ਭਾਈ ਪਰੇਮ ਸਿੰਘ ਜੀ,
ਆਖਣ ਸਾਥ ਦੇ ਨਾਲ ਰਲਾਉ ਜਲਦੀ।
ਜੈਕਾਰੇ ਬੋਲ ਕੇ ਸਿੰਘ ਸ਼ਹੀਦ ਹੋ ਗਏ,
ਇਕ ਦੂਏ ਅਗੋਂ ਆਪੇ ਚਲ ਆਵਨ।
ਹਸ ਹਸ ਨੇ ਮੌਤ ਪ੍ਰਵਾਨ ਕਰਦੇ,
ਪਰਵਾਨੇ ਸ਼ਮ੍ਹਾ ਦੇਖ ਉਹਦੇ ਵਲ ਆਵਨ।

—o—

ਕਵੀ

ਕੌਮਾਂ ਦੀ ਖਾਤਰ ਮਰ ਮਿਟਦੇ,
ਨਹੀਂ ਚਾਹੁੰਦੇ ਸੁਖ ਤੇ ਤਾਜਾਂ ਨੂੰ।
ਜਦੋਂ ਗੈਰਤ ਆ ਕੇ ਟੁੰਬਦੀ ਐ,
ਸਿਰ ਵਾਰਨ ਕੌਮ ਤੇ ਕਾਜਾਂ ਨੂੰ।
ਮਰਨਾ ਧਰਮ ਤੇ ਜਾਨਣ ਉਹ,
ਜਿਉਂ ਖਬੇ ਹਥ ਦੀ ਖਾਜਾਂ ਨੂੰ।
ਸੁਖ ਜਵਾਨੀ ਘੋਲ ਘੁਮਾ ਜਾਂਦੇ,
ਜਦ ਸੁਣਦੇ ਮਸਤੀ ਸਾਜਾਂ ਨੂੰ।
ਨਾ ਜਿੰਦ ਪਿਆਰੀ ਨਾਰੀ ਹੈ,
ਨਾ ਕਰਨ ਪਸੰਦ ਉਹ ਰਾਜਾਂ ਨੂੰ।
ਭਾਰਤ ਅਜਾਦ ਕਰਨਾ ਹੈ,
ਸਿੰਘ ਚਾਹੁਣ ਧਰਮ ਦਿਆਂ ਸਾਜਾਂ ਨੂੰ।

ਨੋਟ—ਭਾਈ ਖੜਕ ਸਿੰਘ ਜੀ ਦੇ ਪਿਤਾ ਕੁੰਨਣ ਸਿੰਘ ਜੀ ਸਨ। ਉਮਰ ੨੨ ਸਾਲ ਦੀ ਸੀ ਅਤੇ ਭਾਈ ਪਰੇਮ ਸਿੰਘ ਜੀ ਦੇ ਪਿਤਾ ਦਾ ਨਾਮ ਸੁੰਦਰ ਸਿੰਘ ਜੀ ਬਗੌੜ ਪੁਰ ਪਿੰਡ ਦੇ

ਸ: ਦੇਵਾ ਸਿੰਘ ਦਾ ਸ਼ਹੀਦ ਹੋਣਾ

ਦੇਵਾ ਸਿੰਘ ਜੀ ਗਰੇਵਾਲ, ਲੋਹਗੜ੍ਹ ਦਾ ਸਰਦਾਰ।
*ਸਿਆਣ ਕੇ ਆਖੇ ਸਿੰਘ ਨੂੰ, ਨਾਭੇ ਦਾ ਅਹਿਲਕਾਰ।
ਬਾਹੋਂ ਫੜਕੇ ਲੈ ਗਿਆ ਸਿੰਘਾਂ ਤੋਂ ਸੀ ਦੂਰ।
ਆਖੇ ਬੰਨਿਆ ਕਿਉਂ ਲਕ, ਮਰਨੇ ਦਾ ਹੈ ਚੜ੍ਹਿਆ ਸਰੂਰ।
ਤੇਰਾ ਮੇਰਾ ਗੋਤ ਇਕ, ਨੇੜੇ ਨੇੜੇ ਹੈ ਪਿੰਡ।
ਮੈਂ ਕਰਾਂ ਸਫਾਰਸ਼ ਗੋਰੇ ਨੂੰ, ਰਖ ਲੈ ਸਿੰਘਾ ਜਿੰਦ।
ਕੁਰਸੀ ਤੇ ਜਗੀਰ ਮੈਂ, ਤੇਨੇ ਦਿਆਂ ਦਵਾ।
ਮਾਫੀ ਮੰਗ ਅੰਗਰੇਜ ਤੋਂ, ਆ ਨਾਲ ਤੂੰ ਮੇਰੇ ਆ।

ਸ: ਦੇਵਾ ਸਿੰਘ

ਮੈਂ ਨਾ ਮਾਫੀ ਮੰਗਣੀ, ਕੁਰਸੀ ਨਹੀਂ ਜਗੀਰ।
ਮਰਨਾ ਸ਼ਾਬ ਹੈ ਸਿੰਘਾਂ ਦੇ, ਜਾਂਦਾ ਦੂਰ ਬਹੀਰ।
ਸਾਥ ਨਾ ਛੱਡਾਂ ਕਦੇ ਮੈਂ, ਮਾਫੀ ਨਾ ਮੰਗਦੇ ਸਿੰਘ।
ਮਰ ਜਾਣਾ ਹੈ ਸਾਥ ਨਾਲ, ਵਾਰ ਧਰਮ ਤੇ ਜਿੰਦ।

(੧੨੯ ਸਫੇ ਦੇ ਨੋਟ ਦੀ ਬਾਕੀ)

ਸਰਦਾਰ ਸਨ, ਜੋ ਸੰਗਰੂਰਾਂ ਤੋਂ ਇਹ ਪਿੰਡ ਚਾਰ ਮੀਲ ਹੈ। ਅਜ ਕਲ ਸ਼ਹੀਦੀ ਪਰਵਾਰ ਨੂੰ ਕੂਕਿਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਬੀਬੀ ਰਤਨ ਕੌਰ ਦਾ ਪੇਕਾ ਪਿੰਡ ਰੜ ਸੀ ਅਤੇ ਇਥੋਂ ਤਿੰਨੇ ਭਰਾ ਸ਼ਹੀਦ ਹੋ ਗਏ ਸਨ। ਨਰੈਣ ਸਿੰਘ, ਗੁਰਦਿਤ ਸਿੰਘ ਭੁਜੰਗੀ ਹਰਨਾਮ ਸਿੰਘ। ਬੀਬੀ ਦਾ ਪਿਤਾ ਮਹਿਤਾਬ ਸਿੰਘ ਤੇ ਮਾਤਾ ਖੇਮ ਕੌਰ ਸੀ।

ਨੋਟ—*ਨਾਰੰਗ ਵਾਲ ਦਾ ਨਾਜਮ ਅਹਿਲਕਾਰ ਨਾਭੇ ਵਿਚ ਸ: ਨੱਥਾ ਸਿੰਘ ਜੀ ਸਨ। ਜੋ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਿਤਾ ਸਨ।

ਦੇਵਾ ਸਿੰਘ ਅਰਦਾਸ ਸੋਧ, ਗਿਆ ਤੋਪ ਦੇ ਕੋਲ।
ਗੋਲਾ ਮਾਰ ਵਿਚ ਹਿਕ ਦੇ, ਸਿੰਘ ਆਖਦਾ ਬੋਲ।
ਤੋਪਚੀ ਆਖੇ ਕਮਲਿਆ, ਤੇਰਾ ਮਦਦਗਾਰ।
ਨਾਜ਼ਮ ਸਾਹਿਬ ਆਪ ਹੈ, ਗਰੇਵਾਲ ਅਹਿਲਕਾਰ।
ਸਿੰਘ ਆਖਦਾ ਫੈਰਮੈਨ, ਦੇਹ ਹੁਣ ਕਲਾ ਮਰੋੜ।
ਮੈਨੂੰ ਕਰ ਸ਼ਹੀਦ ਤੂੰ, ਸਾਥ ਨਾਲ ਦੇਹ ਜੋੜ
ਛਾਤੀ ਤੇ ਲਾਈ ਸਿਸਤ ਸੀ, ਗੋਲਾ ਤੋਪ ਵਿਚ ਪਾ।
ਪਰ ਉਸ ਫੈਰਮੈਨ ਨੇ, ਸਿਰ ਤੋਂ ਦਿਤਾ ਲੰਘਾ।
ਭੰਗੜਾ ਪਾ ਕੇ ਨਚਿਆ, ਦੇਵਾ ਸਿੰਘ ਸਰਦਾਰ।
ਬਾਘੀ ਪਾਈ ਓਸ ਨੇ, ਮਾਰੀ ਗਜ ਭਭਕਾਰ।
ਦੇਖਣ ਸਿੰਘ ਦਾ ਹੌਂਸਲਾ, ਖੜੇ ਸੀ ਕਲਰ ਲੋਕ।
ਗੋਲੇ ਦੂਸਰੇ ਨਾਲ ਸਿੰਘ, ਜਾ ਵਸਿਆ ਪ੍ਰਲੋਕ।
ਮਾਫੀ ਮੰਗੀ ਨਾ ਸਿੰਘ ਨੇ, ਰਖੀ ਨਾ ਸੀ ਜਾਨ।
ਗੁਲਾਮੀ ਤਾਜ ਵਿਚ ਜੀਊਣ ਤੇ, ਮਰਨਾ ਕਰ ਪ੍ਰਵਾਨ
*ਦੇਵਾ ਸਿੰਘ ਸ: ਨੇ, ਸਚਖੰਡ ਲਈ ਰਸੀਦ।
ਬਿਸ਼ਨ ਸਿੰਘ ਜੀ ਹੋ ਗਏ, ਖਾਤਰ ਵਤਨ ਸ਼ਹੀਦ।

★

ਨੋਟ—*ਸ਼ਹੀਦ ਦੇਵਾ ਸਿੰਘ ਦੇ ਪਿਤਾ ਸ: ਹਕੂਮਤ ਸਿੰਘ ਜੀ ਅਤੇ ਮਾਤਾ ਦਾ ਨਾਮ ਸਾਹਬ ਕੌਰ ਸੀ। ੨੯ ਸਾਲ ਦੀ ਉਮਰ ਵਿਚ ਸ਼ਹੀਦੀ ਪਾਈ ਆਪ ਦੇ ਛੋਟੇ ਭਾਈ ਅਤਰ ਸਿੰਘ ਜੀ ੧੯੩੧ ਬਿ: ਨੂੰ ਅਖੰਡ ਪਾਠਾਂ ਦੇ ਕਰਾਉਣ ਬਦਲੇ ਜੇਹਲ ਵਿਚ ਸ਼ਹੀਦ ਕੀਤੇ ਗਏ ਸ਼ਹੀਦ ਦਾ ਪ੍ਰਵਾਰ ਨੰ: ਚਰਨ ਸਿੰਘ ਪੁਤਰ ਤੇ ਪੋਤਰੇ ਸ; ਅਮਰ ਸਿੰਘ ਡਾਕਦਾਰ। ਸਰਦਾਰ ਗੁਲਬਦਨ ਸਿੰਘ ਜਥੇਦਾਰ ਅਕਾਲੀ ਦਲ। ਛੋਟੇ ਭਾਈ ਬਲਵੰਤ ਸਿੰਘ, ਕਰਵੰਤ ਸਿੰਘ, ਜਸਵੰਤ ਸਿੰਘ ਸ਼ਹੀਦੀ ਪ੍ਰਵਾਰ ਹੈ ੧੯੯੦ ਤਕ ਖੋਜ।

ਕਵੀ

ਮਰਨਾ ਧਰਮ ਉਤੋਂ ਜਿਹਨਾਂ ਪ੍ਰਵਾਨ ਕੀਤਾ,
ਚੀਨੀ ਵਲ ਦੇ ਸਿੰਘ ਮਰੀਦ ਸੋਈ।
ਗੁਰੂ ਚਰਨਾਂ ਦੇ ਵਿਚ ਧਿਆਨ ਧਰਿਆ,
ਹਨ ਗੁਰਾਂ ਦੇ ਸਿਖ ਮੁਰੀਦ ਸੋਈ।
ਗੁਰੂ ਚਰਨਾਂ ਤੇ ਸਿਦਕ ਕਬੂਲ ਕੀਤਾ,
ਹਨ ਗੁਰਾਂ ਦੇ ਸਿਖ ਫਰੀਦ ਸੋਈ।
ਅਮਰ ਨਾਮ ਅਟੱਲ ਸੰਸਾਰ ਉਥੇ,
ਬਣੇ ਅਰਸ਼ਾਂ ਦੇ ਸਿੰਘ ਕਰਸੀਦ ਸੋਈ।
ਸੁਖ ਜਵਾਨੀ ਸਰਦਾਰੀ ਨੂੰ ਵਾਰ ਜਾਏ,
ਸਚੇ ਬਿਸ਼ਨ ਸਿੰਘ ਹਨ ਸ਼ਹੀਦ ਸੋਈ।

ਸਰਦਾਰ ਸ਼ੇਰ ਸਿੰਘ ਦੀਵੇ ਪਿੰਡ ਦੇ ਨੇ ਸ਼ਹੀਦ ਹੋਣਾ

ਸ਼ੇਰ ਸਿੰਘ ਦੀਵੇ ਨਗਰ ਤੋਂ ਸੀ ਮਸਤਾਨਿਆਂ ਵਿਚ।
ਪਿਤਾ ਲਹਿਣਾ ਸਿੰਘ ਨੂੰ ਦਸਿਆ, ਕਿਸੇ ਜਟ ਸੀ ਮਿਤ
ਤੇਰਾ ਪੁਤਰ ਸ਼ੇਰ ਸਿੰਘ, ਬਾਗੀਆਂ ਕੂਕਿਆਂ ਨਾਲ।
ਕੋਟਲੇ ਦੇ ਅਜ ਕਲਰ ਵਿਚ, ਗੋਰੇ ਰਹੇ ਨੇ [illegible]
ਲਹਿਣਾ ਸਿੰਘ ਆਇਆ ਕੋਟਲੇ, ਅੰਤ ਦਾ ਕਰਨ ਦੀਦਾਰ।
ਧੰਨ ਕੌਰ ਸਿੰਘ ਦੀ ਸਿੰਘਣੀ, ਬਾਲਕ ਨਾਲ ਪਿਆਰ।
ਆਏ ਕੋਟਲੇ ਕਲਰ ਵਿਚ, ਬਾਲਕ ਪਿਤਾ ਸਿਆਣੇ।
ਮਾਂ ਦੀ ਕੁਛੜੋਂ ਉਤਰਕੇ, ਪਿਤਾ ਕੋਲ ਲਗਾ ਆਣ।
ਪਿਤਾ ਤਾਈਂ ਪਛਾਣ ਕੇ, ਗਿਆ ਉਸ ਦੇ ਪਾਸ।

ਨੋਟ—ਸ਼ਹੀਦ ਦਾ ਪਿਤਾ ਲਹਿਣਾ ਸਿੰਘ ਮਾਤਾ ਦਾ ਨਾਮ ਰਤਨ ਕੌਰ, ਗੋਤ ਭੜੋਰ ਉਮਰ ੩੨ ਸਾਲ ਸੀ ਪਿੰਡ ਦੀਵੇ

ਪਿਆਰ ਕਰੇ ਉਹ ਬਾਲਕਾ, ਪਿਤਾ ਦੇ ਆਕੇ ਸਾਥ।
ਪੁਤਰ ਨੂੰ ਚੁਕ ਸ਼ੇਰ ਸਿੰਘ, ਦਿੰਦਾ ਹੈ ਸੀ ਪਿਆਰ।
ਕਾਵਨ ਤਾਈਂ ਕੋਈ ਆਖਦਾ, ਵੇਖੋ ਉਹ ਸਰਦਾਰ।
ਸ਼ੇਰ ਸਿੰਘ ਇਹਦਾ ਨਾਮ ਹੈ, ਦੀਵਾ ਇਹਦਾ ਪਿੰਡ।
ਕਰਦਾ ਪਿਆਰ ਪੁਤਰ ਨਾਲ, ਛਡ ਦਿਉ ਕੂਕਾ ਸਿੰਘ
ਗੋਰਾ ਕਾਵਨ ਆਖਦਾ, ਤਾਂ ਮੈਂ ਬਖਸ਼ਾਂ ਜਾਨ।
ਮਾਫੀ ਲੈਕੇ ਸਿੰਘ ਇਹ, ਮੌਜਾਂ ਲਵੇਗਾ ਮਾਣ।
ਸੁਣ ਸ਼ੇਰ ਸਿੰਘ ਆਖਦਾ, ਬਿਲਿਆ ਕਰ ਤੂੰ ਹੋਸ਼।
ਬੇ ਅਦਲੀ ਕੀਤੀ ਸਿੰਘਾਂ ਨਾਲ, ਮਾਰੇ ਸਿੰਘ ਨਿਰਦੋਸ਼
ਮਰਨਾ ਸਿਖਿਆਂ ਧਰਮ ਤੇ, ਸਾਨੂੰ ਕਾਹਦੀ ਸੰਗ।
ਜੀਉਣਾ ਮਰਨਾ ਇਕ ਹੈ, ਸਾਨੂੰ ਮਸਤੀ ਰੰਗ।
ਕਾਵਨ ਗੋਰਾ ਆਖਦਾ, ਖੜ ਜਾ ਵਿਚ ਨਿਸ਼ਾਨ।
ਗੋਲਾ ਬੱਚ ਲੈ ਹਿਕ ਤੇ, ਨਿਕਲੇ ਤੇਰੀ ਜਾਨ।
ਬੋਲ ਜੈਕਾਰਾ ਸ਼ੇਰ ਸਿੰਘ, ਗਿਆ ਤੋਪ ਦੇ ਪਾਸ।
ਹੋ ਗਿਆ ਉਹ ਸ਼ਹੀਦ ਸੀ, ਉੜਿਆ ਸੀਸ ਅਕਾਸ।
ਬਿਸ਼ਨ ਸਿੰਘ ਜਿਨ੍ਹ ਦੇਖਿਆ, ਉਹਨਾਂ ਦਸਿਆ ਹਾਲ।
ਹਸ ਹਸ ਹੋਏ ਸ਼ਹੀਦ ਸਿੰਘ, ਬਣੇ ਕੌਮ ਦੇ ਲਾਲ।

ਭਾਈ ਪਰੇਮ ਸਿੰਘ ਮਜ਼੍ਹਬੀ ਪੀਰ ਦੇ ਕੋਟ ਦਾ ਸ਼ਹੀਦ ਹੋਣਾ

ਪਰੇਮ ਸਿੰਘ ਨੂੰ ਸਿਆਣ ਕੇ, ਆਖੇ ਇਕ ਸਰਦਾਰ।
ਬਾਗੀ ਮਰਦੇ ਆਣ ਕੇ, ਜਟ ਹਨ ਜਿਮੀਂਦਾਰ।
ਨਾਲ ਸਿੰਘਾਂ ਮਸਤਾਨਿਆ, ਤੇਰਾ ਕੀ ਹੈ ਸਾਥ।
ਤੈਨੂੰ ਮੈਂ ਬਚਾਵਸਾਂ, ਮਜ਼੍ਹਬੀ ਤੇਰੀ ਜਾਤ।
ਤੂੰ ਸੀਰੀ ਮੇਰੇ ਸਾਕ ਦਾ, ਪੀਰ ਦਾ ਕੋਟ ਹੈ ਪਿੰਡ।
ਥੋੜੀ ਜਿਹੀ ਗਲ ਆਖਦੇ, ਬਚ ਜਾਵੇਗੀ ਜਿੰਦ।

ਫੜਕੇ ਤੇ ਉਹ ਸਿੰਘ ਨੂੰ, ਕਰ ਸਿੰਘਾਂ ਤੋਂ ਦੂਰ।
ਗੋਰੇ ਦੇ ਪਾਸ ਲੈ ਗਿਆ, ਮਾਫ ਕਰਾਉਣ ਕਸੂਰ।
ਸਿੰਘ ਦੇ ਤਾਈਂ ਆਖਦਾ, ਇਹ ਗਲ ਦੇਵੀਂ ਆਖ।
ਮਾਫੀ ਦੇਵੇ ਸਰਕਾਰ ਜੋ, ਮੇਰੀ ਮਜ਼ਬੀ ਜਾਤ।
ਮੈਂ ਨਹੀਂ ਸਿੰਘ ਮਸਤਾਨੜਾ, ਸਾਥ ਨਾ ਠਾਲ ਵਹੀਰ।
ਮਜਬੀ ਅਤੇ ਜਟ ਦੀ, ਹੁੰਦੀ ਕਾਹਦੀ ਸ਼ੀਰ।
ਆਖੇ ਭਾਈ ਪਰੇਮ ਸਿੰਘ, ਤੈਂ ਨਹੀਂ ਕਰੀ ਪਛਾਣ।
ਮੈਂ ਤਾਂ ਕੂਕਾ ਸਿੰਘ ਹਾਂ, ਰਹੇ ਨੇ ਸਾਰੇ ਜਾਨ।
ਨਾ ਮੈਂ ਸੀਰੀ ਕਿਸੇ ਦਾ, ਮੇਰਾ ਪੀਰ ਕੋਟ ਨ ਪਿੰਡ।
ਮੈਂ ਵਾਸੀ ਭੈਣੀ ਸਾਹਿਬ ਦਾ, ਮੈਂ ਹਾਂ ਕੂਕਾ ਸਿੰਘ।
ਮਾਫੀ ਮੈਂ ਨਾ ਮੰਗਦਾ, ਮਰਾਂ ਸਿੰਘਾਂ ਦੇ ਸਾਥ।
ਜਿਊਣਾ ਉਹ ਧਰਕਾਰ ਹੈ, ਮਰਨਾ ਸਾਥ ਹੈ ਪਾਕ।
ਗੁਲਾਮ ਰਾਜ ਵਿਚ ਜੀਉਣ ਤੇ, ਮੈਨੂੰ ਮੌਤ ਕਬੂਲ।
ਆਖੇ ਭਾਈ ਪਰੇਮ ਸਿੰਘ, ਮੇਰਾ ਸਿੰਘ ਅਸੂਲ।
ਮਾਫੀ ਨਾ ਮੰਗੀ ਸਿੰਘ ਨੇ, ਖੜਾ ਸੀ ਮੂਹਰੇ ਤੋਪ।
ਹੋਇਆ ਉਹ ਸ਼ਹੀਦ ਸੀ, ਗੋਰੇ ਕਰੀ ਕਰੋਪ।
ਕੂਕਿਆਂ ਦੇ ਇਤਿਹਾਸ ਦਾ, ਇਹੋ ਹੈ ਪਰਸੰਗ।
ਧੰਨ ੨ ਭਾਈ ਪਰੇਮ ਸਿੰਘ ਪਾ ਗਏ ਪਰਮਾਨੰਦ।

★

ਨੋਟ—ਭਾਈ ਪਰੇਮ ਸਿੰਘ ਦਾ ਪਿੰਡ ਪੀਰ ਦਾ ਕੋਟ ਮੌੜ ਮੰਡੀ ਦੇ ਨਜ਼ਦੀਕ ਹੈ। ਇਹ ਮਜਬੀ ਸਿੰਘ ਦਾ ਪਿਤਾ ਮਨਸ਼ਾ ਰਾਮ ਤੇ ਮਾਤਾ ਦਾ ਨਾਮ ਮੰਗਲਾ ਦੇਵੀ ਸੀ ਸ਼ਹੀਦ ਦੀ ਉਮਰ ੩੫ ਸਾਲ ਦੀ ਸੀ ੧੪ ਕਿੱਲੇ ਜ਼ਮੀਨ ਸੀ ਜੋ ਅੰਗਰੇਜ ਸਰਕਾਰ ਨੇ ਜਬਤ ਕਰ ਦਿਤੀ। ਏਸ ਨੂੰ ਫੜਾਉਣ ਵਾਲਾ ਸਰਦਾਰ ਹਰਨਾਮ ਸਿੰਘ ਖ਼ਾਨ ਸਾਹੀ ਗਹਿਰੀ ਨਗਰ ਤੋਂ ਸੀ।

ਭੁਜੰਗੀ ਬਿਸ਼ਨ ਸਿੰਘ ਨੂੰ ਕਤਲ ਕਰਨਾ

ਬੈਂਤ

ਲੋਕ ਵੇਖਦੇ ਸਿੰਘ ਸ਼ਹੀਦ ਹੁੰਦੇ,
ਖੜਕੇ ਤੋਪ ਅਗੇ ਦਿੰਦੇ ਜਾਨ ਕੂਕੇ।
ਇਕ ਦੂਏ ਦੇ ਅਗੋਂ ਸੀ ਮਰਨ ਆਉਂਦੇ,
ਛਾਤੀ ਗੁਲਜਰੀ 'ਚ ਲੈਂਦੇ ਤਾਨ ਕੂਕੇ।
ਦਰਸ਼ਨ ਸਿੰਘ ਕਰਦੇ ਸਤਿਗੁਰੂ ਰਾਮ ਸਿੰਘ ਦੇ,
ਵਿਚ ਤੋਪ ਦੇ ਧਰਨ ਧਿਆਨ ਕੂਕੇ।
ਦੋ ਬਾਲਕੇ ਸਿੰਘਾਂ ਦੇ ਸੀ ਸਾਥੀ,
ਤਕੇ ਮੇਮ ਨੇ ਬੱਚੇ ਸਿਆਨ ਕੂਕੇ।
ਉਹਦੇ ਦਿਲ ਤੇ ਰਹਿਮ ਦਾ ਖਿਆਲ ਆਇਆ
ਮੈਂ ਮਸੂਮਾਂ ਦੀ ਜਿੰਦ ਬਚਾ ਦੇਵਾਂ।
ਬਿਸ਼ਨ ਸਿੰਘ ਹਰਨਾਮ ਸਿੰਘ ਦੋਏ ਬਚੇ,
ਮਾਰੇ ਸਾਹਬ ਨਾ ਮੈਂ ਛੁਡਾ ਦੇਵਾਂ।੧।

ਤਬਾ

ਮੇਮ ਗੋਰੇ ਦੀ ਕਾਵਨ ਦੇ ਪਾਸ ਆਖੇ,
ਬਾਲਕ ਛਡ ਤੂੰ ਮੈਂ ਸਨਮਾਨ ਕਰ ਦਿਆਂ।
ਦੋਏ ਮਾਵਾਂ ਦੇ ਲਾਡਲੇ ਚੰਦ ਸੂਰਜ,
ਸੋਹਣੇ ਫੁਲਾਂ ਤੋਂ ਜਾਨ ਕੁਰਬਾਨ ਕਰ ਦਿਆਂ।
ਹਨ ਸੀਰ ਖੋੜੇ ਹੈਨ ਨਹੀਂ ਬਾਗੀ,
ਏਹਨਾਂ ਦੋਹਾਂ ਨੂੰ ਛਡੋ ਫਰਮਾਨ ਕਰਦਿਆਂ।
ਸੋਹਣੇ ਲਗਦੇ ਪਿਆਰੇ ਨੇ ਬਹੁਤ ਮੈਨੂੰ,
ਮਾਨਣ ਜਵਾਨੀਆਂ ਮੈਂ ਐਲਾਨ ਕਰ ਦਿਆਂ।
ਕਸਮ ਰਬ ਦੀ ਘਿਰਦਾ ਹੈ ਦਿਲ ਮੇਰਾ,
ਜੇਕਰ ਮਾਰੇਂਗਾ ਤਾਂ ਉਡ ਜੂ ਰੂਹ ਮਿਸਫਲ।

ਸੋਹਣੇ ਫੂਲਾਂ ਨੂੰ ਖਿੜਨ ਦੇ ਜਗਤ ਅੰਦਰ,
ਮਮੀ ਲਾਡਲੇ ਹੂ ਬਹੂ ਮਿਸਟਰ।੨।

ਤਥਾ

ਵੈਰੀ ਮਿਤਰ ਦੀ ਨਹੀਂ ਪਛਾਣ ਕੋਈ,
ਬਾਗੀ ਨਹੀਂ ਇਹ ਬਚੇ ਨਿਰਦੋਸ਼ ਦੋਏ।
ਲਾਡ ਮਾਵਾਂ ਦੇ ਨਾਲ ਇਹ ਕਰਨ ਵਾਲੇ,
ਬਗਾਨਾ ਆਪਣਾ ਜਾਨਣ ਨਾ ਰੋਸ਼ ਦੋਏ।
ਸੰਨ ਲਾਈਟ ਨੇ ਜਗਤ ਦੇ ਦੋਏ ਚਾਨਣ,
ਨਹੀਂ ਇਹਨਾਂ ਤੇ ਕਰਨਾ ਰੋਸ ਦੋਏ।
ਘਿਰਦੀ ਜਿੰਦ ਮੇਰੀ ਜੇਕਰ ਗਏ ਮਾਰੇ,
ਗੁੰਮ ਹੋਈ ਜਾਂਦੀ ਜਿੰਦ ਹੋਸ਼ ਦੋਏ।
ਕਾਵਨ ਕਿਹਾ ਵੈਰੀ ਗੁਡ ਮਾਈ ਡੀਅਰ,
ਮੰਨਣ ਸ਼ਰਤ ਤੇ ਦੋਵੇਂ ਬਹਾਲ ਕਰਸਾਂ।
ਪੁਤਰ ਬਾਗੀਆਂ ਦੇ ਬਾਗੀ ਹੋਣ ਡੀਅਰ,
ਮਾਫੀ ਮੰਗਣ ਨਾ,ਤਾਂ ਕਤਲ ਤਲਵਾਰ ਕਰਸਾਂ

ਤਥਾ

ਕੀਹਣ ਸਿੰਘ ਨਹੀਂ ਗੁਰੂ ਰਾਮ ਸਿੰਘ ਦੇ,
ਦੋਏ ਆਖ ਦੇਣ ਮੈਂ ਛਡ ਦੇਵਾਂ।
ਰੁਤਬੇ ਦੇਵਾਂਗਾ ਮੈਂ ਜਿੰਦਗਾਨੀਆਂ ਦੇ,
ਲਾਟ ਹਿੰਦ ਤੇਂ ਜਗੀਰ ਵੀ ਲਭ ਦੇਵਾਂ।
ਅੰਗਰੇਜ ਰਾਜ ਅੰਦਰ ਵਫਾਦਾਰ ਹੋਵਣ,
ਮਾਰੇ ਜਾਣ ਨਾ ਮੌਤ ਤੋਂ ਕਢ ਦੇਵਾਂ।
ਮੈਨੂੰ ਦਿਸਦਾ ਅੱਜ ਜਹਾਨ ਵੈਰੀ,
ਬਾਗੀ ਕੂਕਿਆਂ ਸਿੰਘਾਂ ਨੂੰ ਵਢ ਦੇਵਾਂ।
ਮੇਮ ਕਾਵਨ ਗੋਰੇ ਦੀ ਗਲ ਸੁਣਕੇ,
ਸ਼ੇਰਾਂ ਬਚਿਆਂ ਤਾਈਂ ਸਮਝਾਉਣ ਆਈ।

ਬਿਸ਼ਨ ਸਿੰਘ ਹਰਨਾਮ ਸਿੰਘ ਦੇਖ ਬਾਲਕ,
ਮਾਰੇ ਜਾਣ ਨਾ ਉਹ ਬਚਾਉਣ ਆਈ।
ਸ਼ੀਹਨੀ ਮਾਂ ਤੋਂ ਜਿਹਨਾਂ ਨੇ ਦੁਧ ਪੀਤਾ,
ਸਿੰਘ ਸਮਝ ਇਆਣੇ ਫ਼ਰਮਾਉਣ ਲਗੀ।
ਗੁੜਤੀ ਮਰਨ ਦੀ ਦੋਹਾਂ ਨੇ ਸੀ ਪੀਤੀ,
ਮਾਰੇ ਜਾਣ ਨਾ ਮੇਮ ਬਤਾਉਣ ਲਗੀ।
ਭੈ ਰਖਦੇ ਨਾ ਜਿਹੜੇ ਮੌਤ ਕੋਲੋਂ,
ਮੇਮ ਮੇਮਣੇ ਸਮਝ ਖਿਲਾਉਣ ਲਗੀ।
ਅੰਮ੍ਰਿਤ ਵਟੇ ਆ, ਜਹਿਰ ਵਟਾਉਣ ਲਗੀ,
ਸੋਨੇ ਵਟੇ ਮੁਲੰਮਾ ਵਟਾਉਣ ਲਗੀ।
ਦੋਹਾਂ ਬਚਿਆਂ ਦੇ ਪਾਸ ਆ ਆਖੇ,
ਮਾਣੋ ਸੁਖ ਤੁਸੀਂ ਦੋਵੇਂ ਜਵਾਨੀਆਂ ਦੇ।
ਮਾਫੀ ਮੰਗ ਲੌ ਰਖ ਲੌ ਜਿੰਦਗਾਨੀ,
ਧੰਨਵਾਦ ਹੁਣ ਕਰੋ ਬਰਤਾਨੀਆਂ ਦਾ।

ਤਥਾ

ਕਿਹਾ ਮੇਮ ਨੇ ਦੋਹਾਂ ਭੁਯੰਗੀਆਂ ਨੂੰ,
ਗੁਰੂ ਰਾਮ ਸਿੰਘ ਦੇ ਆਖੋ ਸਿਖ ਨਹੀਂ।
ਤਗਮੇ ਦੇਵੇ ਅੰਗਰੇਜ ਤੇ ਜਿੰਦਗਾਨੀ,
ਕਰੇ ਤੁਹਾਡੇ ਤੇ ਤੋਪ ਅਫਿਕ ਨਹੀਂ।
ਨਹੀਂ ਮਾਰਦਾ ਫੇਰ ਜੋ ਸਾਹਬ ਮੇਰਾ,
ਮਾਫੀ ਮੰਗ ਲੌ ਕਰਨੀ ਦਿਕ ਨਹੀਂ।
ਬਾਗੀ ਕੂਕੇ, ਸਿੰਘ ਨੇ ਮਾਰ ਦੇਣੇ,
ਕੂਕਾ ਛਡਣਾ ਹਿੰਦ ਵਿਚ ਇਕ ਨਾਹੀਂ।
ਗਲ ਸੁਣ ਲਈ ਸਮਝ ਲਈ ਬਿਸ਼ਨ ਸਿੰਘਨੇ,
ਭੁਯੰਗੀ ਉਹ ਅੰਗਰੇਜ ਦੇ ਵਲ ਆਇਆ।

ਕਾਵਨ ਵੇਖਦਾ ਮੰਗੇਗਾ ਇਹ ਮਾਫੀ,
ਮੇਰੇ ਨਾਲ ਜੋ ਕਰਨ ਨੂੰ ਗਲ ਆਇਆ।

ਤੁਕਾ

ਭੁਯੰਗੀ ਆਖਦਾ ਸਾਹਬ ਮੈਂ ਗਲ ਕਰਨੀ,
ਗੋਰਾ ਗਲ ਸੁਨਣ ਲਈ ਅਗੇਂ ਆਇਆ ਸੀ।
ਨੀਵਾਂ ਹੋਕੇ ਗੋਰੇ ਨੇ ਕੰਨ ਕੀਤਾ,
ਬਿਸ਼ਨ ਸਿੰਘ ਨੇ ਜੋਸ਼ ਵਖਾਇਆ ਸੀ।
ਦੋਹਾਂ ਹਥਾਂ ਨਾਲ ਕਾਵਨ ਦੀ ਫੜ ਦਾਹੜੀ,
ਪੂਟ ਘੁਟ ਕੇ ਵਣ ਚੜ੍ਹਾਇਆ ਸੀ।
ਨੌਕਰ ਦੇਖਦਾ ਖੜਾ ਸੀ ਉਸ ਵੇਲੇ,
ਉਹਨੇ ਹਥ ਤਲਵਾਰ ਤੇ ਪਾਇਆ ਸੀ।
ਦੋਏਂ ਹਥ ਭੁਜੰਗੀ ਦੇ ਕਟ ਦਿਤੇ,
ਕੀਮਾਂ ਕੀਮਾਂ ਕਰ ਸਿਰ ਉਤਾਰ ਦਿਤਾ।
ਹਥ ਲਮਕਦੇ ਦਾਹੜੀ ਦੇ ਨਾਲ ਰੈਸਨ,
ਬਿਸ਼ਨ ਸਿੰਘ ਨੇ ਛਡ ਸੰਸਾਰ ਦਿਤਾ।
ਜਿਹਨਾਂ ਵੇਖਿਆ ਬਚਾ ਸ਼ਹੀਦ ਹੁੰਦਾ,
ਲੋਕ ਛਡ ਕਲਰ ਧਾਹਾਂ ਮਾਰ ਤੁਰ ਗਏ।
ਬਿਸ਼ਨ ਸਿੰਘ ਭੁਯੰਗੀ ਸ਼ਹੀਦ ਹੋਇਆ,
ਕਰਦੇ ਗੋਰਿਆਂ ਤਾਈਂ ਫਟਕਾਰ ਤੁਰ ਗਏ।

ਨੋਟ—ਬਿਸ਼ਨ ਸਿੰਘ ਭੁਯੰਗੀ ਦੀ ਉਮਰ ਬਾਰਾਂ ਸਾਲ ਪਿੰਡ ਰੜ, ਪਿਤਾ ਚੜ੍ਹਤ ਸਿੰਘ ਮਾਤਾ ਗੁਲਾਬ ਕੌਰ ਤੇ ਕੌਮ ਰਾਮਗੜ੍ਹੀਆ ਸੀ। ਸ਼ਹੀਦ ਦੇ ਭਰਾਵਾਂ ਦੀ ਬੰਸ ਵਿਚ ਭਾਈ ਲਾਲ ਸਿੰਘ ਜੀ ਹਨ। ਭੁਯੰਗੀ ਦਾ ਕਾਤਲ ਹੀਰਾ ਨੰਦ ਸਿਪਾਹੀ ਜਾਤ ਦਾ ਬ੍ਰਾਹਮਣ ਨਾਭੇ ਦਾ ਸੀ। ਜਿਸ ਨੂੰ ਰਿਆਸਤ ਵਲੋਂ ਠਾਨੇਦਾਰੀ ਤਨਖਾਹ ਮਿਲਦੀ ਰਹੀ।

ਭੁਜੰਗੀ ਹਰਨਾਮ ਸਿੰਘ ਨੂੰ ਤੋਪ ਨਾਲ ਸ਼ਹੀਦ ਕਰਨਾ

ਕਹਿਰ ਭਰਿਆ ਅੰਗਰੇਜ ਨੇ ਹੁਕਮ ਦਿਤਾ,
ਹਰਨਾਮ ਸਿੰਘ ਨੂੰ ਪਕੜ ਲਿਆਉ ਜਲਦੀ।
ਮਾਮੇ ਪਾਸ ਉਹ ਲਾਡਲਾ ਲਾਡ ਕਰਦਾ,
ਫੜਿਆ ਫੌਜੀਆਂ ਨੇ ਬੱਚਾ ਆਉ ਜਲਦੀ।
ਕਾਵਨ ਆਖਦਾ ਮਾਮੇ ਦੀ ਪਿੰਠ ਉਤੇ,
ਇਸ ਬਚੇ ਨੂੰ ਦਿਉ ਚੜਾਉ ਜਲਦੀ।
ਮਾਮਾ ਭਾਣਜਾ ਖੜਨ ਇਹ ਤੋਪ ਅਗੇ,
ਗੋਰਾ ਆਖਦਾ ਤੋਪ ਚਲਾਉ ਜਲਦੀ।
ਹਰਨਾਮ ਸਿੰਘ ਸਹੇਲ ਸਿੰਘ ਤੋਪ ਅਗੇ,
ਜੈਕਾਰੇ ਬੋਲਦੇ ਲੈਣ ਰਸੀਦ ਆਏ।
ਮਾਮਾ ਭਾਣਜੇ ਦੇ ਗੋਲਾ ਇਕ ਲੱਗਾ
ਲਿਆ ਫਲ ਰਸੀਦ ਸ਼ਹੀਦ ਆਏ।
ਕਵੀ–ਧਰਤੀ ਅਕਾਸ਼ ਨੇ ਸੀ ਅਵਾਜ ਦਿਤੀ,
ਬਿਰਥਾ ਖੂਨ, ਬੇਦੋਸ਼ਾਂ ਦਾ ਜਾਇ ਨਾਹੀਂ।
ਕੀਤਾ ਰਬ ਦੇ ਨੂਰ ਤੇ ਜ਼ੁਲਮ ਜਿਹਨਾਂ,
ਕੁੰਭੀ ਨਰਕ ਅੰਦਰ ਚੈਨ ਪਾਇ ਨਾਹੀਂ।
ਸੜੇ ਦੋਜਕਾਂ ਦੀ ਉਹ ਭਾਅ ਅੰਦਰ,
ਪਾਣੀ ਸੁਟਕੇ ਘੁਟ ਛਿੜਕਾਏ ਨਾਹੀਂ।
ਕੌਮ ਉਸ ਦੀ ਤੇ ਰਹੇ ਦਾਗ ਕਾਲਾ,
ਜ਼ੁਲਮ ਫਰੰਗੀ ਇਤਿਹਾਸ ਲੁਕਾਏ ਨਾਹੀਂ।
ਗੁਲਾਮੀ ਗੋਰੇ ਦੀ ਉਡ ਗਈ ਰੂੰ ਬਣਕੇ,
ਭਾਰਤ ਹਿੰਦ ਉਤੇ ਰਾਜ ਜਹਾਨ ਸਾਡਾ।
ਬਿਸ਼ਨ ਸਿੰਘ ਹਰਨਾਮ ਸਿੰਘ ਨਾਮ ਰੋਸ਼ਨ,

ਸ਼ਹੀਦੀ ਨਾਮ ਹੈ ਹਿੰਦੁਸਤਾਨ ਸਾਡਾ।

ਤਥਾ

ਭੁਜੰਗੀ ਦੋਵੇਂ ਸੀ ਹੋ ਸ਼ਹੀਦ ਗਏ,
ਲਾਲ ਸੁਰਖ ਆਕਾਸ਼ ਦਾ ਰੰਗ ਹੋਇਆ।
ਦਰਦਮੰਦ ਲੋਕ ਧਾਹਾਂ ਮਾਰ ਤੁਰ ਪਏ,

ਨੋਟ—ਰਾਇ ਕੋਟ ਦੇ ਸ਼ਿਵਚਰਨ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਲਿਖਕੇ ਬਿਆਨ ਦਿਤਾ ਜੋ ਨਵਾਂ ਹਿੰਦੋਸਤਾਨ ਅਖ-ਬਾਰ ਦੇ ਅਜਾਦੀ ਐਡੀਸ਼ਨ ਵਿਚ ੧੯੬੨ ਈ: ਵਿਚ ਦਿਲੀ ਤੋਂ ਛਾਪਿਆ ਸੀ।

ਬਿਆਨ—ਮੈਂ ਕੋਟਲੇ ਦੀ ਧਰਤੀ ਵਿਚ ਸੀ ਬਹੁਤ ਸਾਰੇ ਕੂਕੇ ਸ਼ਹੀਦ ਹੁੰਦੇ ਡਿਠੇ ਮੈਂ ਵਿਚ ਸਾਂ ਮੈਂ ਕੱਲਾ ਨਹੀਂ ਬਹੁਤ ਸਾਰੇ ਪੰਜਾਬੀ ਅਫਸਰ ਕੋਟਲੇ ਲਿਆਂਦੇ ਗਏ। ਖਵਰ ਨਹੀਂ ਕਿਉਂ? ਖਵਰੇ ਇਸ ਕਰਕੇ ਅਸੀਂ ਵੇਖ ਸਕੀਏ ਜੇਕਰ ਅਸੀਂ ਵੀ ਅੰਗਰੇਜ ਦੇ ਆਕੀ ਹੋ ਗਏ ਤਾਂ ਸਾਡਾ ਵੀ ਇਹੋ ਹੀ ਹਾਲ ਹੋਵੇਗਾ ਜਿਹੁਨਾਂ ਵਿਚ ਦੋ ਬਚੇ ਸਨ। ਇਕ ਅਸਲੋਂ ਹੀ ਅਬੋਧ ਬਾਲ ਸੀ ਉਸ ਦਿਨ ਮਾਮੇ ਦੀ ਪਿਠ ਦੇ ਪਿਛੇ ਕਪੜੇ ਦੀ ਡੱਗੀ ਵਿਚ ਬੱਧਾ ਹੋਇਆ ਸੀ ਅਸੀਂ ਬਹੁਤ ਸਾਰਾ ਜੋਰ ਲਾਇਆ ਕਿ ਬਚੇ ਨੂੰ ਨਾ ਮਾਰਿਆ ਜਾਵੇ ਪਰ ਉਸ ਨੂੰ ਤੋਪ ਨਾਲ ਸ਼ਹੀਦ ਕਰ ਦਿਤਾ। ਰੜ ਪਿੰਡ ਦੇ ਦੋ ਬਚੇ ਕਮਸ਼ਨ ਸ਼ਹੀਦ ਹੋਏ। ਦ: ਡ੍ਰਾਕਦਾਰ ਸ਼ਿਟਚਰਨ ਰ ਇਕੋਟ।

ਸੇਠ ਮੁਨਸ਼ੀ ਰਾਮ ਰੜ ਵਾਲੇ ਦੀ ਵਹੀ ਵਿਚ ਲਿਖਿਆ ਹੈ ੨੦੩ ਪੰਨਾ। ਮਹਿਤਾਬ ਸਿੰਘ ਗੁੰਮਟੀ ਵਾਲੇ ਧਾਲੀਵਾਲ ਦੇ ਘਰ ਖੇਮ ਕੋਰ ਤੋਂ ਕਾਕਾ ਪੈਦਾ ਹੋਇਆ ਬਿਕਰਮ ੧੯੧੯ ਦੇ ਇਕ ਮਾਘ ਨੂੰ। ੧ ਰੁਪੈ ਦਾ ਘਿਓ ੧੬ ਸੇਰ ੨, ਰੁਪੈ ਦਾ ਗੁੜ ਦੋ ਮਣ, ਇਕ ਰੁਪੈ ਦਾ ਤੇਲ ੧੬ ਸੇਰ ਲੈ ਗਿਆ।

ਨਰਮ ਦਿਲ ਸੀ ਜਿਹਨਾਂ ਦਾ ਤੰਗ ਹੋਇਆ।
ਬਚੇ ਮਾਰੇ ਨਿਰਦੋਸ਼ ਫਰੰਗੀਆਂ ਨੇ,
ਬਿਆਨ ਸਿੰਘ ਤੋਂ ਨਹੀਂ ਸੀ ਮੰਗ ਹੋਇਆ
ਨਹੀ ਕੋਟਲੇ ਵਿਚ ਇਨਸਾਫ ਕੀਤਾ,
ਤੁਰਕਾਂ ਸਿੰਘਾਂ ਦਾ ਸੀ ਉਥੇ ਜੰਗ ਹੋਇਆ।
ਪੰਜ ਮਾਘ ਦਾ ਸੂਰਜ ਅਸਮਾਨ ਲੁਕਿਆ,
ਹੋਇਆ ਫਿਰ ਸੰਸਾਰ ਦੇ ਹਨੇਰ ਆ ਕੇ।
ਕਲਚਰ ਵਿਚ ਸ਼ਹੀਦਾਂ ਦੇ ਅੰਗ ਖਿਲਰੇ,
ਫਟੜ ਸਿੰਘ ਕੀਤੇ ਕਤਲ ਫੇਰ ਆਕੇ।

ਤਥਾ

ਸਾਕਾ ਦਰਦ ਭਰਿਆ ਸੁਣ ਕੇ ਖੂਨ ਰੁਕਦਾ,
ਬਿਰਤੀ ਗੁਮ ਹੁੰਦੀ ਲਿਖਣੋਂ ਰਹਿ ਗਿਆ ਦਿਲ
ਆਹਾਂ ਉਠੀਆਂ ਧੂੰਏਂ ਦੇ ਵਾਂਗ ਸਾਰੇ,
ਬਣੇ ਅਥਰੂ ਪਲਕਾਂ ਤੇ ਬਹਿ ਗਿਆ ਦਿਲ।
ਪੌਣ ਲਾਹਨਤਾਂ ਲੱਖ ਫਰੰਗੀਆਂ ਨੂੰ,
ਜੁਲਮ ਕਾਮਨ ਦਾ ਦੇਖ ਸੀ ਢਹਿ ਗਿਆ ਦਿਲ
ਬਿਸ਼ਨ ਸਿੰਘ ਸੀਰ ਖੋਰੇ ਸ਼ਹੀਦ ਹੋ ਗਏ,
ਕਲਮ ਲਿਖੇ ਨਾ ਕਵੀ ਦਾ ਰਹਿ ਗਿਆ ਦਿਲ।

★

ਸੋਲਾਂ ਸਿੰਘ

ਪੰਜਾਹ ਤੋਪਾਂ ਨਾਲ ਸਿੰਘ ਸ਼ਹੀਦ ਕੀਤੇ,
ਬਿਸ਼ਨ ਸਿੰਘ ਸੀ ਕਤਲ ਤਲਵਾਰ ਕਰਿਆ।
ਸੋਲਾਂ ਸਿੰਘਾਂ ਨੂੰ ਲਾਕੇ ਹਥ ਕੜੀਆਂ,
ਕਿਲੇ ਅੰਦਰ ਲੈ ਗਏ ਬੰਦ ਵਾੜ ਕਰਿਆ।
ਪੰਜ ਮਾਘ ਦਾ ਸੂਰਜ ਸੀ ਛਿਪ ਗਿਆ,

ਫੱਟੜ ਸਿੰਘਾਂ ਤੇ ਵਾਰ ਤਲੇ ਕਾਰੂ ਲਕਿਆ।
ਫਿਰ ਭੁਖੇ ਸਿੰਘ ਠੰਢੀ ਸੀ ਪੌਣ ਚਲਦੀ,
ਜਾਲਮ ਕਾਵਨ ਨੇ ਹੁਕਮ ਹੰਕਾਰ ਜਾਰਿਆ।
ਜਿਹਨਾਂ ਵੇਖੇ ਨੇ ਸਿੰਘ ਸ਼ਹੀਦ ਹੁੰਦੇ,
ਰੋ ਰੋ ਦਸਦੇ ਹਾਲ ਮਸਤਾਨਿਆਂ ਦਾ।
ਦਸਣ ਉਹ ਤੇ ਲਿਖੇ ਇਤਿਹਾਸ ਅੰਦਰ,
ਬਿਸ਼ਨ ਸਿੰਘ ਜੋ ਹਾਲ ਪ੍ਰਵਾਨਿਆਂ ਦਾ।

ਤਥਾ

ਸਿਰ ਕਿਧਰੇ ਕਲਰ ਦੇ ਵਿਚ ਖਿੱਲਰੇ,
ਹੱਥ ਪੈਰ ਤੇ ਬਾਂਹ ਸਰੀਰ ਕਿਧਰੇ।
ਕਮਰ ਕਸੇ ਖੁਲੇ ਦਸਤਾਰ ਬਿਖਰੇ,
ਕੇਸ ਖਿਲਰੇ ਚੱਕਰ ਨੇ ਤੀਰ ਕਿਧਰੇ।
ਨਾ ਕੋਈ ਬੋਲਦਾ ਸੁੱਤੇ ਸੀ ਧਰਤ ਉਤੇ,
ਨਾ ਕੋਈ ਉਠਦਾ ਹਸਦਾ ਬੀਰ ਕਿਧਰੇ।
ਕਲਰੀ ਕੋਟਲੇ ਦਾ ਬੀਆਬਾਨ ਦਿਸਦਾ,
ਧਰਤੀ ਲਹੂ ਦੀ ਚਲੇ ਸੀ ਨੀਰ ਕਿਧਰੇ।
ਫੈਰ ਤੋਪਾਂ ਦੇ ਗੋਰਿਆਂ ਬੰਦ ਕੀਤੇ,
ਸੂਰਜ ਛਿਪਿਆ ਲੋਕ ਤਮਾਮ ਡੁਰ ਪਏ।
ਪੰਜ ਮਾਘ ਇਕਵੰਜਾ ਸ਼ਹੀਦ ਹੋ ਗਏ,
ਸੂਰਜ ਛਿਪਿਆ ਲੋਕ ਸੀਆਮ ਡੁਰ ਪਏ।

★

ਨੋਟ—ਅੰਗਰੇਜ਼ਾਂ ਦੀ ਮਿਸਲਾਂ ਵਿਚ ਉਣੰਜਾ ਸਿੰਘਾਂ ਨੂੰ ਤੋਪਾਂ ਨਾਲ ਮਾਰੇ ਦਸਦਾ ਹੈ ਭਾਈ ਬਿਸ਼ਨ ਸਿੰਘ ਦਾ ਕਤਲ ਕਰਨੀ ਜਾਂ ਭੁਜੰਗੀ ਹਰਨਾਮ ਸਿੰਘ ਦਾ ਤੋਪ ਨਾਲ ਮਾਰਨ ਦਾ ਜ਼ਿਕਰ ਨਹੀਂ ਹੈ, ਮੇਰੀ ਖੋਜ ਵਿਚ ਪੰਜ ਮਾਘ ਨੂੰ ਅਕਵਿੰਜਾ ਸਿੰਘ ਸ਼ਹੀਦ ਹੋ ਗਏ ਨੇ

ਸ: ਗੁਰਮੁਖ ਸਿੰਘ ਜੀ ਦਾ ਸ਼ਹੀਦ ਹੋਣਾ

ਸਿੰਘ ਬੈਠੇ ਸਨ ਵਿਚ ਕਲਰ ਦੇ,
ਜੋ ਜੰਗ ਵਿਚ ਹੋਏ ਫਟੜ ਸਨ।
ਘਾਹ ਡੂੰਘੇ ਲਹੂ ਸੀ ਚਲਦਾ,
ਠੰਢ ਨਾਲ ਗਏ ਸਿੰਘ ਅਕੜ ਸਨ।
ਗੁਰਮੁਖ ਸਿੰਘ ਫੂਰਵਾਹੀ ਵਾਲੇ,
ਗਾਤਰਿਓਂ ਕਢੀ ਸੰਚੀ ਸੀ।
ਰਹਿਰਾਸ ਦਾ ਪਾਠ ਓਹ ਸੀ ਕਰਦੇ,
ਹਥ ਪਕੜੀ ਪੰਜ ਗਰੰਥੀ ਸੀ।
ਸਿੰਘ ਨੂੰ ਵੇਖ ਚੁਪਾਹੀ ਜੋ,
ਕਾਵਣ ਕੋਲੇ ਆਇਆ ਸੀ।
ਉਸ ਫਰੰਗੀ ਕੋਲੇ ਆ ਕੇ ਤੇ,
ਗੁਰਮੁਖ ਸਿੰਘ ਬੈਠਾ ਵਖਾਇਆ ਸੀ।
ਇਸ ਸਿੰਘ ਨੇ ਭੈਣੀ ਜਾ ਕੇ ਤੇ,
ਕੋਟਲੇ ਦਾ ਹਾਲ ਸੁਣਾ ਦਿਤਾ।
ਹੀਰਾ ਸਿੰਘ ਜੈਸੇ ਸਰਦਾਰਾਂ ਨੂੰ,
ਲੋਹੜੇ ਦਾ ਜੋਸ਼ ਚੜ੍ਹਾ ਦਿਤਾ।
ਵਿਚ ਕੋਟਲੇ ਆ ਕੇ ਤੇ,
ਬੁਚੜ ਕਤਲ ਕਰਵਾਏ ਹਨ।
ਕਤਵਾਲੀ ਕਤਲ ਕਰੀ ਫਿਰ ਆਕੇ,
ਲੜਾਕੇ ਪਠਾਣ ਭਜਾਏ ਹਨ।
ਪਾਸ ਫਟੜਾਂ ਦੇ ਬੈਠੇ ਬਾਗੀ ਨੇ,
ਉਹ ਪੜ੍ਹਕੇ ਕੁਝ ਸਣਾਉਂਦਾ ਹੈ।
ਸਿੰਘ ਤੋਪਾਂ ਨਾਲ ਜਦ ਮਰਦੇ ਸਨ।
ਇਹ ਬੋਲ ਜੈਕਾਰੇ ਲਾਉਂਦਾ ਹੈ।

ਚੜ ਗਈ ਜਹਿਰ ਕਾਵਨ ਨੂੰ,
ਵਲ ਫਟੜ ਸਿੰਘਾਂ ਦੇ ਆਇਆ ਸੀ।
ਪੋਥੀ ਖੋਹ ਗੁਰਮੁਖ ਸਿੰਘ ਹਥੋਂ,
ਬੂਟਾਂ ਦਾ ਠੁਡਾ ਲਾਇਆ ਸੀ।
ਗੁਰਮੁਖ ਸਿੰਘ ਸਿੰਘ ਅਣਖੀ ਸੀ,
ਸੰਘੀ ਤੋਂ ਕਾਮਨ ਪਕੜ ਲਿਆ।
ਧਰਤੀ ਤੇ ਪਟਕਾ ਦਿਤਾ
ਉਪਰ ਚੜ੍ਹ ਗੋਰਾ ਜਕੜ ਲਿਆ।
ਹਾਲ ਦੁਹਾਈ ਕਰੀ ਗੋਰੇ ਨੇ,
ਸੁਣ ਕੇ ਫੌਜੀ ਆਏ ਦੋ।
ਗੁਰਮੁਖ ਸਿੰਘ ਫਰੰਗੀ ਦੇ ਉਪਰ,
ਉਹਨਾਂ ਮੋਢੇ ਕਟ ਵਖਾਏ ਦੋ।
ਕੀਮਾ ਕੀਮਾ ਕਰ ਦਿਤਾ,
ਨਦੀ ਲਹੂ ਦੀ ਚਲੀ ਸੀ।
ਸਿਰ ਕਟ ਦਿਤਾ ਆਕੇ ਤੇ,
ਰੂਹ ਅਕਾਸ਼ ਨੂੰ ਘੱਲੀ ਸੀ।
ਗੁਰਮੁਖ ਸਿੰਘ ਫੁਰਵਾਹੀ ਵਾਲਾ,
ਸ਼ਹੀਦੀ ਮਰਤਬਾ ਪਾ ਤੁਰਿਆ।
ਫਟੜ ਸਿੰਘ ਕਲਰ ਦੇ ਵਿਚ,
ਸਤਿ ਸ੍ਰੀ ਅਕਾਲ ਸੁਨਾ ਤੁਰਿਆ।

★

ਨੋਟ—ਸ਼ਹੀਦੀ ਪੋਥੀ ਲੇਖਕ ਦੇ ਪਾਸ ਹੈ।

ਫਟੜ ਸਿੰਘ ਸ਼ਹੀਦ ਕਰਨੇ

ਸੀਟੀ ਮ ਰਕੇ ਸਦੇ ਫੌਜੀ, ਕਹੇ ਫਟੜਾਂ ਦੀ ਜਿੰਦ ਮੁਕਾ ਦੇਵੋ।
ਸਿਰ ਧੜਾਂ ਤੋਂ ਵਖਰੇ ਕਰ ਦਿਉ, ਫਿਰ ਧਰਤੀ ਉਤੇ ਸਵਾ ਦੇਵੋ।
ਪਠਾਣ ਕੋਟਲੇ ਦੇ ਸੀ ਆਏ, ਫਟੜ ਸਿੰਘ ਮਾਰ ਮੁਕਾ ਦਿਤੇ।
*ਸੂਰਜ ਛਿਪੇ ਕਤਲ ਕਰੇ ਸਿੰਘ, ਧਰਤੀ ਤੇ ਲਿਟਾ ਦਿਤੇ।

ਨੋਟ—*ਸਰ ਹੈਨਰੀ ਅੰਗਰੇਜ ਆਪਣੀ ਦਾਸਤਾਨ ਵਿਚ ਲਿਖਦਾ ਹੈ ਇਕ ਹੋਰ ਸਿੰਘ ਗਾਰਦ ਦੇ ਪਹਿਰੇ ਵਿਚੋਂ ਦੌੜ ਕੇ ਮਿਸਟਰ ਕਾਮਨ ਨੂੰ ਸੰਘੀਉਂ ਫੜ ਲਿਆ। ਮਿਸਟਰ ਕਾਮਨ ਦੇ ਨੌਕਰਾਂ ਨੇ ਉਸ ਸਿੰਘ ਦੇ ਟੁਕੜੇ ਟੁਕੜੇ ਕਰ ਦਿਤੇ।

ਨੋਟ—ਪ੍ਰਤਾਪ ਸਿੰਘ ਮਹਿਤਾ ਸੌ ਸਾਖੀ ਦੇ ਟੀਕੇ ਵਿਚ ਲਿਖਦਾ ਹੈ ਕਿ ਕੋਟਲੇ ਬਹੁਤ ਸਾਰੇ ਕੂਕੇ ਤੋਪਾਂ ਨਾਲ ਉਡਾਏ ਅਤੇ ਕੁਝ ਕਤਲ ਹੋਏ।

ਨੋਟ—ਮੁਨਸ਼ੀ ਰਾਮ ਰੜ ਪਿੰਡ ਦਾ ਅਖੀਂ ਡਿਠਾ ਸ਼ਹੀਦ ਦਾ ਹਾਲ ਲਿਖਦਾ ਹੈ ਕਿ ਰੜ ਪਿੰਡ ਦੀ ਪੰਚਾਇਤ ਜਿਹਨਾਂ ਨਾਲ ਕਿਸ਼ਨ ਸਿੰਘ ਵੈਦ ਅਤੇ ਮੇਰੀ ਉਮਰ ਉਸ ਵੇਲੇ ਪੰਜੀ ਸਾਲ ਦੀ ਸੀ ਅਸੀਂ ਆਪਣੇ ਪਿੰਡ ਦੇ ਸਿੰਘਾਂ ਨੂੰ ਜੋ ਫੜੇ ਗਏ ਸੀ ਛੁਡਾਉਣ ਲਈ ਕੋਟਲੇ ਦੇ ਕਲਰ ਵਿਚ ਗਏ। ਸਾਡੇ ਜਾਣ ਤੋਂ ਪਹਿਲੋਂ ਹੀਰ ਸਿੰਘ ਅਤਰ ਸਿੰਘ ਸਦਾ ਸਿੰਘ, ਹਰਨਾਮ ਸਿੰਘ ਚਾਰੇ ਭਾਈ, ਨਰੈਣ ਸਿੰਘ, ਗੁਰਦਿਤ ਸਿੰਘ, ਹਰਨਾਮ ਸਿੰਘ ਤਿੰਨੇ ਭਾਈ, ਧਾਲੀਵਾਲ ਮਹਿਤਾਬ ਸਿੰਘ ਗੁਮਟੀ ਵਾਲੇ ਦੇ ਪੁਤਰ ਸਨ ਇਨ੍ਹਾਂ ਦੀ ਭੈਣ ਰਤਨ ਕੌਰ ਤੇ ਖੇਮ ਕੌਰ ਰਾਇ ਕੌਰ ਦੇ ਨਾਲ ਉਹਦਾ ਪੁਤਰ ਬਾਰਾਂ ਸਾਲ ਦਾ ਬਿਸ਼ਨ ਬਿਸ਼ਨ ਸਿੰਘ ਸਾਡੀ ਪਿੰਡ ਦੀ ਪੰਚਾਇਤ ਜਾਣ ਤੋਂ ਪਹਿਲਾਂ ਹੀ ਮਾਰ ਦਿਤੇ ਸਨ।

ਬਿਸ਼ਨ ਸਿੰਘ ਨੂੰ ਇਕ ਨਾਭੇ ਦੇ ਸਿਪਾਹੀ ਨੇ ਕਤਲ ਕਰ ਦਿਤਾ ਸੀ। ਨੌ ਸਾਲ ਦੇ ਹਰਨਾਮ ਸਿੰਘ ਨੂੰ ਮਾਮੇ ਦੀ ਪਿਠ ਤੇ ਬਿਠਾ ਕੇ ਤੋਪ

ਕਵੀ

ਟੁਟ ਪੈਣ ਉਹ ਦੇਸ਼ ਦੇ ਵੈਰੀਆਂ ਤੇ,
ਭੁਖੇ ਬਾਜ ਨੇ ਜਿਵੇਂ ਸ਼ਿਕਾਰੀਆਂ ਦੇ।
ਰਤ ਨਾਲ ਉਹ ਰੰਗਲੀ ਕਰਨ ਧਰਤੀ,
ਚੋਲੇ ਰੰਗੇ ਨੇ ਜਿਵੇਂ ਲਲਾਰੀਆਂ ਦੇ।
ਨਹੀਂ ਜਿੰਦੜੀ ਦੀ ਪਰਵਾਹ ਕਰਦੇ,
ਵਾਇਦੇ ਹੈਣ ਕੀਤੇ ਜਿਨਾਂ ਯਾਰੀਆਂ ਦੇ।
ਨੌਂ ਸਿੰਘ ਜਦ ਕਤਲ ਸ਼ਹੀਦ ਹੋ ਗਏ,
ਬਣੇ ਕੁਤਬ ਸੋਈ ਕੌਮਾਂ ਸਾਰੀਆਂ ਦੇ।
ਸੰਘੀ ਕਾਵਨ ਦੇ ਫੜੀ ਹੋਈ ਲਿਖਣ ਗੋਰੇ,
ਸਰ ਹੈਨਰੀ ਜੋ ਦਾਸਤਾਨ ਅੰਦਰ।
ਗੁਰਮੁਖ ਸਿੰਘ ਦੀ ਕਥਾ ਮਸ਼ਹੂਰ ਸਾਰੇ,
ਕੂਕੇ ਇਤਿਹਾਸ ਦਾ ਹੈ ਬਿਆਨ ਅੰਦਰ।

(੧੪੪ ਸਫੇ ਦਾ ਫੁਟ ਨੋਟ)

ਨਾਲ ਉਡਾ ਦਿਤਾ ਸੀ। ਵਹੀ ਨੰਬਰ ੪੦੫ ਪੰਨੇ ਤੇ ਇਹ ਲਿਖਦਾ ਹੈ। ੪੦੬ ਤੇ ਲਿਖਦਾ ਹੈ ਕਿ—

੧, ਗੁਰਮੁਖ ਸਿੰਘ ਫੂਰਵਾਹੀ ਨੰਬਰਦਾਰ
੨. ਗੁਰਦਿਤ ਸਿੰਘ " "
੩. ਬੇਲਾ ਸਿੰਘ " "
੪. ਭੂਪ ਸਿੰਘ " "
੫. ਧਿਆਨ ਸਿੰਘ ਚੱਕ "
੬. ਅਤਰ ਸਿੰਘ ਵਾਲੀਆ ਤੋਂ ਚੁਮਾਰ
੭. ਨਿੱਕਾ ਸਿੰਘ ਦਿਆਲ ਪੁਰੀਆ ਹੇੜੀ ਰਾਜਪੂਤ
੮. ਭਾਗ ਸਿੰਘ ਬੀੜ ਕਾਨ ਸਿੰਘ ਵਾਲੇ ਤੋਂ ਹੇੜੀ ਰਾਜਪੂਤ
੯. ਨਰੈਣ ਸਿੰਘ ਛੰਨਾ ਤੋਂ

ਸੋਲਾਂ ਸਿੰਘਾਂ ਦੀ ਰਾਤ ਕਿਲੇ ਵਿਚ ਅਹਿਲਕਾਰ ਨੇ ਸਿੰਘਾਂ ਮਾਸ ਆਉਣਾ

ਬੈਂਤ

ਅਨੂਪ ਸਿੰਘ ਵਰਿਆਮ ਸਿੰਘ ਦੋਏ ਆਗੂ,
ਜਗੀਰਦਾਰ ਸਨ ਸਾਥੀ ਸਰਦਾਰ ਸਾਰੇ।
ਇਹਨਾਂ ਨਾਲ ਸੋਲਾਂ ਸਿੰਘ ਕਿਲੇ ਅੰਦਰ।
ਛੁਡਾਉਣ ਆਏ ਸਨ ਅਹਿਲਕਾਰ ਸਾਰੇ।
ਕਈ ਸਾਕ ਸੀ ਸਿੰਘਾਂ ਮਸਤਾਨਿਆਂ ਦੇ,
ਅਹਿਲਕਾਰ ਅੰਗਰੇਜ ਦੇ ਯਾਰ ਸਾਰੇ।
ਉਹ ਸਿੰਘ ਤੋਂ ਮਾਫੀ ਮੰਗਵਾਉਣ ਆਏ,
ਹੁਕਮ ਲੈ ਕੇ ਆਏ ਸਰਕਾਰ ਸਾਰੇ।
ਮਾਫੀ ਮੰਗ ਕੇ ਰਖ ਲਉ ਜਿੰਦ ਆਪਣੀ,
ਬੀਤ ਗਿਆ ਸਮਾਂ ਹਥ ਆਵਣਾ ਨਹੀਂ।
ਮਾਰੇ ਜਾਵੋਗੇ ਕਲ ਨੂੰ ਨਾਲ ਤੋਪਾਂ,
ਫੇਰ ਕਿਸੇ ਨੇ ਤੁਹਾਨੂੰ ਛੁਡਾਵਣਾ ਨਹੀਂ।

ਸਿੰਘ

ਵਰਿਆਮ ਸਿੰਘ ਅਨੂਪ ਸਿੰਘ ਕਿਹਾ ਅਗੋਂ,
ਅਸੀਂ ਗੋਰਿਆਂ ਨੂੰ ਦੇਸੋਂ ਕਢਣਾ ਹੈ।
ਭਾਰਤ ਵਰਸ਼ ਹੈ ਅਸੀਂ ਅਜਾਦ ਕਰਨਾ,
ਗੁਲਾਮੀਂ ਗੋਰਿਆਂ ਦਾ ਸੰਗਲ ਵਢਣਾ ਹੈ।

(੧੪੫ ਸਫੇ ਦੇ ਫੁਟ ਨੋਟ ਦੀ ਬਾਕੀ)

ਮੇਰੇ ਸਾਹਮਣੇ ਇਹ ਕਤਲ ਹੋਏ ਮੈਂ ਇਹਨਾਂ ਦਾ ਲੇਖਾ ਬਰਾਬਰ ਕਰਦਾ ਹਾਂ। ੧੯੯੫ ਲੇਖਕ ਨੇ ਇਹ ਵਹੀ ਦੇਖੀ ਸੇਠ ਮੁਨਸ਼ੀ ਰਾਮ ਤੋਂ ਹਾਲ ਸੁਣਿਆ।

ਰਾਜ ਖਾਲਸਾ ਕਰੇਗਾ ਦੇਸ਼ ਅੰਦਰ,
ਸਾਥ ਸਿੰਘਾਂ ਦਾ ਅਸਾਂ ਨਾ ਛਡਣਾ ਹੈ।
ਅਸੀਂ ਧਰਮ ਉਤੋਂ ਹੋ ਸ਼ਹੀਦ ਜਾਈਏ,
ਝੰਡਾ ਦੇਸ਼ ਅਜਾਦੀ ਦਾ ਗਡਣਾ ਹੈ।
ਮਾਫੀ ਮੰਗਣੀ ਸਿੰਘਾਂ ਦਾ ਕਰਮ ਨਾਹੀਂ,
ਗੁਲਾਮ ਰਾਜ ਵਿਚ ਜੀਊਣ ਤੇ ਮਰਨ ਚੰਗਾ।
ਜੰਜ ਸਾਡੀ ਹੈ ਸਿੰਘਾਂ ਮਸਤਾਨਿਆਂ ਦੀ,
ਮੌਤ ਲਾੜੀ ਨੂੰ ਸਾਡਾ ਹੈ ਵਰਨ ਚੰਗਾ।
ਜਵਾਬ ਸੁਣਕੇ ਉਠ ਕੇ ਤੁਰੇ ਹੈਸਨ,
ਕਹਿ ਆਏ ਇਹੋ ਤੁਹਾਨੂੰ ਮਰਨ ਚੰਗਾ।
ਮਰੋ ਖਪੋ ਸਾਰੇ ਤੁਸੀਂ ਦੇਸ਼ ਖਾਤਰ,
ਕਰਦਾ ਜੀਅ ਜਿਵੇਂ ਤੁਹਾਨੂੰ ਕਰਨ ਚੰਗਾ।

ਕਵੀ

ਸੋਲਾਂ ਸਿੰਘ ਨੇ ਠੰਢ ਤੇ ਭੁਖ ਅੰਦਰ,
ਰਾਤ ਮੁਕੀ ਤੇ ਸੂਰਜ ਪ੍ਰਕਾਸ਼ ਕੀਤਾ।
ਫੌਜੀ ਆਏ ਨੇ ਸਿੰਘਾਂ ਦੇ ਲੈਣ ਖਾਤਰ,
ਉਧਰ ਰਬ ਨੇ ਵੀ ਕੰਮ ਰਾਸ ਕੀਤਾ।
ਬਾਰਸ਼ ਹੋਣ ਲਗੀ ਮੋਹਲੇਧਾਰ ਹੈਸੀ,
ਬਦਲ ਗਰਜਿਆ ਹਨੇਰ ਅਕਾਸ਼ ਕੀਤਾ।
ਕਲਰ ਵਿਚ ਪਾਣੀ ਨਾਲ ਡੂਮ ਭਰ ਗਏ,
ਇਸ਼ਨਾਨ ਕਰ ਕੇ ਸਿੰਘਾਂ ਅਰਦਾਸ ਕੀਤਾ।
ਬਾਣੀ ਭਜਨ ਕਰਦੇ ਆਏ ਕੋਲ ਤੋਪਾਂ,
ਜਿੰਦ ਧਰਮ ਉਤੇ ਸੀ ਲਾਉਣ ਲੱਗੇ।
ਗੋਰੇ ਖੜੇ ਫੌਜੀ ਅਹਿਲਕਾਰ ਸਾਰੇ,
ਤੋਪਾਂ ਦੇਖ ਜੈਕਾਰੇ ਬੁਲਾਉਣ ਆਏ।

ਸਿੰਘਾਂ ਨੇ ਸ਼ਹੀਦ ਹੋਣ ਖਾਤਰ ਅਰਦਾਸ ਕਰਨੀ

ਅੰਤਰ ਧਿਆਨ ਹੋਕੇ ਸਿਘ ਕਰਦੇ ਅਰਦਾਸ।
ਸ੍ਰੀ ਸਤਿਗੁਰੂ ਰਾਮ ਸਿੰਘ ਦਰਸਨ ਦੇਣ ਅਕਾਸ।
ਹੀਰਾ ਸਿੰਘ ਸਰਦਾਰ ਦਾ, ਪਿਥੋਂ ਹੈ ਸੀ ਪਿੰਡ।
ਰਿਸ਼ਤੇਦਾਰ ਸਰਦਾਰ ਦੇ, ਸਕਰੌਦੀ ਦੇ ਅਨੂਪ ਸਿੰਘ।
ਅਨੂਪ ਸਿੰਘ ਸਰਦਾਰ ਦੇ. ਭੂਆ ਦੇ ਪੁਤਰ ਦੋ।
ਅਲਬੇਲ ਸਿੰਘ ਜਵਾਹਰ ਸਿੰਘ, ਬਾਲੀਆ ਤੋਂ ਸੀ ਸੋ
ਅਨੂਪ ਸਿੰਘ ਦੇ ਭਾਣਜੇ, ਸੀ ਮਸਤਾਨਿਆਂ ਸੰਗ।
ਸ਼ਿਆਮ ਸਿੰਘ ਜੋਗੇ ਪਿੰਡ ਤੋਂ, ਸੀ ਮਸਤੀ ਦਾ ਰੰਗ।
ਮਲ ਮਾਜਰੇ ਪਿੰਡ ਤੋਂ, ਰੂੜ ਸਿੰਘ ਸਰਦਾਰ।
ਅਨੂਪ ਸਿੰਘ ਦਾ ਭਾਣਜਾ, ਉਮਰੋਂ ਬਾਈ ਕੁ ਸਾਲ।
ਹਾਕਮ ਸਿੰਘ ਚੁਭਾਲ ਦਾ, ਜਿਲਾ ਅੰਮ੍ਰਿਤਸਰ ਖਾਸ।
ਸਤੇ ਸਿੰਘ ਸ਼ਹੀਦ ਹੋਏ, ਚੜੇ ਸਿੰਘ ਅਕਾਸ।
ਸਤਾਂ ਤੋਪਾਂ ਨਾਲ ਇਹ, ਹੋਏ ਸ਼ਹੀਦ ਸਵੇਰ।
ਸਤ ਸਿੰਘ ਆਏ ਹੋਰ ਸੀ, ਰਬੋਂ ਪਿੰਡ ਦਲੇਰ।
ਕਥਾ ਪੰਜਾਂ ਸਿੰਘਾਂ ਦੀ, ਸੁਣ ਲੌ ਕਰਕੇ ਧਿਆਨ।
ਜੋਸ਼ੀ ਬਿਸ਼ਨ ਸਿੰਘ ਸੁਣੀ, ਤੈਸਾ ਕਰਦਾ ਬਿਆਨ।

* *

ਰਬੋਂ ਦੇ ਪੰਜਾਂ ਸਿੰਘਾਂ ਦੇ ਸ਼ਹੀਦ ਹੋਣ ਦੀ ਕਥਾ

ਰਾਤ ਬਿਤਾਬੀ ਮਸਤਾਨਿਆਂ, ਪਿੰਡ ਰਬੋਂ ਵਿਚ ਆ।
ਸਤ ਸ਼ਿਘ ਮਸਤਾਨਿਆਂ ਨਾਲ ਸਨ, ਮਲੌਦ ਵਿਚ ਪੁਜੇ ਜਾ।
ਲੜਦੇ ਨਾਲ ਸਰਦਾਰ ਦੇ, ਚਾਰ ਫਟੜ ਹੋਏ ਸਿੰਘ।
ਸੋਭਾ ਸਿੰਘ ਮਹੰਤ ਨੇ, ਰਬੋਂ ਲਿਆਂਦੇ ਪਿੰਡ।
ਬੇਰੀਆਂ ਵਾਲੇ ਬਾਗ ਵਿਚ, ਦਿਤੇ ਉਹ ਬਿਨਾਲ।

ਸੇਵਾ ਕਰਨ ਦੇ ਵਾਸਤੇ, ਸਾਥੀ ਪੰਜਾਬ ਸਿੰਘ ਨਾਲ।
ਕਿਲੇ ਵਿਚੋਂ ਹਥਿਆਰ ਲੈ, ਹੋਏ ਸਿੰਘ ਅਸਵਾਰ।
ਰਾਤ ਕੱਟੀ ਆ ਕੋਟਲੇ, ਸੂਰਜ ਦੇ ਚਮਕਾਰ।
ਤਰੀਕ ਪੰਦਰਾਂ ਸਿੰਘਾਂ ਨੇ, ਬੁਚੜ ਮਾਰੇ ਚਲ।
ਵਿਚ ਕਤਵਾਲੀ ਲੜੇ ਸਿੰਘ, ਪੁਲਸ ਸਿੰਘਾਂ ਦੇ ਵਲ।
ਲੜਦੇ ਹੋਏ ਸਿੰਘ ਸਨ, ਗਏ ਦੋ ਸਵਰਗ ਸੁਧਾਰ।
ਵਜੀਰ ਸਿੰਘ ਰਬੋਂ ਪਿੰਡ ਦਾ, ਨੱਥਾ ਸਿੰਘ ਲੁਹਾਰ।
ਦੋਹਾਂ ਸਿੰਘਾਂ ਦੀ ਲੋਥ ਨੂੰ, ਤੁਰਕ ਸੀ ਲੈ ਗਏ ਚੱਕ।
ਲੁਟਣ ਖਜਾਨਾ ਆਏ ਸਿੰਘ ਦਿਤੇ ਮਾਰਕੇ ਰੱਖ।
ਜੇ ਪੁਛੇ ਸਰਕਾਰ ਵੀ, ਤਾਂ ਦੇਵਾਂਗੇ ਇਹ ਬਿਆਨ
ਲੁਟਣ ਖਜਾਨਾ ਆਇ ਸਿੰਘ, ਮਾਰੇ ਅਸੀਂ ਨੇ ਜਾਨ।
ਪਰ ਜੋ ਕੁਦਰਤ ਰਬ ਦੀ, ਰਬ ਨੂੰ ਹੈ ਮਨਜੂਰ।
ਸਿਵਲ ਸਰਜਨ ਡਾਕਦਾਰ, ਤਪਤੀਸ਼ ਕਰੀ ਹਜੂਰ।
ਟੂਟੀ ਲਾਕੇ ਵੇਖਿਆ, ਵਜੀਰ ਸਿੰਘ ਵਿਚ ਸਾਸ।
ਦਿਤੀ ਦਵਾ ਡਾਕਦਾਰ, ਪੁਛਦਾ ਬਚਨ ਬਿਲਾਸ।
ਕਿਸ ਕੰਮ ਆਇਆ ਕੋਟਲੇ, ਕਿਹੜਾ ਤੇਰਾ ਪਿੰਡ।
ਤੈਨੂੰ ਲਵੇ ਸ਼ੰਭਾਲ ਜੋ, ਤੇਰੀ ਬਚੇਗੀ ਜਿੰਦ।
ਜਿਸ ਨੂੰ ਮਿਲਣਾ ਦਸਦੇ, ਜਾਤ ਕੌਣ ਪਰਵਾਰ।
ਤੈਨੂੰ ਲੈਣ ਸੰਭਾਲ ਉਹ, ਜੋ ਤੇਰੇ ਸੇਵਾਦਾਰ।
ਵਜੀਰ ਸਿੰਘ ਜੀ ਬੋਲਿਆ, ਰਬ਼ੋਂ ਮੇਰਾ ਪਿੰਡ।
ਮੈਂ ਸਿੰਘ ਹਾਂ ਰਹਿਤੀਆ, ਹਾਂ ਮਸਤਾਨਾ ਸ਼ਿੰਘ।
ਬੇਲਾ ਸਿੰਘ ਸੋਡਾ ਸਿੰਘ, ਜੋ ਭਾਈ ਹੈਂਗੇ ਚਾਰ।
ਇਤਨੀ ਆਖ ਵਜੀਰ ਸਿੰਘ, ਗਿਆ ਸੀ ਸਵਰਗ ਸੁਧਾਰ
ਡਿਊਟੀ ਉਤੇ ਖੜਾ ਸੀ, ਦੌਲਤ ਖਾਂ ਠਾਣੇਦਾਰ।
ਦਿਲ ਵਿਚ ਕੀਤਾ ਘਾਤ ਉਸ, ਪਕੜਾ ਸਿੰਘਚੁਮਾਰ।
ਨਰੈਣ ਦਾਸ ਇਕ ਭਾਵੜਾ, ਕਸਤੂਰੀ ਮਲ ਇਕਸੇਠ।

ਠਾਣੇਦਾਰ ਲੈ ਤੁਰ ਪਿਆ, ਰਬੋਂ ਪਿੰਡ ਨੂੰ ਵੇਖ।
ਬਜੀਰ ਸਿੰਘ ਦੇ ਭਰਾਵਾਂ ਨੂੰ, ਆਖੇ ਠਾਣੇਦਾਰ।
ਤੁਹਾਡਾ ਭਾਈ ਫਟੜ ਹੈ, ਕਰਦਾ ਜਾਤ ਪੁਕਾਰ।
ਸੇਡਾ ਸਿੰਘ ਬੇਲਾ ਸਿੰਘ ਜੋ, ਤੁਰ ਪਏ ਉਹਦੇ ਨਾਲ।
ਕੋਟਲੇ ਦੇ ਪਏ ਰਾਹ ਉਹ, ਘੋੜੇ ਤੇ ਅਸਵਾਰ।
ਤੀਜਾ ਨਾਲ ਖਜਾਨ ਸਿੰਘ, ਰਲਿਆ ਉਹਨਾਂ ਨਾਲ।
ਸੁਣਿਆ ਸੋਭਾ ਸਿੰਘ ਨੇ, ਉਹ ਭੀ ਹੋ ਗਏ ਤਿਆਰ।
ਵਰਿਆਮ ਸਿੰਘ ਇਕ ਮਸਤਾਨੜਾ, ਆਏ ਕੋਟਲੇਚੱਲ।
ਪੰਜੇ ਆਏ ਕੋਟਲੇ, ਲਏ ਪੁਲਸ ਨੇ ਵਲ।
ਤਿੰਨ ਮਾਘ ਦੀ ਰਾਤ ਸੀ, ਅਗੇ ਸੀ ਚਾਰ ਮਾਘ।
ਫਰੰਗੀ ਦੇ ਕੀਤੇ ਪੇਸ਼ ਉਹ, ਸਿੰਘਾਂ ਦੇ ਸੀ ਭਾਗ।
ਪੰਜ ਮਾਘ ਨੂੰ ਪੰਜ ਸਿੰਘ, ਬਾਗੀ ਕਲਰ ਵਿਚ।
ਮਸਤਾਨੇ ਸਿੰਘ ਉਡਾ ਦਿਤੇ, ਤੋਪਾਂ ਕਰੇ ਅਟਿੱਕ।
ਸੂਰਜ ਛਿਪੇ ਰਾਤ ਨੂੰ, ਸੋਲ੍ਹ ਸਿੰਘਾਂ ਨਾਲ।
ਰਾਤ ਕਟੀ ਸੀ ਕਹਿਰ ਦੀ, ਠੰਢ ਸੀ ਰੁਤ ਸਿਆਲ

★

ਸੋਲਾਂ ਸਿੰਘਾਂ ਨੂੰ ਸਤਾਰਾਂ ਜਨਵਰੀ ਨੂੰ ਸ਼ਹੀਦ ਕਰਨਾ

ਸੂਰਜ ਚੜਿਆ ਆਣਕੇ, ਪੁਲਸ ਆਈ ਸੀ ਲੈਣ।
ਬਦਲ ਸਨ ਅਕਾਸ਼ ਵਿਚ, ਬਾਰਸ਼ ਲਗੀ ਪੈਣ।
ਸਿੰਘ ਕਿਲੇ ਚੋਂ ਕਢਕੇ, ਜਦ ਲਿਆਂਦੇ ਕਲਰ ਵ੍ਚਿ।
ਪਾਣੀ ਦੇ ਭਰੇ ਡੂੰਮ ਸਿੰਘ, ਇਸ਼ਨਾਨ ਕਰੇ ਖੁਸ਼ ਚਿੱਤ
ਤੋਪਾਂ ਜਿਥੇ ਖੜੀਆਂ, ਫੌਜੀ ਸਨ ਅੰਗਰੇਜ।
ਸਿੰਘਾਂ ਦੇ ਵਲ ਦੇਖਦਾ, ਹੰਕਾਰੀ ਕਾਮਨ ਤੇਜ।

ਮਾਰੋ ਪਹਿਲੇ ਸਤ ਸਿੰਘ, ਗੋਲੇ ਤੋਪ ਵਿਚ ਪਾ।
ਦੋ ਵਾਰ ਉਡਾ ਦਿਓ, ਬਾਗੀ ਦਿਊ ਮੁਕਾ।
ਸਤ ਸਿੰਘ ਤਾਂ ਹੋਏ ਸ਼ਹੀਦ ਸਨ, ਚੜ ਗਏ ਉਹ ਅਕਾਸ।
ਸ਼ਹੀਦ ਹੋਣ ਦੇ ਵਾਸਤੇ, ਸਤ ਸਿੰਘ ਖੜੇ ਨੇ ਪਾਸ।
*ਪੰਚਾਇਤ ਰਬੋਂ ਪਿੰਡ ਦੀ, ਬੇਰ ਪਿੰਡੋਂ ਸਰਦਾਰ।
ਕੁਝ ਆਸ਼ੇ ਪਾਸੇ ਦੇ ਅਹਿਲਕਾਰ, ਬਣ ਗਏ ਮਦਦਗਾਰ
ਆਕੇ ਪਾਸ ਅੰਗਰੇਜ ਦੇ: ਕੀਤੀ ਹੈ ਫਰਿਆਦ।
ਕੂਕੇ ਸਿੰਘ ਇਹ ਨਹੀਂ ਹਨ, ਸਾਡੀ ਹੈਗੀ ਦਾਦ।
ਡੇਰਾ ਨਰੰਗਾ ਬਾਦ ਦਾ, ਇਹ ਹਨ ਸੇਵਾਦਾਰ।
ਬਾਬੇ ਬੀਰ ਸਿੰਘ ਦੇ, ਹਨਗੇ ਸੇਵਾਦਾਰ।
ਗੁਰੂ ਕੇ ਪੰਜੇ ਸਿਖ ਨੇ, ਹਨ ਨਹੀਂ ਕੂਕੇ ਸਿੰਘ।
ਛਡ ਦਿਉ ਬੀਰ ਸਿੰਘੀਏ, ਰਬੋਂ ਸਾਡਾ ਪਿੰਡ।

ਮਹੰਤ ਸੋਭਾ ਸਿੰਘ

ਗੋਰਾ ਆਖੇ ਸਿੰਘਾਂ ਨੂੰ, ਮੰਗਣ ਮਾਫੀ ਆ।
ਛਡ ਦੇਵੇ ਸਰਕਾਰ ਫਿਰ, ਰਬੋਂ ਪਹੁੰਚਣ ਜਾ।
ਜੇਕਰ ਕੂਕੇ ਸਿਖ ਨਹੀਂ, ਤਾਂ ਫਿਰ ਕਾਹਦੀ ਸੰਗ।
ਅਸੀਂ ਤਾਂ ਬਾਗੀ ਮਾਰਨੇ, ਕੂਕੇ ਸਿੰਘ ਪਤੰਗ।
ਸੋਭਾ ਸਿੰਘ ਮਹੰਤ ਸਿੰਘ, ਕੂਕੇ ਪੰਜ ਸਰੀਰ।
ਕੂਕੇ ਅਸੀਂ ਸਿੰਘ ਹਾਂ, ਮਸਤਾਨਿਆਂ ਨਾਲ ਬਹੀਰ।
ਗੁਲਾਮ ਰਾਜ ਵਿਚ ਜੀਉਣ ਤੇ, ਮਰਨਾ ਸਾਡੇ ਪਸੰਦ।
ਮਿਲਣਾ ਸਿੰਘਾਂ ਸਾਥ ਜਾ, ਹੈ ਪਾਉਣਾ ਪਰਮਾਨੰਦ।
ਸੁਣ ਕੇ ਸਿੰਘਾਂ ਦੇ ਸਿਦਕ ਨੂੰ, ਗੋਰਾ ਕਹੇ ਪੁਕਾਰ।
ਖੜੋ ਫਿਰ ਮੂਹਰੇ ਤਪ ਦੇ, ਦਈਏ ਤੋਪ ਨੂੰ ਠਾਰ।
ਪੰਜੇ ਰਬੋਂ ਪਿੰਡ ਦੇ, ਹੋਏ ਹਨ ਸ਼ਹੀਦ।
ਬਿਸ਼ਨ ਸਿੰਘ ਜਿਨਾ ਵੇਖਿਆ, ਦਸਣ ਸਿਦਕ ਮਰੀਦ।

ਕਵੀ

ਮੌਤ ਵੇਖ ਹਜਰਤ ਮੁਹੰਮਦ ਸਾਹਿਬ,
ਦਹਿਲ ਗਿਆ ਸੀ ਮੌਤ ਅਕਾਰ ਕੋਲੋਂ।
ਹਜਰਤ ਹਸੈਨ ਨੇ ਪੁਤਰ ਦੀ ਮੌਤ ਵੇਖੀ,
ਹਜਰਤ ਈਸਾ ਵੀ ਡਰੇ ਦੀਦਾਰ ਕੋਲੋਂ।
ਸ੍ਰੀ ਕਿਸ਼ਨ ਜੀ ਤੀਰ ਦੀ ਪੀੜ ਵੇਖੀ,
ਝਲੀ ਗਈ ਨਾ ਮੌਤ ਮੁਰਾਰ ਕੋਲੋਂ।
ਬੰਦ ਬੰਦ ਕਟੇ ਚਰਖੜੀ ਚੜ ਹਸੇ,

ਨੋਟ*ਰਬੋਂ ਪਿੰਡ ਤੇ ਪਟੜੀ ਫੇਰ ਦੇ ਨੰਬਰਦਾਰ।
੧: ਸ: ਮ੍ਹਿਤਾਬ ਸਿੰਘ ਬੇਰ।
੨. ਮੀਰ ਹਾਸ਼ਮ ਖਾਂ ਮਲੇਰ ਕੋਟਲਾ।
੩. ਬਹਾਦਰ ਖਾਂ ਰਸਾਲਦਾਰ ਮਲੇਰ ਕੋਟਲਾ।
੪. ਗੁਲਾਮ ਕਾਦਰ ਸੁਪਰਿਨਟੈਨਡੈਂਟ।

ਇਹਨਾਂ ਨੇ ਦਸਿਆ ਸੀ ਕਿ ਇਹ ਸਿੰਘ ਕੂਕੇ ਨਹੀਂ ਭਾਈ ਮਹਾਰਾਜ ਸਿੰਘ ਜੀ ਬਾਬਾ ਬੀਰ ਸਿੰਘ ਨਰੰਗਾਬਾਦੀਏ ਦੀ ਗਦੀ ਦੇ ਮਾਲਕ ਸਨ ਜਿਹਨਾਂ ਨੂੰ ਅੰਗਰੇਜ ਨੇ ੧੯੫੬ ਨੂੰ ਕਾਲੇਪਾਣੀ ਉਮਰ ਕੈਦ ਕੀਤਾ ਸੀ। ਭਾਈ ਮਹਾਰਾਜ ਸਿੰਘ ਜੀ ੧੯੫੬ ਦੀ ੫ ਜੁਲਾਈ ਨੂੰ ਕਾਲੇਪਾਣੀ ਸਚਖੰਡ ਜਾ ਵਸੇ ਸੀ। ਇਹ ਮਹੰਤ ਸੋਭਾ ਸਿੰਘ ਜੀ ਦੇ ਸਕੇ ਤਾਏ ਸਨ। ਇਹਨਾਂ ਦਾ ਪਹਿਲਾ ਨਾਮ ਨਿਹਾਲ ਸਿੰਘ ਸੀ ਮਹੰਤ ਸੋਭਾ ਸਿੰਘ ਜੀ ਦੇ ਪਿਤਾ ਦਾ ਨਾਮ ਕ੍ਰਿਪਾਲ ਸਿੰਘ ਸੀ।

ਬਿਕਰਮ ੧੯੯੮ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਦਾਰ ਬੂਟਾ ਸਿੰਘ ਕਿਲਾ ਰਾਇ ਪੁਰ ਵਾਲਿਆਂ ਨੂੰ ਸ਼ਹੀਦਾਂ ਦੇ ਸਬੰਧਤ ਵਿਚ ਕੋਟਲੇ ਦੌਲਤ ਖਾਂ ਠਾਣੇਦਾਰ ਪਾਸ ਭੇਜਿਆ ਸੀ, ਲੇਖਕ ਵੀ ਉਸ ਵੇਲ ਨਾਲ ਸੀ। ਠਾਣੇਦਾਰ ਨੇ ਸ਼ਹੀਦਾਂ ਸਬੰਧੀ ਦਸਣ ਤੋਂ ਬਾਅਦ ਰਬੋਂ ਦੇ ਸਿੰਘਾਂ ਨੂੰ ਗਿਫਤਾਰ ਕਰਨਾ ਦਸਿਆ ਸੀ।

ਸਿੰਘ ਡਰੇ ਨਹੀਂ ਤੋਪ ਤਲਵਾਰ ਕੋਲੋਂ।
ਤੋਪਾਂ ਸਾਹਮਣੇ ਖੜ ਸ਼ਹੀਦ ਹੋ ਗਏ,
ਕਲਰ ਯਾਦ ਹੈ ਸਿੰਘਾਂ ਮਸਤਾਨਿਆਂ ਦੀ।
ਬਿਸ਼ਨ ਸਿੰਘ ਹੈ ਕੌਮ ਪਰਵਾਨਿਆਂ ਦੀ,
ਕਥਾ ਕੂਕੇ ਸ਼ਹੀਦਾਂ ਹੈ ਦਾਨਿਆਂ ਦੀ।

ਸ: ਵਰਿਆਮ ਸਿੰਘ ਮਹਿਰਾਜ ਵਾਲੇ ਦੀ ਸ਼ਹੀਦੀ ਕਥਾ

ਮਹਾਰਾਜੇ ਪਟਿਆਲੇ ਦਾ ਗੋਤ ਸਿਧੂ,
ਬਾਈ ਪਿੰਡ ਨੇ ਮਾਫੀ ਬੀਚਾਰ ਸਿਧੂ।
ਮਹਾਰਾਜ ਨਗਰ ਹੈ ਉਗਾ ਜਹਾਨ ਅੰਦਰ।
ਜਗੀਰਦਾਰ ਹੈਸਨ ਜਿਮੀਂਦਾਰ ਸਿਧੂ।
ਰਾਜ ਦਰਬਾਰ ਪਟਿਆਲੇ ਰਿਆਸਤਾਂ ਦੇ.
ਅਹਿਲਕਾਰ ਨਾਜਮ ਸਰਦਾਰ ਸਿਧੂ।
ਮਹਿੰਦਰ ਸਿੰਘ ਪਟਿਆਲੇ ਦਾ ਖਾਸ ਦੋਸਤ,
ਵਰਿਆਮ ਸਿੰਘ ਸੀ ਕੂਕਾ ਦਰਬਾਰ ਸਿਧੂ।
ਸਲਾਹਕਾਰ ਰਾਜੇ ਦਾ ਸੀ ਦੋਸਤ,
ਮਸਤਾਨੇ ਸਿੰਘਾਂ ਦਾ ਸੀ ਜਥੇਦਾਰ ਸਿਧੂ।
ਉਹ ਵੀ ਕੋਟਲੇ ਨਾਲ ਮਸਤਾਨਿਆਂ ਦੇ.
ਬੂਚੜ ਮਾਰੇ ਨੇ ਫੜ ਤਲਵਾਰ ਸਿਧੂ।
ਦੇਸ਼ ਅਜ਼ਾਦੀ ਦਾ ਉਸ ਨੂੰ ਰੰਗ ਚੜ੍ਹਿਆ,
ਮਰਨ ਡਰਨ ਤੋਂ ਨਹੀਂ ਇਨਕਾਰ ਸਿਧੂ।
ਕਿਸੇ ਰਾਜੇ ਨੂੰ ਖਬਰ ਵੀ ਜਾ ਦਸੀ,
ਗਿਆ ਕੋਟਲੇ ਨੂੰ ਤੇਰਾ ਯਾਰ ਸਿਧੂ।
ਮਹਿੰਦਰ ਸਿੰਘ ਸੀ ਰਾਜੇ ਨੂੰ ਖਬਰ ਹੋਈ,
ਉਹਨੇ ਗੋਰੇ ਨੂੰ ਘਲੀ ਸੀ ਤਾਰ ਸਿਧੂ।

ਕਦੋਂ ਮਧਰਾ ਭਾਈ ਵਰਿਆਮ ਸਿੰਘ ਹੈ,
ਦੇਣਾ ਉਹਨਾਂ ਤੋਪ ਨਾਲ ਮਾਰ ਸਿਧੂ ।
ਕਾਵਨ ਗੋਰੇ ਨੇ ਉਸ ਨੂੰ ਛਡ ਦਿਤਾ,
ਉਹ ਸਾਥੀ ਸੀ ਸਿੰਘਾਂ ਮਸਤਾਨਿਆਂ ਦਾ ।
ਵਰਿਆਮ ਸਿੰਘ ਨੇ ਸ਼ਮ੍ਹਾ ਤੇ ਨਾਚ ਕਰਨਾ,
ਬਣਨਾ ਸਾਥੀ ਹੈ ਅਜ ਪਰਵਾਨਿਆਂ ਦਾ ।
ਹੌਸਲੇ ਨਾਲ ਸੀ ਫਿਰ ਸਰਦਾਰ ਪੁਛੇ,
ਮੈਨੂੰ ਤੋਪ ਦੀ ਮਾਰ ਤੋਂ ਛਡਿਆ ਕਿਉਂ ।
ਗੋਲਾ ਮਾਰ ਮੇਰੇ ਛਾਤੀ ਵਿਚ ਇਕੋ,
ਸਾਥੀ ਸਿੰਘਾਂ ਦਾ ਮੈਨੂੰ ਹੈ ਕਢਿਆ ਕਿਉਂ ।
ਫਰੰਗੀ ਆਖਦਾ ਮੌਤੋਂ ਮੈਂ ਬਰੀ ਕੀਤਾ,
ਮਦਰਾ ਕੱਧ ਹੈ ਬੋਲਦਾ ਨਢਿਆ ਕਿਉਂ ।
ਸਿਸਤ ਤੋਪ ਦੀ ਤੇਰੇ ਤੇ ਨਹੀਂ ਬਝਦੀ,
ਮੰਗੇ ਮੌਤ ਕਾਹਨੂੰ ਮੂੰਹ ਅੜਿਆ ਕਿਉਂ ।
ਸਿੰਘ ਆਖਦਾ ਮਰਨ ਦਾ ਬੰਨ ਗਾਨਾ,
ਤੋਪਾਂ ਨਾਲ ਸ਼ਹੀਦੀ ਮੈਂ ਪਾਉਣ ਆਇਆ ।
ਗੋਲਾ ਤੋਪ ਦਾ ਬੋਚਾਂਗਾ ਵਿਚ ਛਾਤੀ,
ਮੈਂ ਭਾਰਤ ਅਜਾਦ ਕਰਾਉਣ ਆਇਆ ।

★

ਮਿਸਟਰ ਕਾਮਨ

ਮਿਸਟਰ ਕਾਮਨ ਗੋਰਾ ਆਖੇ ਅਲੜ੍ਹਾ ਓਏ,
ਨੀਵਾਂ ਤੂੰ ਹੈਂ ਸਿਸਤ ਜੋ ਬੱਝਦੀ ਨਾ ।
ਹੈ ਤੋਪ ਉਚੀ ਤੇਰਾ ਕਦ ਛੋਟਾ,
ਵਿਚ ਗੁਰਜਰੀ ਦੇ ਹਿਕ ਬੱਝਦੀ ਨਾ ।
ਸਰਦਾਰ ਸਿਧੂ ਰਾਜੇ ਦਾ ਭਾਈਚਾਰਾ,


ਜਿੰਦੜੀ ਵਿਚ ਜਹਾਨ ਦੇ ਲੱਜਦੀ ਨਾ।
ਬਰੀ ਕਰ ਦਿਤਾ ਸਰਕਾਰ ਤੈਨੂੰ,
ਕਰਦਾ ਮਰਨ ਗੱਲਾ ਬਾਤ ਚਜਦੀ ਨਾ।
ਬਹਾਨੇ ਬਾਜੀ ਨੂੰ ਸਿੰਘ ਨੇ ਜਾਣ ਲਿਆ,
ਕਹਿੰਦਾ ਕੰਮ ਨਹੀਂ ਇਹ ਬਹਾਨਿਆਂ ਦਾ।
ਸਾਥੀ ਸਿੰਘ ਹਾਂ ਮੈਂ ਮਸਤਾਨਿਆਂ ਦਾ,
ਮਰਨਾ ਸਾਥ ਨਾਲ ਕੰਮ ਮਸਤਾਨਿਆਂ ਦਾ।੩।

★

ਸ: ਵਰਿਆਮ ਸਿੰਘ ਦਾ ਸ਼ਹੀਦ ਹੋਣਾ

ਇਟਾਂ ਬਾਹਨ ਦੀਆਂ ਧਰੀਆਂ ਤੋਪ ਅਗੇ,
ਥੜਾ ਕਰ ਸਿੰਘ ਉਪਰ ਚੜ ਆਖੇ।
ਮੇਰੀ ਗੁਲਜਰੀ ਵਿਚ ਹੈ ਤੋਪ ਬਿਲਿਆ,
ਤੋਪ ਸਿਰ ਤੋਂ ਉਚੀ ਹੈ ਖੜ ਆਖੇ।
ਸ਼ਹੀਦੀ ਰਸੀਦ ਮੈਂ ਲੈਣੀ ਹੈ ਤੋਪ ਕੋਲੋਂ,
ਮੇਰੀ ਹਿਕ ਉਤੇ ਗੋਲਾ ਜੜ ਆਖੇ।
ਗੁੜਤੀ ਮਰਨ ਦੀ ਅਸਾਂ ਨੇ ਹੈ ਪੀਤੀ,
ਲਏ ਹਰਫ ਸ਼ਹੀਦੀ ਦੇ ਪੜ ਆਖੇ।
ਗੋਰੇ ਵੇਖਦੇ ਬੇਪ੍ਰਵਾਹ ਕੂਕੇ,
ਕਾਮਨ ਹੁਕਮ ਦਿਤਾ ਤੋਪ ਚਲਾ ਦੇਵੋ।
ਵਰਿਆਮ ਸਿੰਘ ਹੈ ਸਾਥੀ ਮਸਤਾਨਿਆਂ ਦਾ,
ਇਹਨੂੰ ਸਾਥੀਆਂ ਸਾਥ ਮਿਲਾ ਦੇਵੋ।

* *



ਸਰਦਾਰ ਵਰਿਆਮ ਸਿੰਘ ਮਹਿਰਾਜ ਵਾਲੇ ਇੱਟਾਂ ਰੱਖ
ਤੋਪਾਂ ਅਗੇ ਸ਼ਹੀਦ ਹੋ ਰਹੇ ਹਨ।

ਕਵੀ

ਨਾਲ ਹੌਂਸਲੇ ਸਿੰਘ ਸ਼ਹੀਦ ਹੋਇਆ,
ਫੋਰਸਿਥ ਗੋਰੇ ਵਾਹ ਵਾਹ ਆਖਣ।
ਕਿਡਾ ਹੌਂਸਲਾ ਮਰਨ ਦਾ ਗਭਰੂ ਨੂੰ,
ਡਰਿਆ ਮੌਤੋਂ ਨਾ ਬੇਪ੍ਰਾਹ ਆਖਣ।
ਸੁਖ, ਜਵਾਨੀ ਸਰਦਾਰੀ ਕੁਰਬਾਨ ਕਰਦੇ,
ਗੁਲਾਮ ਦੇਸ ਨਾ ਰਹੇ ਬਈ ਵਾਹ ਆਖਣ।
ਮੌਤ ਵੇਖ ਨਾਹਰੇ ਮਾਰੇ ਕੂਕਿਆਂ ਨੇ
ਕੌਮੀ ਸ਼ਹੀਦ ਇਹੋ ਸ਼ਹਿਨਸ਼ਾਹ ਆਖਣ।
ਜੁਲਮ ਕੀਤਾ ਮਸਤਾਨਿਆਂ ਕੂਕਿਆਂ ਤੇ,
ਲਾਲ ਰੰਗ ਸੀ ਸੁਰਖ ਅਸਮਾਨ ਸਾਰਾ।
ਬਿਸ਼ਨ ਸਿੰਘ ਸ਼ਹੀਦ ਵਰਿਆਮ ਸਿੰਘ ਦਾ,
ਜਸ ਗਾਂਵਦਾ ਨਾਮ ਜ਼ਹਾਨ ਸਾਰਾ।੫।

ਨੋਟ- ਭਾਈ ਪਰਮਾਨੰਦ ਜੀ ਤਵਾਰੀਖ ਵਿਚ ਲਿਖਦੇ ਨੇ ਕਿ ਇਕ ਅੰਗਰੇਜ ਉਸ ਸਮੇਂ ਕੋਟਲੇ ਦੇ ਕਲਰ ਵਿਚ ਸੀ ਉਹ ਆਂਪਣੇ ਸਫਰਨਾਮੇ ਹਿੰਦ ਵਿਚ ਲਿਖਦਾ ਹੈ ਕਿ ਯੂਰਪ ਦੇਸ਼ ਹਜਰਤ ਈਸਾ ਤੇ ਨਾਜ ਕਰਦਾ ਹੈ ਪਰ ਮੈਂ ਕੋਟਲੇ ਮਲੇਰ ਵਿਚ ਕਈ ਹਜਰਤ ਈਸਾ ਹਸ ਹਸ ਮੌਤ ਨਾਲ ਸ਼ਹਾਦਤਾਂ ਪਾਉਂਦੇ ਵੇਖੇ।

ਨੋਟ–ਸ਼ਹੀਦ ਵਰਿਆਮ ਸਿੰਘ ਜੀ ਦਾ ਪਹਿਲੇ ਜਿਲਾ ਫਿਰੋਜਪੁਰ ਵਿਚ ਸੀ ਇਹ ਪਟਿਆਲੇ ਵਾਲੇ ਰਾਜੇ ਦਾ ਭਾਈਚਾਰਾ ਹੈ ਸ਼ਹੀਦ ਹੋਣ ਦੇ ਬਾਅਦ ਇਹਨਾਂ ਦੇ ਤਿੰਨਾਂ ਪਿੰਡਾਂ ਦੀ ਜਾਇਦਾਦ ਜੋ ਬੁਰਜ ਤੇ ਗੰਗਾ ਪਿੰਡ ਤੇ ਮਹਿਰਾਜ ਵਿਚ ਸੀ। ਉਹ ਦੋਹਾਂ ਪਿੰਡਾਂ ਦੀ

ਜਮੀਨ ਖੁਰਦ ਬੁਰਦ ਕਰ ਦਿਤੀ। ਜੋ ਸ: ਅਮਰੀਕ ਸਿੰਘ ਦੇ ਨਾਮ ਸੀ। ਅਮਰੀਕ ਸਿੰਘ ਦਾ ਪੁਤਰ ਸ: ਹਮੀਰ ਸਿੰਘ ਜੀ ੨੭੨ ਕਿੱਲੇ ਦੇ ਮਾਲਕ ਸਨ। ਉਹ ਨਾਮਧਾਰੀ ਹੋ ਗਏ। ਜਿਹਨਾਂ ਦੇ ਪੁਤਰ ਸਰਦਾਰ ਹਜਾਰਾ ਸਿੰਘ ਜੀ, ਸਰਦਾਰ ਦਸੌਂਧਾ ਸਿੰਘ ਜੀ ਤੇ ਸਰਦਾਰ ਵਰਿਆਮ ਸਿੰਘ ਜੀ ਸਨ। ਜੋ ਕਿ ਬਾਈ ਸਾਲ ਦੀ ਉਮਰ ਵਿਚ ਸ਼ਹੀਦ ਹੋ ਗਏ, ਉਹਨਾਂ ਦਾ ਇਕ ਪੁਤਰ ਸੁਚਾ ਸਿੰਘ ਜੀ ਸਨ। ਅਤੇ ਸ: ਪ੍ਰਤਾਪ ਸਿੰਘ ਜੀ ਸ਼ਹੀਦ ਦੇ ਪੋਤਰੇ ੮੦ ਸਾਲ ਦੀ ਉਮਰ ਵਿਚ ਅਜ ਕਲ ਆਪ ਮਹਿਰਾਜ ਪੁਰੀ ਰਾਮਪੁਰ ਮੰਡੀ ਵਿਚ ਨਿਵਾਸ ਕਰਦੇ ਹਨ। ਅਕਾਲ ਪੁਰਖ ਦਾ ਸਿਮਰਨ ਕਰਦੇ ਹੋਏ ਹਠੀ ਤੇ ਤਪੀ ਨਿਰਵੈਰ ਦ੍ਰਿੜ ਵਿਸ਼ਵਾਸ ਸ਼ਰਧਾ ਪਿਆਰ ਵਿਚ ਜੀਵਨ ਬਤੀਤ ਕਰ ਰਹੇ ਹਨ। ਆਪ ਨੂੰ ਲੋਕ ਕੂਕਾ ਕਰਕੇ ਪੁਕਾਰਦੇ ਹਨ। ਆਪ ਦਾ ਪੁਤਰ ਸ: ਗੁਰਦੇਵ ਸਿੰਘ ਤੇ ਪੋਤਰੇ ਤੇਜਿੰਦਰ ਸਿੰਘ ਤੇ ਜੋਗਿੰਦਰ ਸਿੰਘ ਬਿਕਰਮ ੧੯੭੬ ਤਕ ਸ਼ਹੀਦ ਦੇ ਪੋਤਰੇ ਸ: ਪ੍ਰਤਾਪ ਸਿੰਘ ਜੀ

ਨੋਟ–ਮਹਿਰਾਜ ਦੇ ਸ਼ਹੀਦ ਸਿੰਘ,

੧; ਸ: ਵਰਿਆਮ ਸਿੰਘ

੨: ਸ: ਮੋਗਾ ਸਿੰਘ

੩, ਸ: ਜੋਧਾ ਸਿੰਘ

੪. ਸ: ਅਤਰ ਸਿੰਘ

੫. ਸ: ਸਦਾ ਸਿੰਘ

ਕੋਟਲੇ ਦੇ ਕਲਰਾਂ ਵਿਚ ਤੋਪਾਂ ਨਾਲ ਸ਼ਹੀਦ ਹੋਏ।

ਸ਼ਹੀਦ ਵਰਿਆਮ ਸਿੰਘ ਦੇ ਪੌਤਰੇ
ਸ: ਪਰਤਾਪ ਸਿੰਘ ਜੀ ਕੂਕਾ



ਸ਼ਹੀਦਾਂ ਦੀਆਂ ਕਲਰ ਵਿਚ ਦੇਹਾਂ

ਸ਼ਹੀਦਾਂ ਸਿੰਘਾਂ ਦੇ ਖਿਲਰੇ ਸੀ, ਵਖੋ ਵਖ ਸੀ ਅੰਗ।
ਟੋਏ ਪੁਟੇ ਖੂਹ ਸਨ, ਨਪੇ ਧਰਤੀ ਸਗ।
ਬਸਤਰ ਦੋ ਸਾਲੇ ਸਿੰਘਾਂ ਦੇ, ਭੰਗੀਆਂ ਲਏ ਸੰਭਾਲ।
ਗਦੂ ਭੰਗੀ ਸਰਕਾਰ ਦਾ, ਦਸਦਾ ਹੈਸੀ ਹਾਲ।
ਗੂੰਜ ਕਲਰ ਚੋਂ ਆਂਵਦੀ, ਹਾੜ ਰੁਤ ਤੇ ਸਿਆਲ।
ਅੱਧੀਂ ਰਾਤੋਂ ਬੋਲਦੇ, ਸਿੰਘ ਸਤਿ ਸ੍ਰੀ ਅਕਾਲ।
ਪਿੰਡਾਂ ਵਾਲੇ ਲੋਕ ਸਭ, ਪੂਜਨ ਇਹ ਅਸਥਾਨ।
ਆਣ ਪਤਾਸੇ ਵੰਡਦੇ, ਮੁਸ਼ਕਲ ਹੋਏ ਅਸਾਨ।
ਭੰਦਲੀ ਨਦੀ ਦੇ ਥਲ ਵਿਚ, ਜੋ ਸਿੰਘ ਹੋਏ ਸਹੀਦ।
ਲੋਥਾਂ ਦਿਤੀਆਂ ਨਪ ਸਨ, ਥਲ ਦੇ ਵਿਚ ਕੁਰਸੀਦ।
ਦੋ ਮਾਈਆਂ ਮਸਤਾਨੀਆਂ, ਉਹਨਾਂ ਦਾ ਪ੍ਰਬੰਧ।
ਪਟਿਆਲੇ ਬਹਾਦਰ ਗੜ੍ਹ ਕਿਲੇ, ਵਿਚ ਕੀਤੀਆਂ ਨਜਰਬੰਦ।
ਹੋਇਆ ਸਾਕਾ ਕੋਟਲੇ, ਦਸਿਆ ਸਾਰਾ ਹਾਲ।
ਬਿਕਰਮ ਉਨੀ ਸੌ ਅਠਾਈ ਸੀ, ਪੰਜ ਛੇ ਮਾਘ ਸਿਆਲ।
*ਗਿਆਨ ਸਿੰਘ ਤੇ †ਥੰਮਨ ਸਿੰਘ, ਫਟੜ ਹੋਏ ਮਲੌਦ
‡ਭਗਵਾਨ ਸਿੰਘ ਤੇ (,ਮਿਹਰ ਸਿੰਘ ਮਸਤਾਨੇ ਸਿੰਘ ਨਿਰੋਧ
ਕਾਲੇ ਪਾਣੀ ਉਮਰ ਕੈਦ, ਚ:ਰੇ ਭੇਜੇ ਸਿੰਘ।
ਦੋ ਗਏ ਸੀ ਸਚਖੰਡ, ਦੋ ਆਏ ਸੀ ਪਿੰਡ।

ਨੋਟ—ਗਿਆਨ ਸਿੰਘ ਦਾ ਤੇ ਰਾਮ ਸਿੰਘ ਦੋਨੋ ਭਾਈ ਬਲਾੜੀ ਪਿੰਡ ਦੇ ਸਨ। ਰਾਮ ਸਿੰਘ ਕੋਟਲ ਜੰਗ ਵਿਚ ਸ਼ਹੀਦ ਹੋ ਗਿਆ, ਭਾਈ ਗਿਆਨ ਸਿੰਘ ਦੀ ਸ਼ਾਦੀ ਪਿੰਡ ਫਲੜੇ ਹੋਈ ਸੀ ਇਹ ਸੌਹਰੇ ਘਰ ਦੀ ਢੇਰੀ ਦੇ ਮਾਲਕ ਸਨ ਇਹਨਾਂ ਦਾ ਸਪਤਨੀ ਧਨ ਕੌਰ ਸੀ ਇਕ ਪੁਤਰ ਤੇਜਾ ਸਿੰਘ ਜੀ ਸਵਰਗਵਾਸ ਹੋ ਗਏ। ਗਿਆਨ ਸਿੰਘ ਜੀ ਕਾਲੇ ਪਾਣੀ ਸ਼ਹੀਦ ਹੋ ਗਏ। ਇਹਨਾਂ ਦੇ ਪਿਤਾ ਦਲ ਸਿੰਘ ਨੇ

ਸਿੰਘਾਂ ਦੇ ਸ਼ਹੀਦ ਹੋਣ ਦੇ ਬਾਅਦ

ਖੜਕ ਸਿੰਘ ਦੀ ਸਿੰਘਣੀ, ਰਤਨ ਕੌਰ ਸ੍ਰੀ ਨਾਮ।
ਪਤੀ ਹੋਇਆ ਸ਼ਹੀਦ ਸੀ, ਪਚਾਈ ਗਗੜ ਪੁਰ ਗਾਮ।
ਸ਼ਹੀਦ ਅਨੂਪ ਸਿੰਘ ਦਾ, ਪੰਜ ਸਾਲ ਦਾ ਬਾਲ
ਸਕਰੌਦੀ ਪਿੰਡ ਪੁਚਾ ਦਿਤਾ, ਨਾਮ ਸ੍ਰੀ ਸਿੰਘ ਕ੍ਰਿਪਾਲ।

(੧੬੦ ਸਫੇ ਦੇ ਨੋਟ ਦੀ ਬਾਕੀ)

ਦੋਹਾਂ ਪੁਤਰਾਂ ਦੇ ਸ਼ਹੀਦ ਹੋਣ ਦੇ ਬਾਅਦ ਬਲਾੜੀ ਪਿੰਡ ਦੀ ਜ਼ਮੀਨ ਭੈਣੀ ਸਾਹਿਬ ਲੰਗਰ ਦੇ ਨਾਮ ਵਿਚ ਲਵਾ ਕੇ ੧੯੬੩ ਵਿਚ ਦੇਹ ਤਿਆਗ ਦਿਤੀ।

†ਥੰਮਣ ਸਿੰਘ ਦਾ ਪਿਤਾ ਅਲਬੇਲ ਸਿੰਘ ਪਿੰਡ ਫਲੇੜਾ ਗੋਤ ਭੰਗੂ ਕੈਦ ੧੪ ਸਾਲ ਕਟਕੇ ਪਿੰਡ ਆ ਗਏ ਸਨ। ੧੯੭੭ ਬਿਕਰਮ ਨੂੰ ਉਹ ਸਚਖੰਡ ਗਏ।

‡ਸਰਦਾਰ ਭਗਵਾਨ ਸਿੰਘ ਦੇ ਪਿਤਾ ਰਾਮ ਸਿੰਘ ਪਿੰਡ ਨੰਗਲ ਮਾਨਸਾਂ ਮੰਡੀ ਦੇ ਨਜਦੀਕ ਗੋਤ ਸਿਧੂ ਕਾਲੇ ਪਾਣੀ ਵਿਚ ਸਚਖੰਡ ਜਾ ਵਸੇ। ਭਗਵਾਨ ਸਿੰਘ ਦੀ ਅੰਸ ਬੰਸ ਕੂਕਿਆਂ ਦੇ ਨਾਮ ਨਾਲ ਯਾਦ ਕੀਤੀ ਜਾਂਦੀ ਹੈ।

()ਮੇਹਰ ਸਿੰਘ ਜੀ ਜਿਲਾ ਜਲੰਧਰ ਪਿੰਡ ਅਲਬਰ ਪੁਰ ਗੁਲਾਬ ਰਾਇ ਨਾਈ ਜਾਤੀ ਦੇ ਘਰ ਜਨਮੇ ਸਨ ਪਰ ਉਹ ਜਿਲਾ ਲੁਧਿਆਣੇ ਦੇ ਪਿੰਡ ਦੀਵੇ ਦੇ ਮਹੰਤ ਉਦਾਸੀ ਹੋ ਗਏ ਸੀ, ਅੰਮ੍ਰਿਤ ਛਕ ਕੇ ਸਿੰਘ ਸਜ ਕੇ ਮਸਤਾਨੇ ਦਲ ਦੇ ਨਾਲ ਮਲੌਦ ਵਿਚ ਫਟੜ ਹੋ ਗਏ ਕਾਲੇ ਪਾਣੀ ਉਮਰ ਕੈਦ ਭੁਗਤ ਕੇ, ਦੀਵੇ ਨਗਰ ਵਿਚ ਆਕੇ ੧੯੬੫ ਵਿਚ ਜੋੜ ਲੀਨ ਹੋਏ। ਲੇਖਕ ਨੇ ਆਪ ਦੇ ਦਰਸ਼ਨ ਕੀਤੇ।

ਜਿੰਦਾ ਸ਼ਹੀਦ ਸ: ਪੰਜਾਬ ਸਿੰਘ

ਮਲੌਦ ਵਿਚ ਚਾਰ ਸਿੰਘ ਫਟੜਾਂ ਨੂੰ ਮਹੰਤ ਸੋਭਾ ਸਿੰਘ ਜੀ ਰਬੋਂ ਪਿੰਡ ਦੇ ਬੇਰੀਆਂ ਵਾਲੇ ਬਾਗ ਵਿਚ ਲੇ ਆਏ ਸਨ। ਪਰ ਉਹ ਚਾਰੇ ਫਟੜ ਸਿੰਘ ਮਲੌਦ ਦੇ ਗਊਆਂ ਦੇ ਬਾਗੀ ਸੂਬੇ ਗੁਜਰ ਨੇ ੧੬ ਜਨਵਰੀ ਦੀ ਰਾਤ ਬਾਗ ਵਿਚੋਂ ਫੜਾ ਦਿਤੇ ਸ਼ਨ। ਮਲੌਦ ਵਿਚ ਮਿਸਟਰ ਫੋਰਸਿਥ ਅੰਬਾਲਾ, ਮਿਸਟਰ ਕਾਵਨ ਲੁਧਿਆਨਾ ਨੇ ਚੌਹਾਂ ਸਿੰਘਾਂ ਨੂੰ ਕਾਲੇਂ ਪਾਣੀ ਉਮਰ ਕੈਦ ੧੯ ਜਨਵਰੀ ਨੂੰ ਭੇਜ ਦਿੱਤਾ। ਸ਼ਰਦਾਰ ਪੰਜਾਬ ਸਿੰਘ ਮਸਤਾਨਾ ਫਲੇੜੇ ਨਗਰ ਦੇ ਨੂੰ ਮਫਰੂਰ ਕਰਾਰ ਦੇਕੇ ਵਰੰਟ ਜਾਰੀ ਕੀਤੇ ਗਏ। ਉਹ ਸਿੰਘ ਵੀਹ ਸਾਲ ਤਕ ਗੁਪਤ ਰਿਹਾ। ੧੯੫੦ ਵਿਚ ਪਿੰਡ ਪੁਜਕੇ ਸ਼ਾਦੀ ਕਰਾਈ ਜਿਸਦੇ ਪੁਤਰ ਸੰਤ ਪਰੇਮ ਸਿੰਘ ਜੀ ਜੋਗੀ ਰਾਜ ਰਿਸ਼ੀ, ਰਿਧੀ, ਸਿਧੀ ਦੇ ਭਰਭੂਰ ਮਹਾਂਦਾਨੀ, ਹਰ ਹਰ ਕੀਰ-ਤਨ ਵਿਚ ਰੰਗੇ ਹੋਏ, ਭਜਨ ਦੇ ਕਰਨਹਾਰੇ ਫਲੇੜੇ ਨਗਰ ਵਿਚ ਜੀਵਤ ਹਨ। ਸੰਤ ਪ੍ਰੀਤਮ ਸਿੰਘ ਜੀ ਉਹਨਾਂ ਦੀ ਅੰਸ ਬੰਸ ਨਾਮ ਧਾਰੀ ਹੈ ਭਾਈ ਖਜਾਨ ਸਿੰਘ ਮਲੇਰ ਕੋਟਲੇ ਵਿਚ ਹੋਏ ਸ਼ਹੀਦੀ ਯਾਦਗਾਰ ਫਲੇੜੇ ਵਿਚ ਚਾਨਣੀ ਦਸਵੀਂ ਨੂੰ ਦੇਗਾਂ ਦੀਆਂ ਅਰਦਾਸਾਂ ਹੁੰਦੀਆਂ ਨੇ। ਮਸਤਾਨੇ ਸ਼ਹੀਦਾਂ ਦੀ ਯਾਦਗਾਰ ਦੋ ਚਕਰ, ਇਕ ਲੋਹ ਦਾ ਡੋਲ, ਦੋ ਕ੍ਰਿਪਾਨਾਂ ਦਰਸ਼ਨ ਵੀ ਹੁੰਦੇ ਹਨ।



(ਸੰਤ ਪ੍ਰੀਤਮ ਸਿੰਘ ਜੀ)

*

*

ਰਬੋਂ ਦੇ ਸਿੰਘ

ਰਬੋਂ ਪਿੰਡ ਦੇ ਸਿੰਘ ਸੀ, ਹੋਏ ਜਦੋਂ ਸ਼ਹੀਦ।
ਪਕੜੇ ਕੂਕੇ ਸਿੰਘ ਸਨ, ਮਸਤਾਨੇ ਸਿੰਘ ਮੁਰੀਦ।
ਮੀਹਾਂ ਸਿੰਘ ਤੇ ਸੀਹਾਂ ਸਿੰਘ, ਦੇਵਾ ਸਿੰਘ ਸਰਦਾਰ।
ਕੀਤੇ ਤਿੰਨੇ ਕੈਦ ਸਨ, ਤਿੰਨ ਮਹੀਨੇ ਚਾਰ।

★

ਕੂਕਿਆਂ ਦਾ ਚੱਕ

ਕੂਕਿਆਂ ਦਾ ਚੱਕ ਆਖਦੇ, ਕੋਟਲਿਓਂ ਥੋੜੀ ਦੂਰ।
ਬਾਬਾ ਕਾਹਨ ਸਿੰਘ ਜੀ, ਸੂਬੇ ਸੀ ਮਸ਼ਹੂਰ।
ਕਾਲੇ ਪਾਣੀ ਨਜਰਬੰਦ, ਕੀਤਾ ਗੋਰੀ ਸਰਕਾਰ।
ਧਿਆਨ ਸਿੰਘ ਸ਼ਹੀਦਾਂ ਚੱਕ ਦਾ, ਪਕੜਿਆ ਸੀ ਪ੍ਰਵਾਰ।
ਕਾਵਨ ਦਿਤਾ ਹੁਕਮ ਸੀ, ਮਾਰੋ ਪਿੰਡ ਜੋ ਚੱਕ।
ਤੋਪਾਂ ਨਾਲ ਉਡਾ ਦਿਓ, ਕੋਈ ਨਾ ਭੱਜੇ ਬਚ।
ਰਹਿਣ ਨਾ ਦੇਵੋ ਇਕ ਵੀ, ਕੂਕਿਆਂ ਦਾ ਕੋਈਬਾਲ
ਧਰਤੀ ਵਿਚ ਮਿਲਾ ਦਿਉ, ਦਿਉ ਤੋਪ ਨਾਲ ਢਾਲ।
ਸਤਾਰਾਂ ਜਨਵਰੀ ਦਸ ਵਜੇ, ਆਈ ਫੌਜ ਹਜਾਰ।
ਤੋਪਾਂ ਆਕੇ ਬੀੜੀਆਂ, ਪਿੰਡ ਉਦਾਲੇ ਚਾਰ।
ਕੁਝ ਕੀਤੇ ਸਿੰਘ ਗ੍ਰਿਫਤਾਰ, ਫੌਜੀ ਗੋਰਿਆਂ ਆ।
ਪਿੰਡੋਂ ਬਾਹਰ ਕਿਸੇ ਨੂੰ, ਬਾਹਰ ਨਾ ਦੇਵਣ ਜਾ।
ਸੁੰਦਰ ਸਿੰਘ ਸੀ ਚੌਧਰੀ, ਮਸਤਾਨਿਆਂ ਦਾ ਸੀ ਯਾਰ।
ਬਾਗੀ ਸਮਝਿਆ ਉਸਨੂੰ, ਕਰ ਲਿਆ ਸੀ ਗ੍ਰਿਫਤਾਰ।
ਧਿਆਨ ਸਿੰਘ ਸ਼ਹੀਦ ਦੇ, ਹੈਸਨ ਭਾਈ ਤਿੰਨ।
ਖਜਾਨ ਸਿੰਘ ਤੇ ਹਿੰਮਤ ਸਿੰਘ, ਬਸਾਵਾ ਸਿੰਘ ਲਏ ਬਿੰਨ
ਲਹਿਣਾ ਸਿੰਘ ਦੂਲਾ ਸਿੰਘ ਜੀ, ਨਿਹਾਲ ਸਿੰਘ ਦੇਵਾਸਿੰਘ

ਪੁਤਰ ਕਾਹਨ ਸਿੰਘ ਦਾ, ਗੁਰਮੁਖ ਸਿੰਘ ਨਰਿੰਦ।
ਬਸਾਵਾ ਸਿੰਘ ਗੁਰਦਿਤ ਸਿੰਘ, ਪੁਲਸੀਆਂ ਲਏ ਬਿਠਾਲ
ਕਹਿਣ ਬਾਗੀ ਸਿੰਘ ਜੇ, ਮਾਰਨੇ ਤੋਪਾਂ ਨਾਲ।
ਮਾਫੀ ਮੰਗੇ ਛੁਟੇ ਜੋ, ਕਛਾਂ ਦੇਵੇ ਲਾਹ।
ਛਡੇ ਕੂਕੇ ਪੰਥ ਨੂੰ, ਨਹੀਂ ਮੌਤ ਦੇ ਰਾਹ।
ਸਾਲ ਭਰ ਕੀਤੇ ਤੰਗ ਸਨ, ਕਰਦੇ ਪਿੰਡ ਨੂੰ ਜਿਚ।
ਕੋਟਲੇ ਵਾਲੇ ਅਹਿਲਕਾਰ, ਕਰਨ ਸਿੰਘਾਂ ਨੂੰ ਦਿੱਕ।
ਸਿਦਕ ਸਿਖੀ ਨਾ ਹਾਰਿਆ, ਕੋਟਲੇ ਦੀ ਵਿਚ ਜੇਲ
ਵੇਖੋ ਕੁਦਰਤ ਰਬ ਦੀ, ਕੀ ਕਰਦੀ ਹੈ ਖੇਲ।
ਜਮਾਨਤ ਮੰਗੇ ਲਖ ਦੀ, ਕੋਟਲੇ ਦੀ ਸਰਕਾਰ।
ਸਫਾ, ਨਾਮ ਸੀ ਚੌਧਰੀ, ਝਨੇਰ ਦਾ ਜਿਮੀਂਦਾਰ।
ਇਕ ਲਖ ਦਾ ਮਚਲਕਾ, ਦਿਤਾ ਉਸ ਨੇ ਆਇ।
ਛਡੇ ਫਿਰ ਸਿੰਘ ਸਨ, ਚੱਕ ਪਿੰਡ ਗਏ ਧਾਇ।
ਮਿਸਟਰ ਕਾਵਨ ਗੋਰੇ ਨੇ, ਲਈ ਸੀ ਫੌਜ ਹਟਾ।
ਕਥਾ ਕੂਕਿਆਂ ਦੇ ਚੱਕ ਦੀ, ਬਿਸ਼ਨ ਸਿੰਘ ਕਹੇ ਸੁਣਾ।

★

ਰਿਆਸਤ ਕੋਟਲੇ ਦੇ ਨਾਮਧਾਰੀਏ

ਜਿਸ ਪਿੰਡ ਵਿਚ ਸਿੰਘ ਸਨ, ਪਕੜੇ ਸਿੰਘ ਤਮਾਮ।
ਪਾਵੰਦ ਕਰੇ ਗਏ ਸੀ, ਰਿਆਸਤ ਦੇ ਜੋ ਗਾਮ।
ਕੰਗਨਵਾਲ ਦਾ ਕਰਮ ਸਿੰਘ, ਰਾਮਗੜ੍ਹੀਆ ਬੀਰ।
ਜੇਹਲ ਵਿਚ ਕੀਤਾ ਤੰਗ ਸੀ, ਕੋਟਲੇ ਛਡਿਆ ਸਰੀਰ।
ਸੈਨ੍ਹ ਪੁਰ ਦਾ ਦੇਵਾ ਸਿੰਘ, ਹੈ ਸੀ ਜ਼ਿਮੀਂਦਾਰ।
ਪਕੜਨੇ ਆਏ ਪੁਲਸੀਏ, ਮਸਤਾਨਿਆਂ ਦਾ ਸੀ ਯਾਰ
ਹੋ ਗਿਆ ਉਹ ਉਡਾਰ ਸੀ, ਕੀਤੀ ਜਪਤ ਜਮੀਨ।
ਰਿਆਸਤ ਕੋਟਲੇ ਵਿਚ ਜੋ, ਇਹੋ ਹੋਇਆ ਸੀਨ।

ਕਿਲਾ ਰੈਪੁਰ ਤੋਂ ਕਾਹਲਾ ਸਿੰਘ, ਗਰੇਵਾਲ ਸਰਦਾਰ
ਕੈਦ ਕੀਤਾ ਸੀ ਉਸ ਨੂੰ. ਗੋਰੀ ਸੀ ਸਰਕਾਰ।
ਬੀਰ ਸਿੰਘ ਖਟੜੇ ਪਿੰਡ ਤੋਂ, ਪਕੜਿਆ ਚੁਪਾਹੀਆਂ ਆ
ਬਾਗੀਆਂ ਸਿੰਘਾਂ ਦਾ ਸਾਥ ਸੀ, ਦਿਤਾ ਜੇਲ ਪੁਚਾ।
ਪਰੇਮ ਸਿੰਘ ਪਖੋਵਾਲ ਦਾ, ਮਸਤਾਨਿਆਂ ਦਾ ਸੀ ਸੰਗ
ਪਕੜਨ ਗੋਰੇ ਆਏ ਸੀ, ਹੋ ਗਿਆ ਉਹ ਪਤੰਗ।
ਘਰ ਬਾਰ ਜ਼ਮੀਨ ਸਭ, ਗੋਰਿਆਂ ਕਰੀ ਨੀਲਾਮ।
ਹੱਥ ਨਾ ਆਇਆ ਗੋਰਿਆਂ, ਕਥਾ ਮਸ਼ਹੂਰ ਹੈ ਆਮ।
ਕੂਕਾ ਹਰ ਇਕ ਪਿੰਡ ਤੋਂ, ਪਕੜਿਆ ਕੀਤਾ ਤੰਗ।
ਬਾਗੀ ਕੂਕੇ ਬਿਸ਼ਨ ਸਿੰਘ, ਹਰ ਪਿੰਡ ਤੋਂ ਨਜਰਬੰਦ।

★

ਕਵੀ

ਬੈਂਤ

ਮਸਤਾਨੇ ਕੋਟਲੇ ਸਿੰਘ ਸ਼ਹੀਦ ਹੋ ਗਏ,
ਸਤਿਗੁਰੂ ਰਾਮ ਸਿੰਘ ਜੀ ਗ੍ਰਿਫਤਾਰ ਕੀਤੇ।
ਜਵਾਹਰ ਸਿੰਘ ਸੂਬਾ ਲੱਖਾ ਸਿੰਘ ਸੂਬਾ,
ਸਾਹਬ ਸਿੰਘ ਬਾਬਾ ਬੰਦ ਵਾਰ ਕੀਤੇ।
ਬਰਮਾ ਸਿੰਘ ਸੂਬਾ, ਹੁਕਮਾ ਸਿੰਘ ਸੂਬਾ,
ਮਾਨ ਸਿੰਘ ਤੇ ਰੂੜ ਸਿੰਘ ਸਾਰ ਕੀਤੇ।
ਮਲੂਕ ਸਿੰਘ ਸੂਬਾ ਬਾਬਾ ਕਾਹਨ ਸਿੰਘ ਜੀ,
ਪਕੜ ਗੋਰਿਆਂ ਨੇ ਸਭੇ ਤਿਆਰ ਕੀਤੇ।
ਪੰਜਾਬ ਦੇਸ਼ ਤੋਂ ਉਹਨਾਂ ਨੂੰ ਤੋਰ ਦਿਤਾ,
ਉਮਰ ਭਰ ਨਜਰ ਬੰਦ ਪ੍ਰਦੇਸ ਹੋ ਗਏ।
ਭਾਰਤ ਦੇਸ਼ ਅਜਾਦ ਕਰਾਉਣ ਬਦਲੇ,
ਬਿਸ਼ਨ ਸਿੰਘ ਕੂਕੇ ਉਧੇ ਦੇਸ਼ ਹੋ ਗਏ।

ਨੋਟ—ਸਿੰਘਾਂ ਨੂੰ ਸ਼ਹੀਦ ਕਰਾਉਣ ਦੇ ਬਾਅਦ ਦੇਸ਼ ਤੇ ਕੌਮ ਗਦਾਰਾਂ ਨੂੰ ਇਨਾਮ—

੧.	ਨਿਆਜ ਅਲੀ ਨਾਜਮ ਅਮਰਗੜ ਪਟਿਆਲਾ ਨੂੰ	੧੦੦੦
੨.	ਸ: ਪੰਜਾਬ ਸਿੰਘ ਦਰਵਾਨ ਰਾਮ ਨਗਰੀਆ ਨੂੰ	੩੦੦
੩,	ਜੈਮਲ ਮੁਕਬਰ ਰੜ ਪਿੰਡ ਦੇ ਨੂੰ	੨੦੦
੪.	ਮਸਤਾਨ ਅਲੀ ਕੋਟਲੇ ਦੇ ਨੂੰ	੧੦੦
੫.	ਰਤਨ ਸਿੰਘ ਕੋਟਲੇ ਦੇ ਨੂੰ	੫੦
੬.	ਗੁਲਾਬ ਸਿੰਘ ਕੋਟਲੇ ਦੇ ਨੂੰ	੫੦
੭,	ਪ੍ਰਤਾਪ ਸਿੰਘ ਕੋਟਲੇ ਦੇ ਨੂੰ	੫੦
੮,	ਉਤਮ ਸਿੰਘ ਠਾਣੇਦਾਰ ਸ਼ੇਰ ਪੁਰ ਵਾਲਾ	੫੦

ਇਹ ਸਾਰੇ ਇਨਾਮ ਕੋਟਲੇ ਦੇ ਖਜਾਨੇ ਵਿਚੋਂ ਦਿਤੇ ਗਏ। ਥਾਣੇਦਾਰ ਮੰਡੀ ਵਡੀ ਰਾਮਪੁਰ ਨਜਦੀਕ ਦਾ ਸੀ ਸੰਗਰੂਰ ਸਰਕਾਰ ਨੇ ਇਸ ਨੂੰ ਬਹੁਤ ਸਾਰੀ ਜਮੀਨ ਚੱਕ ਬਾਲੀਆਂ ਕਿਸ਼ਨ ਪੁਰ ਵਿਚ ਦਿਤੀ ਹੈ। ਜਿਸ ਨੇ ਭੁਯੰਗੀ ਬਿਸ਼ਨ ਸਿੰਘ ਨੂੰ ਕਤਲ ਕੀਤਾ ਸੀ ਹੀਰਾ ਨੰਦ ਸਿਪਾਹੀ ਨਾਭੇ ਦੇ ਨੂੰ ਠਾਣੇਦਾਰੀ ਪੈਨਸ਼ਨ ਦਿਤੀ ਗਈ।

* *

ਦੋਹਰਾ

ਸ੍ਰੀ ਸਤਿਗੁਰੂ ਜਗਜੀਤ ਸਿੰਘ, ਤੇਰਾ ਧਰਕੇ ਧਿਆਨ
ਕਥਾ ਸ਼ਹੀਦ ਦੀ ਪੂਰੀ ਕੀਤੀ, ਤੁਮ ਤੇ ਪਾ ਵਰਦਾਨ।

ਅੰਤਕਾ

ਜੀਵਨ ਵਤਨ ਦੀ ਖਾਤਰ ਕੁਰਬਾਨ ਕਰ ਗਏ,
ਸਿਦਕ ਮੁਰਸ਼ਦ ਤੇ ਸ਼ੇਖ ਫਰੀਦ ਦਾ ਦਿਲ।
ਸਦਾ ਅਮਰ ਅਟਲ ਜਹਾਨ ਹੋ ਗਏ,
ਜਿਵੇਂ ਅਰਸ਼ ਤੇ ਚੰਦ ਕੁਰਸ਼ੀਦ ਦਾ ਦਿਲ।

ਮੁਰਦੇ ਸੀਨਿਆਂ ਦੇ ਵਿਚ ਕਰਨ ਚਾਨਣ,
ਕੌਮੀ ਦੇਸ਼ ਤੇ ਭਗਤ ਸ਼ਹੀਦ ਦਾ ਦਿਲ।
ਫਾਂਸੀ ਤੋਪ ਤਲਵਾਰ ਤੇ ਚਰਖੜੀ ਤੋਂ,
ਭੈ ਖਾਵੇ ਨਾ ਕਦੇ ਸ਼ਹੀਦ ਦਾ ਦਿਲ।
ਮਸਤਾਨੇ ਕੋਟਲੇ ਵਿਚ ਸ਼ਹੀਦ ਹੋ ਗਏ,
ਖੋਜ ਨਾਲ ਹੈ ਲਿਖ ਪ੍ਰਸੰਗ ਕੀਤਾ।
ਸਤਿ ਸ੍ਰੀ ਅਕਾਲ ਹੈ ਬਿਸ਼ਨ ਸਿੰਘ ਦੀ,
ਮੇਰੀ ਕਲਮ ਨੇ ਲਿਖਣਾ ਬੰਦ ਕੀਤਾ।

*
*

ਇਤੀ ਸੰਪੂਰਨ

ਬਿਕਰਮ ੧੯੯੦ ਵਿਚ ਉਲੀਕਿਆ ਹੋਇਆ ਅਤੇ ਪ੍ਰਕਾਸ਼ਤ ੨੦੨੯ ਦਸਤਖਤ ਬਿਸ਼ਨ ਸਿੰਘ ਹਿਸਟੋਰੀਅਨ, ਨੰਗਲ ਨਿਝਰ ਹੁਣ ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ।

ਮੰਗਾਉਣ ਦਾ ਪਤਾ:—
ਗਿਆਨੀ ਬੂਟਾ ਸਿੰਘ ਦਮਦਮਾ, ਡਾਕਖਾਨਾ ਖਾਸ,
ਜ਼ਿਲਾ ਹਿਸਾਰ।



ਕੋਟਲੇ ਵਿਚ ਹੋਏ ਸਿੰਘ ਸ਼ਹੀਦਾਂ ਦੀ ਜਾਨਕਾਰੀ

ਨਾਮ	ਪਿਤਾ ਦਾ ਨਾਂ	ਮਾਤਾ	ਉਮਰ	ਗੋਤ	ਪਿੰਡ	ਜਿ: ਜਾਂ ਰਿਆਸਤ	
ਸ: ਹੀਰਾ ਸਿੰਘ ਜੀ	ਕਾਹਨ ਸਿੰਘ	ਮਤਾਬ ਕੌਰ	੨੮	ਗਰੇਵਾਲ	ਸਕਰੋਦੀਆਂ	ਰਿਆਸਤ ਨਾਭਾ	
ਸ. ਲਹਿਣਾ ਸਿੰਘ ਜੀ	ਮਤਾਬ ਸਿੰਘ	ਦਾਨ ਕੌਰ	—	,,	,,	,,	ਨਾਮਧਾਰੀ
ਸ. ਅਨੂਪ ਸਿੰਘ ਜੀ	ਪੰਜਾਬ ਸਿੰਘ	ਕਾਹਨ ਕੌਰ	੨੭	,,	,,	,,	,,
ਭਾ: ਮਿੱਤ ਸਿੰਘ ਜੀ	ਭੈਂਕਰ	ਸੂਟੀ	੨੫	ਮਜ਼ਹਬੀ	,,	,,	,,
ਸ. ਅਤਰ ਸਿੰਘ ਜੀ	—	—	੩੦	—	ਧਨੋਲਾ	,,	,,
ਸ. ਕਟਾਹਰ ਸਿੰਘ	—	—	੨੫	—	,,	,,	,,
ਸ. ਪਰਜਾ ਸਿੰਘ	ਦਾਨ ਸਿੰਘ	—	੨੫	—	ਗੁਰੂਸਰ	,,	—
ਸ. ਧਿਆਨ ਸਿੰਘ	ਭਗਵਾਨ ਸਿੰਘ	—	੨੫	ਰੈਹਲ	ਭੱਦਲ ਥੂਹਾ	,,	—
ਸ. ਰਤਨ ਸਿੰਘ	,,	—	੨੨	,,	,,	,,	—
ਸ. ਸੋਭਾ ਸਿੰਘ ਜੀ	ਵੀਰ ਸਿੰਘ	ਚੰਦ ਕੌਰ	੨੭	,,	,,	,,	—
ਸ. ਭੂਪ ਸਿੰਘ ਜੀ	ਦਿਆਲਾ	—	੨੧	ਰਾਜਪੂਤ	ਦਿਆਲ ਗੜ੍ਹਛੀਟਾਂ ਵਾਲੇ ਪਾਸ		,,
ਸ: ਅਤਰ ਸਿੰਘ ਜੀ	ਹਾਤਾ ਸਿੰਘ	—	—	,,	,,	,,	,,
ਸ. ਨਿੱਕਾ ਸਿੰਘ ਜੀ	ਹਾਤਾ ਸਿੰਘ	—	੧੯	,,	,,	,,	,,
ਸ. ਗੁਜਰ ਸਿੰਘ ਜੀ	ਕਾਹਨ ਸਿੰਘ	ਗੁਜਰੀ	੨੪	ਸ਼ੇਰਗਿੱਲ	ਹਰੀਪੁਰ	,,	,,

ਨਾਂ	ਪਿਤਾ	ਮਾਤਾ		ਗੋਤ	ਪਿੰਡ	
ਸ. ਹਰਨਾਮ ਸਿੰਘ	ਸ਼ੇਰ ਸਿੰਘ	ਮਾਲਣ	੧੯	ਝੱਲੀ	„	„
ਮ. ਸੱਦਾ ਸਿੰਘ	ਹਰੀ ਸਿੰਘ	-	-	ਧਾਲੀਵਾਲ	ਰੜ	„
ਸ. ਅੱਤਰ ਸਿੰਘ ਜੀ	ਹਰੀ ਸਿੰਘ	-	-	„	ਰੜ	„
ਸ. ਹਰਨਾਮ ਸਿੰਘ	„	-	-	„	ਰੜ	ਸਕੇ ਭਰਾ ਗੁਮਟੀ -
ਸ. ਹੀਰਾ ਸਿੰਘ	„	-	-	„	ਰੜ	ਵਾਲੇ ਸਦਾਰਾਂ ਵਿਚੋਂ -
ਭਾ. ਬਿਸ਼ਨ ਸਿੰਘ ਭੁਜੰਗੀ	ਚੜ੍ਹਤ ਸਿੰਘ	ਰਾਏਕੌਰ	੧੨	ਰਾਮਗੜ੍ਹੀਆ	„	„ ਤਲਵਾਰ ਸ਼ਹੀਦਹੋਯਾ
ਸ. ਨਰੈਣ ਸਿੰਘ ਜੀ	ਮਤਾਬ ਸਿੰਘ	ਖੇਮ ਕੌਰ	੨੨	ਧਾਲੀਵਾਲ	„	„ „
ਸ. ਗੁਰਦਿਤ ਸਿੰਘ	ਮਤਾਬ ਸਿੰਘ	„	੧੯	„	„	„ ਸਕੇ ਭਰਾ „
ਭੁਜੰਗੀ ਹਰਨਾਮ ਸਿੰਘ	„	„	੯	„	„	ਹਰਨਾਮ ਸਿੰਘ ਮਾਮੇ ਦੀ ਪਿੱਠ ਤੇ ਚਾੜ੍ਹ ਕੇ ਸ਼ਹੀਦ
ਸ: ਭਗਤ ਸਿੰਘ	ਵੀਰ ਸਿੰਘ	—	੨੬	ਢੱਡੇ	ਕਾਂਜਲਾ ਧੂਰੀ ਪਾਸ ਹੈ	ਸੰਗਰੂਰ
ਸ: ਜੈਮਣ ਸਿੰਘ	„	—	—	ਮਠਾੜੂ	„ „	ਸੰਗਰੂਰ
ਸ: ਹਰਨਾਮ ਸਿੰਘ	ਰੈ ਸਿੰਘ	—	੨੨	ਭੁੱਲਰ	ਮੰਡੀ ਬੱਡੀ (ਰਾਮ ਪੁਰਾ ਫੂਲ ਦੇ ਪਾਸਹੈ	
ਸ: ਖੜਕ ਸਿੰਘ	—	—	੨੩	—	ਗੱਗੜ ਪੁਰ ਸੰਗਰੂਰ ਰਿਆਸਤਪ੍ਰਵਾਰਹੈ	
ਸ: ਪਰੇਮ ਸਿੰਘ	—	—	੨੦	—	„ „	„
ਸ: ਫਤਿਹ ਸਿੰਘ	—	—	—	—	ਵਾਲੀਆਂ ਕੱਟੂ	„

ਨਾਂ	ਮਾਤਾ	ਪਿਤਾ		ਗੋਤ	ਪਿੰਡ		
ਸ. ਨਰੈਣ ਸਿੰਘ ਜੀ	–	–	–	–	ਗਿੱਲ (ਰਾਮਪੁਰ ਮੰਡੀ ਦੇ ਕੋਲ		–
ਭਾ. ਹਰਨਾਮ ਸਿੰਘ	ਰਾਮਚੰਦ	ਬਿਸ਼ਨੀ	੨੦	ਸੁਨਿਆਰਾ	,,	,,	,,
ਭਾ. ਕ਼ੇਸਰ ਸਿੰਘ ਜੀ	ਧਿਆਨ ਸਿੰਘ	–	੨੨	ਕੌਂਥ ਟਾਂਕਸ਼ਤਰੀ	,,	,,	ਨਾਮਧਾਰੀ
ਜਥੇਦਾਰ ਨੰਦ ਸਿੰਘ	ਕਰਮ ਸਿੰਘ	–	੨੭	ਬੁਬਾਣੀ,	ਜੱਟਹੰਡਆਇਆ	ਪਟਿਆਲਾ	–
ਸ. ਉਧਮ ਸਿੰਘ ਜੀ	ਹੀਰਾ ਸਿੰਘ	–	–	ਜੱਟ ਸਿੱਧੂ	,,	,,	×
ਸ. ਸ਼ਾਮ ਸਿੰਘ	–	–	–	ਚੇਹਲ	ਜੋਗਾ (ਰੱਲਾ)	,,	ਪ੍ਰਵਾਰ ਹੈ
ਸ. ਜਵਾਹਰ ਸਿੰਘ ਜੋਗਾ	–	–	–	,,	ਜੋਗਾ	,,	,,
ਸ. ਸੱਦਾ ਸਿੰਘ ਜੀ	–	-	–	,,	ਜੋਗਾ	,,	,,
ਸ, ਕਾਲਾ ਸਿੰਘ ਜੀ	—	–	–	,,	ਦਿਆਲਪੁਰ ਕੋਟਲਾ	,,	,,
ਸ. ਖਜ਼ਾਨ ਸਿੰਘ ਜੀ	ਪੰਜਾਬ ਸਿੰਘ	ਰਾਮੋ	੨੨	ਭੇਗੂ	ਫਲੇੜਾ	,,	ਪ੍ਰਵਾਰ ਹੈ
ਸ. ਵਰਿਆਮ ਸਿੰਘ ਜੀ	–	–	–	ਧਾਲੀਵਾਲ	ਮੂਮਾ	,,	,,
ਸ. ਬੀਰ ਸਿੰਘ ਜੀ	–	-	–	–	ਰੰਗੀਆਂ, ਬਰਨਾਲੇ ਪਾਸ	ਪਟਿਆਲਾ	,,
ਭਾ. ਨਰੈਣ ਸਿੰਘ	—	-	–	–	,,	,,	ਨਾਮਧਾਰੀ
ਸ. ਨੱਥਾ ਸਿੰਘ	ਹਮੀਰ ਸਿੰਘ	ਅਤਰ ਕੌਰ	੨੨	ਸੰਧੂ	ਬਰਨਾਲਾ	,,	] ਪਰਵਾਰ ਹੈ
ਸ. ਵਰਿਆਮ ਸਿੰਘ	,,	,,	,,	,,	,,	,,	] ਜੋੜੇ ਪੁਤ੍ਰਸਨ
ਸ. ਰਤਨ ਸਿੰਘ ਜੀ	-	-	-	ਘੁਮਿਆਰ ਖੰਭ	ਧਮੋਟ	,,	,,

ਨਾਂ	ਪਿਤਾ	ਮਾਤਾ		ਗੋਤ	ਪਿੰਡ		
ਸ: ਜਵਾਹਰ ਸਿੰਘ	—	—	—	—	ਵਾਲੀਆਂ		
ਸ: ਅਲਬੇਲ ਸਿੰਘ	—	—	—	—	,,	,,	
ਭਾਈ ਅਤਰ ਸਿੰਘ	ਹਰੀ ਰਾਮ	ਦਾਖਾਂ	—	ਰਵਿਦਾਸੀਆ	,,	,,	
ਫਤੇ ਸਿੰਘ	,,	,,	—	,,	ਕੋਟਲਾ	ਕੋਟਲਾ	
ਜਥੇਦਾਰ ਗੁਰਮੁਖ ਸਿੰਘ	ਕਰਮ ਸਿੰਘ	ਹਰ ਕੌਰ	੨੬	ਬੇਬਾਣੀਆਂ	ਫਰਵਾਹੀ	,,	
ਸ: ਗੁਰਦਿੱਤ ਸਿੰਘ	,,	,,	੨੨	,,	,,	,,	
ਸ: ਬੇਲਾ ਸਿੰਘ	ਕੇਹਰ ਸਿੰਘ	—	੨੨	,,	,,	,,	
ਸ: ਭੂਪ ਸਿੰਘ	ਦਲੇਲ ਸਿੰਘ	—	੨੩	,,	,,	,,	
ਸ: ਖੜਗ ਸਿੰਘ	ਚੂੜ੍ਹ ਸਿੰਘ	—	੨੩	,,	,,	,,	
ਸ: ਧਿਆਨ ਸਿੰਘ	ਦਿਆਲ ਸਿੰਘ	—	੨੨	ਗਿੱਲ ਨਾਨਕੇ ਪਿੰਡ	ਚੱਕ ਪਿੰਡ	,,	
ਸ: ਨਰੈਣ ਸਿੰਘ		—	੨੪	ਚੂੰਗ	ਚੂੰਗ	,,	
ਸ: ਵਰਿਆਮ ਸਿੰਘ	ਹਮੀਰ ਸਿੰਘ	—	੨੪	ਸਿੱਧੂ	ਮਹਿਰਾਜ	ਜ਼ਿਲਾ ਫੀਰੋਜ਼ਪੁਰ	ਕੱਦ ਸਧਰਾ ਸੀ
ਸ: ਮੋਗਾ ਸਿੰਘ	—	—	—	ਸਿੱਧੂ	,,	,,	
ਸ: ਜੋਧਾ ਸਿੰਘ	—	—	—	ਸਿੱਧੂ	,,	,,	
ਸ: ਅਤਰ ਸਿੰਘ	—	—	—	ਸਿੱਧੂ	,,	,,	
ਸ: ਸੱਦਾ ਸਿੰਘ	—	—	—	ਸਿੱਧੂ	,,	,,	

ਮਾਂ	ਪਿਤਾ	ਮਾਤਾ		ਗੋਤ	ਪਿੰਡ	
ਸ: ਜਗਤ ਸਿੰਘ	ਪੰਜਾਬ ਸਿੰਘ	—	—	ਸਿੱਧੂ	ਗੰਜੀ (ਬਾਘੇ ਪੁਰਾਣੇ ਦੇ ਨਜ਼ਦੀਕ)	
ਸ: ਉਤਮ ਸਿੰਘ	ਬਾਘਾ	ਰੇਸ਼ਮਾਂ	੨੨	ਵਿਰਕ	ਰੁੜਕਾ ਲੁਧਿਆਣਾਢਾਬ ਡੇਹਲੋਂ	ਸਕੇ ਭਰਾ
ਸ: ਚੜ੍ਹਤ ਸਿੰਘ	,,	,,	੧੯	,,	,,	
ਸ: ਸਹੇਲ ਸਿੰਘ	ਨੱਥੋ ਰਾਮ ਚੌਧਰੀ	—	—	ਬੜੈਚ	ਲਹਿਰਾ ,, ਡੇਹਲੋਂ ਪਾਸ	
ਸ: ਮਾਗ ਸਿੰਘ	—	—	—	ਚਾਓ	,, ,,	
ਸ. ਹਜ਼ਾਰਾ ਸਿੰਘ	—	—	—	ਚਾਓ	,, ,,	
ਸ. ਵੀਰ ਸਿੰਘ	—	—	—	ਚਾਓ	,, ,,	
ਭਾਈ ਪਰੇਮ ਸਿੰਘ	ਮਨਸ਼ਾ ਰਾਮ	ਮੰਗਲਾਂ	੩੫	ਮਜ਼ਬੀ ਸਿੱਧੂ	ਪੀਰ ਦਾ ਕੋਟ (ਮਾਨਸਾ ਮੰਡੀ ਕੋਲ)	
ਭਾਈ ਜੀਵਨ ਸਿੰਘ	ਕਾਕਾ ਰਾਮ	—	—	ਰਤਨਟਾਂਕ ਛੱਤ੍ਰੀ	ਬੱਲੋ (,,) ਅੰਸ ਬੰਸ ਨਾਭੇ ਵਿਚ)	
ਭਾਈ ਮੀਹਾਂ ਸਿੰਘ	ਰਾਮ ਧੰਨ	ਕਰਮੋ	—	ਐਨਗੜ੍ਹ ਰਾਮਗੜ੍ਹੀਆ	ਲਤਾਲਾ	ਸਕੇ ਭਾਈ
ਭਾਈ ਗੁਰਮੁਖ ਸਿੰਘ	,,	,,	—	,,	,,	
ਭਾਈ ਕਾਹਨ ਸਿੰਘ ਜੀ	—	—	—	ਰਾਮਗੜ੍ਹੀਆ (ਦਿਉ ਗਨ)	ਸੰਗੋਵਾਲ ਲੁਧਿਆਣਾ	
ਮਹੰਤ ਸੋਭਾ ਸਿੰਘ ਜੀ	ਕ੍ਰਿਪਾਲ ਸਿੰਘ	—	—	ਜੱਟ	ਰੱਬੋਂ ਲੁਧਿਆਣਾ	
ਸ. ਵਰਿਆਮ ਸਿੰਘ ਜੀ		—	—	ਜੱਟ	ਰੱਬੋਂ ਲੁਧਿਆਣਾ	
ਭਾਈ ਨੱਥਾ ਸਿੰਘ ਜੀ	—	—	—	ਝੀਉਂਟ ਰਾਮਗੜ੍ਹੀਆ	ਲੁਧਿਆਣਾਂ	
ਭਾਈ ਸੁਜਾਨ ਸਿੰਘ	ਬੂਝਾ ਰਾਮ	—	—	,,	ਲੁਧਿਆਣਾ	

ਨਾਂ	ਪਿਤਾ	ਮਾਤਾ		ਗੋਤ	ਪਿੰਡ	
ਭਾਈ ਖਜਾਨ ਸਿੰਘ	ਛੱਜੂ ਰਾਮ	—	—	,,	ਲੁਧਿਆਣਾ	
ਭਾਈ ਵਜ਼ੀਰ ਸਿੰਘ	ਮੱਟੂ	ਰੱਖੀ	ਰਹਿਤੀਏ	,,	ਲੁਧਿਆਣਾ	]
ਭਾਈ ਸੇਡਾ ਸਿੰਘ	,,	,,	,,	,,	ਲੁਧਿਆਣਾ	] ਸਕੇ ਭਾਈ
ਭਾਈ ਬੇਲਾ ਸਿੰਘ	ਦਮੋਦਰ	,,	,,	,,	ਲੁਧਿਆਣਾ	]
ਸ: ਨਰੈਣ ਸਿੰਘ ਜੀ	,,	,,	,,	,,	ਛੰਨਾਂ (ਨਜ਼ਦੀਕ ਰਾਏ ਕੋਟ)	
ਸ: ਨੰਦ ਸਿੰਘ	—	—	—	ਰਾਜਪੂਤ	ਬੀੜ ਕਾਹਨ ਸਿੰਘ ਵਾਲਾ (ਬਠਿੰਡਾ)	
ਸ: ਭਾਗ ਸਿੰਘ	—	—	—	,,	,, ,,	
ਭਾਈ ਨਰੈਣ ਸਿੰਘ	ਸਾਉਣ ਸਿੰਘ	—	—	—	(ਬਾਣੀਏ) ਭੀਖੀ ਅਗਰ ਵਾਲ(ਮਾਨਸਾ ਮੰਡੀ ਪਾਸ)	
ਸ: ਗੋਰਖਾ ਸਿੰਘ	ਮਸਤਾਨਾ,,	—	—	—	ਭੈਣੀ ਸਾਹਿਬ	
ਭਾਈ ਅਤਰ ਸਿੰਘ]		—	—	—	ਰੁੜਕਾਂ ਡੇਹਲੋਂ	,,
ਸ: ਰਾਮ ਸਿੰਘ		—	—	—	ਬਲਾੜੀ ਅੰਬਾਲੇ ਪਾਸ	

ਏਹ ਖੋਜ ਲੇਖਕ ਵਲੋਂ ਬਿ. ੧੯੯੦ ਤੀਕਰ ਕੀਤੀ ਗਈ ਹੈ। ਖੋਜ ਜਾਰੀ ਹੈ। ਜੇਕਰ ਕਿਸੇ ਸਜਣ ਪਾਸ ਨਾਮਧਾਰੀ ਸ਼ਹੀਦਾਂ ਦੀ ਸ਼ਹੀਦੀ ਬਾਰੇ ਵਾਕਫੀ ਹੋਵੇ ਤਾਂ ਕਿਰਪਾ ਕਰਕੇ ਸੂਚਨਾ ਲੇਖਕ ਦੇ ਪਤੇ ਉਪਰ ਘੱਲੋ। ਅਗਲੀ ਐਡੀਸ਼ਨ ਵਿਚ ਧੰਨਵਾਦ ਸਹਿਤ ਪ੍ਰਕਾਸ਼ਤ ਕੀਤੀ ਜਾਵੇਗੀ।

ਲਾਟ ਹਿੰਦ ਲਾਹੌਰ ਦਾ ਐਲਾਨ

ਨੋ ਕੂਕਾ ਸਿਖ ਕੈਨ ਐਂਟਰ ਬੀ ਲਾਇਲ ਟੂ ਦੀ ਬ੍ਰਿਟਸ਼ ਗੌਰਮਿੰਟ।'

ਭਾਵ ਕੋਈ ਕੂਕਾ ਸਿਖ ਕਦੀ ਅੰਗਰੇਜ ਦਾ ਵਫਾਦਾਰ ਨਹੀਂ ਹੋ ਸਕਦਾ।

ਕੋਟਲੇ ਦੇ ਸਾਕੇ ਮਗਰੋਂ ਕੈਦ ਵਿਚ

੧. ਭਾਈ ਵੀਰ ਸਿੰਘ ਜੀ ਖੱਟੜੇ	੯ ਮਹੀਨੇ ਕੈਦ ਬਾਮੁਸ਼ੱਕਤ		
੨. ਭਾਈ ਰਾਇ ਸਿੰਘ ਜੀ ਖੱਟੜੇ	੯ ਮਹੀਨੇ ਕੈਦ ਬਾਮੁਸ਼ੱਕਤ		
੩. ਸ. ਜੈਮਲ ਸਿੰਘ ਜੀ ਕਿਲ੍ਹਾ ਰਾਇ ਪੁਰ	੧ ਸਾਲ ਕੈਦ ਬਾਮੁਸ਼ੱਕਤ		
੪ ਸ. ਦਰਬਾਰਾ ਸਿੰਘ ਜੀ ਕਿਲ੍ਹਾ ਰਾਇ ਪੁਰ	੫ ਮਹੀਨੇ ਕੈਦ	,,	
੫. ਸ. ਕਾਹਲਾ ਸਿੰਘ ਜੀ	,,	੬ ਮਹੀਨੇ ਕੈਦ	,,
੬. ਭਾਈ ਲਾਲ ਸਿੰਘ ਜੀ ਸਿਆੜ		੫ ਮਹੀਨੇ ਕੈਦ	,,
੭. ਸ. ਮਤਾਬ ਸਿੰਘ ਜੀ ਪਿੰਡ ਲੋਹਗੜ		੯ ਮਹੀਨੇ ਕੈਦ	,,
੮. ਸੂਬਾ ਦੇਵਾ ਸਿੰਘ ਜੀ ਲਾਹੌਰ		੨ ਮਹੀਨੇ ਕੈਦ	,,
੯. ਮਿਸਤਰੀ ਨਰਾਤਾ ਸਿੰਘ ਜੀ ਮਿੰਟਗੁਮਰੀ		੧ ਸਾਲ ਕੈਦ	,,
੧੦. ਮਿਸਤ੍ਰੀ ਬੂਟਾ ਸਿੰਘ ਜੀ ਲਤਾਲਾ ਪਿੰਡ		੧ ਮਹੀਨਾ ਕੈਦ	,,
੧੧. ਭਾਈ ਸੰਤ ਸਿੰਘ ਜੀ ਖੱਗੀਆਂ (ਪਿੰਡ)		੬ ਮਹੀਨੇ ਕੈਦ	,,
੧੨. ਸ. ਉਤਮ ਸਿੰਘ ਜੀ		੬ ਮਹੀਨੇ ਕੈਦ	,,
੧੩. ਸ. ਚੂਹੜ ਸਿੰਘ ਜੀ ਰਾਏ ਸਰ		੨ ਮਹੀਨੇ ਕੈਦ	,,

੧੪. ਬਾਬਾ ਸੱਦਾ ਸਿੰਘ ਜੀ ਫਰਵਾਹੀ ਦੇ ਤੇ ਕੁਝ ਉਹਨਾਂ ਦੇ ਜਥੇ ਦੇ ਸਾਥੀ ਸਿੰਘ ਜਿਹੜੇ ਕਿ ਮਲੇਰ ਕੋਟਲੇ ਦੇ ਸਾਕੇ ਵਿਚ ਬਤੌਰ ਸ਼ੱਕੀ ਫੜੇ ਗਏ ਸਨ ਪਟਿਆਲੇ ਵਿਚ ਨਜਰਬੰਦ ਕੀਤੇ ਗਏ।

੧੫. ਰਾਮਗੜੀਆ ਦੇਵਾ ਸਿੰਘ ਤੇ ਸ਼ੰਕਰ ਸਿੰਘ ਲੋਪੋਕੇ ਜ਼ਿਲਾ ਅੰਮ੍ਰਿਤਸਰ ੧ ਮਹੀਨਾ ਕੈਦ।

ਸ਼ਾਹੀ ਕੈਦੀ



ਸਰਦਾਰ ਧੌਂਕਲ ਸ਼ਿੰਘ ਜੀ ਜਿਲਾ ਲੁਧਿਆਣਾ ੧੯੩੧ ਨੂੰ ਕਿਲ੍ਹਾ ਰਾਇ ਪੁਰੋਂ ਪਿੰਜਰੇ ਬੰਦ ਕਰ ਕਾਲੇ ਪਾਣੀ ਸਾਰੀ ਉਮੰਰ ਕੈਦ ਕੀਤੇ ਗਏ। ਜਮੀਨ ਜਬਤ, ਘਰ ਨੀਲਾਮ ਕਰਕੇ ਅੰਗਰੇਜਾਂ ਨੇ ਸਰਦਾਰ ਦੇ ਭਾਈ ਕਾਲਾ ਸਿੰਘ ਜੀ ਤੇ ਮਸਤਾਨਾ ਦੋਵੇਂ ਭਾਈ ਬੇਦਖਲ ਕਰੇ ਹੋਏ ਦੇਸ ਖਾਤਰ ਤੇ ਧਰਮ ਖਾਤਰ ਸਰਬੰਸ ਕੁਰਬਾਨ ਕਰ ਗਏ। ਸ. ਧੌਂਕਲ ਸਿੰਘ ਜੀ ੧੯੫੦ ਵਿਚ ਕਾਂਲੇ ਪਾਣੀ ਸਰੀਰ ਤਿਆਗ ਗਏ।

—o—

ਨਾਮਧਾਰੀ ਪ੍ਰਸੰਗ ਪ੍ਰਕਾਸ਼ਤ ਮਿਲਣ ਦੇ ਪਤੇ

ਵੈਦਰਾਜ ਗਿਆਨੀ ਬੂਟਾ ਸਿੰਘ ਘੜੀ ਸਾਜ਼ ਦਮਦਮਾ ਜਿਲਾ ਹਿਸਾਰ।

ਸੰਤ ਭੂਪ ਸਿੰਘ ਅਜੈਬ ਸਿੰਘ ਨਾਮਧਾਰੀ ਟੇਲਰਜ਼, ਮੰਡੀ ਡੱਬਵਾਲੀ ਹਿਸਾਰ।

ਭਾਈ ਗੁਰਦਿਆਲ ਸਿੰਘ ਤੇ ਜੰਗ ਸਿੰਘ ਜੀ ਜਿਲਾ ਗੰਗਾ ਨਗਰ, ਮੈੜੀ ਗੂਗਾ ਪਰੇਮ ਨਗਰ।

ਭਾਈ ਬੀਰ ਸਿੰਘ ਤੇ ਪਰੀਤਮ ਸਿੰਘ ਜੀ ਕੁਤਬ ਫਰੋਸ਼ ਛੋਟਾ ਨੰਗਲ ਜਿਲਾ ਲੁਧਿਆਣਾ।

ਸੰਤ ਫਤੇਹ ਸਿੰਘ ਆਜਾਦ, ਐਡੀਟਰ ਸੀਮਾਂ ਦੀਪ, ਡੱਬ ਵਾਲੀ।

ਮਾਸਟਰ ਕਿਰਪਾਲ ਸਿੰਘ ਤੇ ਅਟੱਲ ਸਿੰਘ ਕੂਕਾ, ਜਿਲਾ ਹਿਸਾਰ ਗਾਂਧੀ ਚੌਂਕ ਡੱਬਵਾਲੀ ਰੋਡ।

ਬਲਦੇਵ ਸਿੰਘ ਪਖੋ, ਪ੍ਰਧਾਨ ਨਾਮਧਾਰੀ, ਵਿਦਿਅਕ ਜਥਾ ਅੰਮ੍ਰਿਤਸਰ, ਸੁਲਤਾਨ ਵਿੰਡ ਨਾਮਧਾਰੀ ਧਰਮਸਾਲਾ।

ਜੀਤਾ ਸਿੰਘ ਰਾਜ ਦਰਬਾਰ ਸਿੰਘ ਟੇਲਰ ਸ੍ਰੀ ਭੈਣੀ ਸਾਹਿਬ ਜਿਲਾ ਲੁਧਿਆਣਾ।

ਗੁਰਬਖਸ਼ ਸਿੰਘ ਰਣਜੀਤ ਸਿੰਘ ਮਿਸਤ੍ਰੀ ਸਲਾਈ ਮਸ਼ੀਨ ਵਰਕਸ਼ਾਪ ਗੰਗਾ ਨਗਰ।

★

ਅਣਛਪੇ ਨਾਮਧਾਰੀ ਸਬੰਧਤ ਪ੍ਰਸੰਗ

੧. ਕੈਦੀ ਕੂਕੇ।
੨. ਕੂਕੇ ਦੀ ਕਿਰਪਾਨ।
੩. ਕੂਕੇ ਦੀ ਤਲਵਾਰ।
੪. ਗਾਗਰ ਵਿਚ ਸਾਗਰ।
੫. ਜੋਤ ਦਾ ਜਾਮਾ।
੬. ਅੜਬੰਗੀ ਦਾ ਖੂੰਡਾ।
੭. ਸੰਤ ਖਾਲਸਾ ਪੰਥ ਭਰਵਾਕਰ।
੮, ਟਹਿਕਦੇ ਫੁੱਲ।
੯, ਪਰਾਣੇ ਤੀਰ ਤੇ ਨਵੇਂ ਸ਼ਿਕਾਰੀ।
੧੦. ਮੁਕਰਰ ਸਿਰ ਸੇ ਜੁਤੀ।
੧੧. ਗੁਰਮਤ ਅਨੰਦ।
੧੨. ਦੋ ਗਦਰੀ ਕੂਕੇ।

★

ਦਾਨੀ ਸਜਣਾਂ ਦੀ ਸਹਾਇਤਾ ਨਾਲ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਤੇ
ਮਹਾਰਾਜ਼ ਬਾਬਾ ਬੀਰ ਸਿੰਘ ਜੀ ਦੇ ਹੁਕਮ ਸਦਕਾ
ਪ੍ਰਕਾਸਤ ਕੀਤੇ ਜਾਣਗੇ
ਸਗਤਾਂ ਉਡੀਕ
ਰਖਣ।

ਲੇਖਕ ਬਿਸ਼ਨ ਸਿੰਘ

ਲੇਖਕ ਦੀ ਕਲਮ ਦੇ ਪ੍ਰਕਾਸ਼ਤਕ
ਨਾਮਧਾਰੀ ਪਰਸੰਗ

੧. ਆਜ਼ਾਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ।
੨. ਬਾਗੀ ਕੂਕਾ।
੩. ਇਨਕਲਾਬੀ ਕੂਕਾ।
੪. ਰਾਇ ਕੋਟ ਦੇ ਸਹੀਦ।
੫, ਅਣਖੀ ਮੁਜਤਾਨੇ, ਸ਼ਹੀਦੀ ਸਾਕਾ ਮਲੇਰ ਕੋਟਲਾ।

*
*

ਗਿਆਨੀ ਕਾਹਲਾ ਸਿੰਘ ਦੀ ਰਚਨਾ

੧. ਸਾਕਾ ਅੰਮ੍ਰਿਤਸਰ।
੨. ਕੂਕੇ ਸਿਖ ਤੇ ਅੰਗਰੇਜ਼ ਰਾਜ।
੩. ਪੰਥ ਪ੍ਰਕਾਸ਼ ਨਾਮਧਾਰੀ ਸਿੰਘਾਂ ਦਾ।
੪. ਪੈਂਤੀਸ ਅੱਖਰੀ।
੫. ਸ੍ਰੀ ਭਗਤ ਨਾਮਦੇਵ ਪ੍ਰਕਾਸ਼।
੬. ਸ੍ਰੀ ਭਗਤ ਰਵਿਦਾਸ ਪ੍ਰਕਾਸ਼।

ਮੰਗਵੋਣ ਦਾ ਪਤਾ:—

ਵੈਦ ਗਿਆਨੀ ਬੂਟਾ ਸਿੰਘ ਘੜੀ ਸਾਜ਼

ਡਾ: ਦਮਦਮਾ, ਜ਼ਿਲਾ ਹਿਸਾਰ।